# PUNJAB VIDHAN SABHA

## DEBATES

*Wednesday, the 21st June, 2017*

**Vol. II– No. 6**

OFFICIAL REPORT

CONTENTS


| | |
|---|---|
| Starred Questions and Answers | (6) 1 |
| Walk out | (6) 4 |
| Starred Questions and Answers *(Resumption)* | (6) 4 |
| Walk out | (6) 38 |
| Starred Questions and Answers *(Resumption)* | (6) 38 |
| Written Answers to Starred Questions laid on the Table of the House under Rule 38 | (6) 51 |
| Unstarred Questions and Answers | (6) 75 |
| Announcement by the Speaker welcoming the | (6) 95 |



**Punjab Vidhan Sabha Secretariat, Chandigarh**

Price : Rs._________.

| | |
|---|---|
| Sardar Sukhdev Singh Dhindsa former Union Minister | |
| Matters raised during Zero Hour | (6) 95 |
| Calling Attention Notices Under Rule 66 | (6) 100 |
| Short adjournment of the House | (6) 105 |
| Short adjournment of the House again | (6) 105 |
| Short adjournment of the House once again | (6) 105 |
| Matters raised during Zero Hour *(Resumption)* | (6) 106 |
| Papers Laid on the Table of the House | (6) 107 |
| Motion reg. nomination of two members for the Panjab University senate | (6) 108 |
| General discussion on the Budget estimates for the Year 2017-18 | (6) 109 |
| Extension of time of the sitting of the House | (6) 154 |
| General discussion on the Budget estimates for the Year 2017-18 *(Resumption)* | (6) 154 |

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ | ਆਮ ਪ੍ਰਸ਼ਾਸਨ, ਪਰਸੋਨਲ, ਗ੍ਰਹਿ ਮਾਮਲੇ ਅਤੇ ਨਿਆਂ, ਚੌਕਸੀ ਅਤੇ ਹੋਰ ਸਾਰੇ ਵਿਭਾਗ ਜਿਹੜੇ ਕਿਸੇ ਹੋਰ ਮੰਤਰੀ ਨੂੰ ਨਹੀਂ ਦਿੱਤੇ ਗਏ |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਿਹਤ ਤੇ ਪਰਿਵਾਰ ਭਲਾਈ ਅਤੇ ਖੋਜ ਤੇ ਮੈਡੀਕਲ ਸਿੱਖਿਆ ਅਤੇ ਸੰਸਦੀ ਮਾਮਲੇ ਮੰਤਰੀ |
| 3. | ਸਰਦਾਰ ਨਵਜੋਤ ਸਿੰਘ ਸਿੱਧੂ | ਸਥਾਨਕ ਸਰਕਾਰ ਅਤੇ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ ਮੰਤਰੀ |
| 4. | ਸਰਦਾਰ ਮਨਪ੍ਰੀਤ ਸਿੰਘ ਬਾਦਲ | ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ |
| 5. | ਸਰਦਾਰ ਸਾਧੂ ਸਿੰਘ | ਜੰਗਲਾਤ, ਛਪਾਈ ਤੇ ਲਿਖਣ ਸਮੱਗਰੀ ਅਤੇ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ |
| 6. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ | ਦਿਹਾਤੀ ਵਿਕਾਸ ਤੇ ਪੰਚਾਇਤਾਂ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ |
| 7. | ਰਾਣਾ ਗੁਰਜੀਤ ਸਿੰਘ | ਸਿੰਜਾਈ ਅਤੇ ਬਿਜਲੀ ਮੰਤਰੀ |
| 8. | ਸਰਦਾਰ ਚਰਨਜੀਤ ਸਿੰਘ ਚੰਨੀ | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ |
| 9. | ਸ਼੍ਰੀਮਤੀ ਅਰੁਨਾ ਚੌਧਰੀ | ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਰਾਜ ਮੰਤਰੀ |
| 10. | ਸ਼੍ਰੀਮਤੀ ਰਜ਼ੀਆ ਸੁਲਤਾਨਾ | ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ), ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਰਾਜ ਮੰਤਰੀ |

## PUNJAB VIDHAN SABHA

*Wednesday, the 21st June, 2017*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Rana Kanwar Pal Singh) in the Chair.*

-----

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਦਲਿਤਾਂ ਵਾਸਤੇ ਇਸ ਬਜਟ ਵਿੱਚ ਕੁਝ ਨਹੀਂ ਰੱਖਿਆ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਤੁਸੀਂ ਬਜਟ ਤੇ ਬੋਲਣਾ ਹੈ ਤੇ ਸਰਕਾਰ ਨੇ ਉਸ ਦਾ ਜਵਾਬ ਦੇਣਾ ਹੈ।(ਵਿਘਨ...ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਬਜਟ ਵਿੱਚ ਦਲਿਤਾਂ ਵਾਸਤੇ ਲੋੜੀਂਦੇ ਫੰਡਜ਼ ਨਾ ਰੱਖਣ ਦੇ ਮੁੱਦੇ ਤੇ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਕਾਰਨ ** ** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

-----

## STARRED QUESTIONS AND ANSWERS

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ। ਸਰਦਾਰ ਬਲਬੀਰ ਸਿੰਘ ਸਿੱਧੂ ਜੀ।

### ਮੋਹਾਲੀ ਵਿੱਚ ਪੰਚਾਇਤੀ ਜ਼ਮੀਨਾਂ ਲੀਜ਼ ਤੇ ਦੇਣਾ

***189. ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਪੰਚਾਇਤੀ ਜ਼ਮੀਨਾਂ ਲੀਜ਼ ਤੇ ਦਿੱਤੀਆਂ ਗਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਕਿਸ ਨੂੰ ਅਤੇ ਕਿੰਨੇ ਸਮੇਂ ਲਈ ਦਿੱਤੀਆਂ ਗਈਆਂ ਹਨ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ, ਹਾਂ ਜੀ। ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਪੰਚਾਇਤੀ ਵਾਹੀਯੋਗ ਜ਼ਮੀਨਾਂ ਹਰ

** Expunged as ordered by the Chair.

[ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ]

ਸਾਲ ਖੇਤੀਬਾੜੀ ਦੇ ਮੰਤਵ ਲਈ ਚਕੌਤੇ ਤੇ ਦਿੱਤੀਆਂ ਜਾਂਦੀਆਂ ਹਨ। ਲੰਮੇ ਸਮੇਂ ਅਤੇ ਗੈਰ-ਵਾਹੀਯੋਗ ਮੰਤਵਾਂ ਲਈ ਜ਼ਮੀਨਾਂ ਜੋ ਲੀਜ਼ ਤੇ ਦਿੱਤੀਆਂ ਗਈਆਂ, ਦਾ ਵੇਰਵਾ ਅਨੁਲੱਗ 'ੳ' ਤੇ ਰੱਖਿਆ ਜਾਂਦਾ ਹੈ।

**ਅਨੁਲੱਗ-'ੳ'**

ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਪੱਤਰ ਨੰਬਰ 6329 ਮਿਤੀ 12-06-2017 ਰਾਹੀਂ ਹੇਠ ਲਿਖੇ ਅਨੁਸਾਰ ਰਿਪੋਰਟ ਪ੍ਰਾਪਤ ਹੋਈ ਹੈ:-

| ਲੜੀ ਨੰ: | ਬਲਾਕ ਦਾ ਨਾਂ | ਗਰਾਮ ਪੰਚਾਇਤ ਦਾ ਨਾਂ | ਸੰਸਥਾ ਦਾ ਨਾਂ | ਕਿੰਨੇ ਸਮੇਂ ਲਈ |
|---|---|---|---|---|
| 1 | ਖਰੜ | ਦੈੜੀ | ਪ੍ਰੀਤਇੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ ਹਾਊਸ ਨੰ: 2575, ਸੈਕਟਰ 69, ਐਸ.ਏ.ਐਸ ਨਗਰ। | 33 ਸਾਲਾਂ ਲਈ |
| 2 | ਖਰੜ | ਦੈੜੀ | ਸਟੋਨੀ ਵੁੱਡਸ ਐਜੂਕੇਸ਼ਨਲ ਟਰੱਸਟ, ਬਠਿੰਡਾ। | 33 ਸਾਲਾਂ ਲਈ |
| 3 | ਖਰੜ | ਤੰਗੋਰੀ | ਡਿਊਸੋਫਟ ਵੈਲਫੇਅਰ ਐਜੂਕੇਸ਼ਨ ਟਰੱਸਟ, 101 ਗਗਨਦੀਪ ਬਿਲਡਿੰਗ, ਰਜਿੰਦਰਾ ਪਲੇਸ, ਨਿਊ ਦਿੱਲੀ। | 33 ਸਾਲਾਂ ਲਈ |
| 4 | ਖਰੜ | ਭਾਗੋ ਮਾਜਰਾ | ਪੰਜਾਬ ਨੈਸ਼ਨਲ ਬੈਂਕ, ਮੋਹਾਲੀ। | 33 ਸਾਲਾਂ ਲਈ |
| 5 | ਖਰੜ | ਦਾਊਂ ਮਾਜਰਾ | ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪਸ਼ੂ ਮੇਲਾ ਗਰਾਊਂਡ ਲਈ। | 33 ਸਾਲਾਂ ਲਈ |
| 6 | ਮਾਜਰੀ | ਬਹਿਲੋਲਪੁਰ | ਮੋਹਾਲੀ ਐਜੂਕੇਸ਼ਨ ਐਂਡ ਮੈਡੀਕਲ ਰਿਸਰਚ ਫਾਊਡੇਸ਼ਨ, ਕੇ.ਸੀ. ਟਾਵਰ ਚੰਡੀਗੜ੍ਹ ਰੋਡ, ਨਵਾਂ ਸ਼ਹਿਰ। | 33 ਸਾਲਾਂ ਲਈ |

| | | | | | |
|---|---|---|---|---|---|
| 7 | ਡੇਰਾਬੱਸੀ | ਬੱਲੋਪੁਰ | ਯੂਨੀਵਰਸਲ ਐਜੂਕੇਸ਼ਨ ਟਰੱਸਟ ਮੋਹਾਲੀ, ਸੈਕਟਰ 71 ਮੋਹਾਲੀ। | 33 | ਸਾਲਾਂ ਲਈ |
| 8 | ਡੇਰਾਬੱਸੀ | ਬੇਹੜਾ | ਥਾਪਰ ਯੂਨੀਵਰਸਿਟੀ, ਪਟਿਆਲਾ। | 33 | ਸਾਲਾਂ ਲਈ |
| 9 | ਡੇਰਾਬੱਸੀ | ਸਨੋਲੀ | ਜੇ.ਟੀ.ਐਲ ਐਜੂਕੇਸ਼ਨ ਟਰੱਸਟ, ਐਸ.ਸੀ.ਓ 28-29, ਸੈਕਟਰ 28-ਡੀ, ਚੰਡੀਗੜ੍ਹ। | 33 | ਸਾਲਾਂ ਲਈ |

**ਸਰਦਾਰ ਬਲਬੀਰ ਸਿੰਘ ਸਿੱਧੂ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੋਹਾਲੀ ਜ਼ਿਲ੍ਹੇ ਵਿੱਚ ਜ਼ਮੀਨ ਕਿਸ ਕਿਸ ਨੂੰ ਲੀਜ਼ ਤੇ ਦਿੱਤੀ ਹੋਈ ਹੈ?

**ਮੰਤਰੀ:** ਸਪੀਕਰ ਸਾਹਿਬ, ਇਸ ਬਾਰੇ ਲਿਸਟ ਨਾਲ ਲੱਗੀ ਹੋਈ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਬਜਟ ਵਿੱਚ ਦਲਿਤਾਂ ਵਾਸਤੇ ਲੋੜੀਂਦੇ ਫੰਡਜ਼ ਨਾ ਰੱਖਣ ਦੇ ਮੁੱਦੇ ਤੇ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਕਾਰਨ ਵੈੱਲ ਆਫ ਦਿ ਹਾਊਸ ਵਿੱਚ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਸਰਦਾਰ ਬਲਬੀਰ ਸਿੰਘ ਸਿੱਧੂ:** ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੋਹਾਲੀ ਹਲਕੇ ਵਾਸਤੇ ਜਿਹੜਾ ਮਾਸਟਰ ਪਲਾਨ ਬਣਿਆ, ਸਮੁੱਚੇ ਜ਼ਿਲ੍ਹੇ ਦੇ ਵਿੱਚ ਬਣਿਆ ਹੋਇਆ ਹੈ, ਉਸ ਦੇ ਵਿੱਚ ਬਕਾਇਦਾ ਜ਼ੋਨ ਫਿਕਸ ਕੀਤੇ ਗਏ ਹਨ, ਜਿਵੇਂ ਇੰਡਸਟਰੀ ਜ਼ੋਨ, ਗਰੀਨ ਜ਼ੋਨ ਆਦਿ। ਇਸ ਦੇ ਵਿੱਚ ਵੱਖ-ਵੱਖ ਪਿੰਡਾਂ ਦੀਆਂ ਜ਼ਮੀਨਾਂ ਪਾਈਆਂ ਗਈਆਂ ਹਨ। ਜਿਹੜੀ ਸਾਡੇ ਤੋਂ ਪਹਿਲੀ ਸਰਕਾਰ ਸੀ, ਇਨ੍ਹਾਂ ਲੋਕਾਂ ਨੇ ਕੀ ਕੀਤਾ, ਉਸ ਦਾ ਜਿਹੜਾ ਮੰਤਰੀ ਸੀ ਉਸ ਨੇ ਸਾਡੀ ਜਿਹੜੀ ਪੰਚਾਇਤਾਂ ਦੀ ਸ਼ਾਮਲਾਤ ਜ਼ਮੀਨ ਸੀ, ਉਹ ਰਿਓੜੀਆਂ ਵਾਂਗ ਵੰਡ ਦਿੱਤੀ। ਮੈਂ ਬਹੁਤ ਸਾਰੇ ਮਤੇ ਕੈਂਸਲ ਕਰਵਾਏ ਤੇ ਰੁਕਵਾਏ ਵੀ ਹਨ। ਸਪੀਕਰ ਸਾਹਿਬ, ਇਸ ਸਮੇਂ ਪ੍ਰਾਪਰਟੀ ਪ੍ਰਾਈਮ ਤੇ ਹੈ, ਜੇ ਕਿਤੇ ਇੱਕ ਕਨਾਲ ਦਾ ਇੰਡਸਟਰੀਅਲ ਪਲਾਟ ਕਿਰਾਏ ਤੇ ਲੈਣਾ ਹੋਵੇ ਤਾਂ ਉਸ ਦਾ ਕਿਰਾਇਆ

** Not recorded as ordered by the Chair.

[ ਸਰਦਾਰ ਬਲਬੀਰ ਸਿੰਘ ਸਿੱਧੂ ]

ਤਿੰਨ-ਚਾਰ ਲੱਖ ਰੁਪਿਆ ਹੈ ਪਰ ਇਸ ਵਿੱਚ ਤਾਂ ਸੈਂਕੜੇ ਏਕੜ ਇਨਵਾਲਵ ਹਨ। ਕੀ ਇਨ੍ਹਾਂ ਨੇ ਉਸ ਦਾ ਕਮਰਸ਼ੀਅਲ ਰੇਟ ਦੇ ਹਿਸਾਬ ਨਾਲ ਕਿਰਾਇਆ ਫਿਕਸ ਕਰਵਾਇਆ ਹੈ? ਜੇ ਨਹੀਂ ਕੀਤਾ ਤਾਂ ਕੀ ਉਸ ਦੀ ਕੋਈ ਸਲੈਬ ਬਣਾਈ ਹੈ ਕਿ ਕਿੰਨਾ ਕੁ ਹਰ ਸਾਲ ਵਧੇਗਾ? ਕੀ ਉਨ੍ਹਾਂ ਤੋਂ ਕੋਈ ਲਿਖਾ ਕੇ ਲਿਆ ਹੈ? ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਲੋਕਾਂ ਨੇ ਜ਼ਮੀਨਾਂ ਹੜੱਪਣ ਵਾਸਤੇ ਇਹ ਕੰਮ ਕੀਤਾ ਹੈ। ਇਹ ਸਾਰੇ ਮਤੇ ਰੱਦ ਕੀਤੇ ਜਾਣ। ਕੀ ਮੰਤਰੀ ਜੀ ਇਹ ਸਾਰੇ ਮਤੇ ਰੱਦ ਕਰਨਗੇ? ਕੀ ਮੰਤਰੀ ਜੀ ਕਮਰਸ਼ੀਅਲ ਰੇਟ ਤੇ ਕਿਰਾਇਆ ਫਿਕਸ ਕਰਵਾਉਗੇ?(ਵਿਘਨ...ਸ਼ੋਰ)

**ਮੰਤਰੀ:** ਸਪੀਕਰ ਸਾਹਿਬ, ਮੈਨੂੰ ਇੰਨੇ ਸ਼ੋਰ ਵਿੱਚ ਸਵਾਲ ਸੁਣਿਆ ਨਹੀਂ ਹੈ, ਪਲੀਜ਼ ਇਸ ਨੂੰ ਮੁੜ ਕੇ ਰੀਪੀਟ ਕਰਵਾ ਦਿਓ।

**ਮਾਨਯੋਗ ਸਪੀਕਰ:** ਇਨ੍ਹਾਂ ਨੂੰ ਪਹਿਲਾਂ ਲੰਘ ਲੈਣ ਦਿਓ।

-----

## WALK OUT

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਬਜਟ ਵਿੱਚ ਦਲਿਤਾਂ ਵਾਸਤੇ ਲੋੜੀਂਦੇ ਫੰਡਜ਼ ਨਾ ਰੱਖਣ ਦੇ ਮੁੱਦੇ ਤੇ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਦੇ ਰੋਸ ਵਜੋਂ ** ** ਨਾਅਰੇ ਲਗਾਉਂਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

**ਮਾਨਯੋਗ ਸਪੀਕਰ:** ਨਾਅਰੇ ਰਿਕਾਰਡ ਨਾ ਕੀਤੇ ਜਾਣ।(ਵਿਘਨ...ਸ਼ੋਰ) ਸਪਲੀਮੈਂਟਰੀ ਦੁਬਾਰਾ ਕਰੋ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ:** ** ** (ਵਿਘਨ...ਸ਼ੋਰ)

-----

## STARRED QUESTIONS AND ANSWERS *(Resumption)*

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਕੁਐਸਚਨ ਆਵਰ ਸ਼ੁਰੂ ਹੋ ਚੁੱਕਿਆ ਹੈ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ:** ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੋਹਾਲੀ ਹਲਕੇ ਦੇ ਵਿੱਚ ਜਿਹੜਾ ਮਾਸਟਰ ਪਲਾਨ ਬਣਿਆ, ਸਮੁੱਚੇ ਜ਼ਿਲ੍ਹੇ

** Not recorded as ordered by the Chair.

ਦੇ ਵਿੱਚ ਬਣਿਆ ਹੋਇਆ ਹੈ, ਉਸ ਦੇ ਵਿੱਚ ਬਕਾਇਦਾ ਜ਼ੋਨ ਫਿਕਸ ਕੀਤੇ ਗਏ ਹਨ, ਜਿਵੇਂ ਇੰਡਸਟਰੀ ਜ਼ੋਨ, ਗਰੀਨ ਜ਼ੋਨ ਆਦਿ। ਇਸ ਦੇ ਵਿੱਚ ਵੱਖ-ਵੱਖ ਪਿੰਡਾਂ ਦੀਆਂ ਜ਼ਮੀਨਾਂ ਪਾਈਆਂ ਹਨ। ਜਿਹੜੀ ਸਾਡੇ ਤੋਂ ਪਹਿਲੀ ਸਰਕਾਰ ਸੀ, ਇਨ੍ਹਾਂ ਲੋਕਾਂ ਨੇ ਕੀ ਕੀਤਾ, ਉਸ ਦਾ ਜਿਹੜਾ ਮੰਤਰੀ ਸੀ, ਉਸ ਨੇ ਸਾਡੀ ਜਿਹੜੀ ਪੰਚਾਇਤਾਂ ਦੀ ਸ਼ਾਮਲਾਤ ਜ਼ਮੀਨ ਸੀ, ਉਹ ਰਿਓੜੀਆਂ ਵਾਂਗ ਵੰਡ ਦਿੱਤੀ। ਮੈਂ ਬਹੁਤ ਸਾਰੇ ਮਤੇ ਕੈਂਸਲ ਕਰਵਾਏ ਤੇ ਰੁਕਵਾਏ ਵੀ ਹਨ। ਸਪੀਕਰ ਸਾਹਿਬ, ਪ੍ਰਾਪਰਟੀ ਪ੍ਰਾਈਮ ਹੈ, ਜੇ ਕਿਤੇ ਇੱਕ ਕਨਾਲ ਦਾ ਇੰਡਸਟ੍ਰੀਅਲ ਪਲਾਟ ਕਿਰਾਏ ਤੇ ਲੈਣਾ ਹੋਵੇ ਤਾਂ ਉਸ ਦਾ ਕਿਰਾਇਆ ਤਿੰਨ- ਚਾਰ ਲੱਖ ਰੁਪਿਆ ਹੈ ਪਰ ਇਸ ਵਿੱਚ ਤਾਂ ਸੈਕੜੇ ਏਕੜ ਇਨਵਾਲਵ ਹਨ। ਕੀ ਇਨ੍ਹਾਂ ਨੇ ਉਸ ਦਾ ਕਮਰਸ਼ੀਅਲ ਰੇਟ ਦੇ ਹਿਸਾਬ ਨਾਲ ਕਿਰਾਇਆ ਫਿਕਸ ਕਰਵਾਇਆ ਹੈ? ਜੇ ਨਹੀਂ ਕੀਤਾ ਤਾਂ ਕੀ ਉਸ ਦੀ ਕੋਈ ਸਲੈਬ ਬਣਾਈ ਹੈ ਕਿ ਕਿੰਨਾ ਕੁ ਹਰ ਸਾਲ ਵਧੇਗਾ? ਕੀ ਉਨ੍ਹਾਂ ਤੋਂ ਕੋਈ ਲਿਖਾ ਕੇ ਲਿਆ ਹੈ? ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਲੋਕਾਂ ਨੇ ਜ਼ਮੀਨਾਂ ਹੜੱਪਣ ਵਾਸਤੇ ਇਹ ਕੰਮ ਕੀਤਾ ਹੈ। ਇਹ ਸਾਰੇ ਮਤੇ ਰੱਦ ਕੀਤੇ ਜਾਣ। ਕੀ ਮੰਤਰੀ ਜੀ ਇਹ ਸਾਰੇ ਮਤੇ ਰੱਦ ਕਰਨਗੇ? ਕੀ ਮੰਤਰੀ ਜੀ ਕਮਰਸ਼ੀਅਲ ਰੇਟ ਤੇ ਕਿਰਾਇਆ ਫਿਕਸ ਕਰਵਾਉਗੇ?

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਸਾਰੀਆਂ ਗੱਲਾਂ ਦਾ ਕਾਨੂੰਨੀ ਪਹਿਲੂ ਵੇਖਿਆ ਜਾਵੇਗਾ। 10% ਦੀ increase ਹਰ ਸਾਲ ਹੋ ਰਹੀ ਹੈ ਤੇ ਜੋ ਮੈਂਬਰ ਸਾਹਿਬ ਨੇ ਰੱਦ ਕਰਨ ਵਾਲੀ ਗੱਲ ਕੀਤੀ ਹੈ, ਇਹ ਕਾਨੂੰਨੀ ਗੱਲ ਹੈ। ਇਸ ਨੂੰ ਸਾਰਾ ਸਮਝ ਕੇ ਫਿਰ ਕੀਤਾ ਜਾਵੇਗਾ।

**ਸਰਦਾਰ ਬਲਬੀਰ ਸਿੰਘ ਸਿੱਧੂ:** ਸਰ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਅਸਲ ਮੋਟਿਵ ਕੀ ਹੈ? ਉੱਥੇ ਲੋਕਾਂ ਨੇ ਕਿਰਾਏ ਤੇ ਦੇਣ ਵਾਸਤੇ ਹੋਸਟਲ ਬਣਾਉਣੇ ਸ਼ੁਰੂ ਕਰ ਦਿੱਤੇ ਹਨ, ਕਈ ਲੋਕਾਂ ਨੇ ਫਾਰਮ ਬਣਾਉਣ ਵਾਸਤੇ ਟਿਊਬਵੈੱਲ ਲਗਾਉਣੇ ਸ਼ੁਰੂ ਕਰ ਦਿੱਤੇ ਹਨ ਤੇ ਇਹ ਜਿਹੜੀ ਨਾਲ ਲਿਸਟ ਲਗਾਈ ਗਈ ਹੈ, ਇਹ ਸਭ ਗਲਤ ਹੈ, fraud ਹੈ।

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ। ਤੁਸੀਂ ਕਹਿਣਾ ਕੀ ਚਾਹੁੰਦੇ ਹੋ?

**ਸਰਦਾਰ ਬਲਬੀਰ ਸਿੰਘ ਸਿੱਧੂ:** ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਵਾਇਓਲੇਸ਼ਨ ਹੋਈ ਹੈ, ਕੀ ਇਹ ਉਸ ਦੀ ਜਾਂਚ ਕਰਵਾਉਣਗੇ?

**ਮੰਤਰੀ:** ਸਪੀਕਰ ਸਾਹਿਬ, ਜੇ ਕੋਈ ਕੰਪਲੇਂਟ ਆਏਗੀ ਤਾਂ ਉਸ ਦੀ ਵਿਜੀਲੈਂਸ ਇਨਕੁਆਇਰੀ ਕਰਵਾ ਲਈ ਜਾਵੇਗੀ।

**ਸਰਦਾਰ ਬਲਬੀਰ ਸਿੰਘ ਸਿੱਧੂ:** ਮੈਂ ਤੁਹਾਡੇ ਸਾਹਮਣੇ ਵਿਧਾਨ ਸਭਾ ਵਿੱਚ ਤਾਂ ਕਹਿ ਰਿਹਾ ਹਾਂ।

**ਮੰਤਰੀ:** ਵਿਜੀਲੈਂਸ ਇਨਕੁਆਰੀ ਤਾਂ ਕਿਸੇ ਕੰਪਲੇਂਟ ਤੇ ਜਾਂ ਐਫੀਡੈਵਿਟ ਤੇ ਹੀ ਹੁੰਦੀ ਹੈ। ਜੇ ਕੋਈ ਕੰਪਲੇਂਟ ਦੇਣਗੇ ਤਾਂ ਜ਼ਰੂਰ ਇਨਕੁਆਇਰੀ ਕਰਵਾਈ ਜਾਵੇਗੀ।

**ਮਾਨਯੋਗ ਸਪੀਕਰ:** ਮੰਤਰੀ ਜੀ, ਮੈਂਬਰ ਸਾਹਿਬ on the floor of the House ਕਹਿ ਰਹੇ ਹਨ।

**ਮੰਤਰੀ:** ਠੀਕ ਹੈ ਜੀ, ਵਿਜੀਲੈਂਸ ਇਨਕੁਆਇਰੀ ਹੋ ਜਾਵੇਗੀ ਜੀ।

**ਮਾਨਯੋਗ ਸਪੀਕਰ:** ਠੀਕ ਹੈ ਜੀ।

-----

## ਜ਼ਮੀਨ ਹੇਠਲੇ ਪਾਣੀ ਦਾ ਪੱਧਰ ਥੱਲੇ ਜਾਣਾ

***360. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਪੰਜਾਬ ਵਿੱਚ ਜ਼ਮੀਨ ਹੇਠਲੇ ਪਾਣੀ ਦੇ ਥੱਲੇ ਜਾਣ ਦੀ ਗੰਭੀਰਤਾ ਨੂੰ ਦੇਖਦੇ ਹੋਏ ਰਾਜ ਦੇ ਕੁੱਲ ਕਿੰਨੇ ਰਕਬੇ ਅਤੇ ਕਿਹੜੇ-ਕਿਹੜੇ ਬਲਾਕਾਂ ਨੂੰ ਇਸ ਵੇਲੇ ਗੰਭੀਰ ਕਰਾਰ ਦਿੱਤਾ ਗਿਆ ਹੈ ਅਤੇ ਹੋਰ ਕਿੰਨਾ ਰਕਬਾ ਗੰਭੀਰ ਖਤਰੇ ਵਿੱਚ ਆਉਣ ਦੀ ਸੰਭਾਵਨਾ ਹੈ;

(ਅ) ਕੀ ਪੰਜਾਬ ਸਰਕਾਰ ਇਸ ਖਤਰੇ ਨੂੰ ਵੇਖਦੇ ਹੋਏ ਵੱਖਰੇ ਗੰਭੀਰ ਖੇਤਰਾਂ/ਜ਼ੋਨਾਂ ਵਿਚ ਵੰਡਣ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਅਤੇ

(ੲ) ਪੰਜਾਬ ਦੇ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਬਚਾਉਣ ਲਈ ਅਤੇ ਰੀਚਾਰਜ ਕਰਨ ਲਈ ਸਰਕਾਰ ਵਲੋਂ ਕਿਹੜੇ-ਕਿਹੜੇ ਉਪਰਾਲੇ ਕੀਤੇ ਜਾ ਰਹੇ ਹਨ, ਇਸ ਦੇ ਵੇਰਵੇ ਕੀ ਹਨ?

**ਰਾਣਾ ਗੁਰਜੀਤ ਸਿੰਘ :** (ੳ) ਇਸ ਵੇਲੇ ਸੈਂਟਰਲ ਗਰਾਊਂਡ ਵਾਟਰ ਅਥਾਰਟੀ ਵੱਲੋਂ ਰਾਜ ਦੇ 44 ਬਲਾਕਾਂ ਅਤੇ ਲੁਧਿਆਣਾ ਸ਼ਹਿਰ ਨੂੰ (ਲਗਭਗ ਰਕਬਾ 14723 ਵਰਗ ਕਿ.ਮੀ.) ਗੰਭੀਰ ਏਰੀਆ ਘੋਸ਼ਿਤ ਕਰ ਦਿੱਤਾ ਗਿਆ ਹੈ। ਇਨ੍ਹਾਂ ਬਲਾਕਾਂ ਦੀ ਲਿਸਟ ਨੱਥੀ ਹੈ। ਇਸ ਤੋਂ ਇਲਾਵਾ ਰਾਜ ਦੇ 61 ਹੋਰ ਬਲਾਕ (ਲਗਭਗ ਰਕਬਾ 22386 ਵਰਗ ਕਿ.ਮੀ.) ਦੇ ਵੀ ਗੰਭੀਰ ਖੇਤਰ ਵਿੱਚ

ਆਉਣ ਦੀ ਸੰਭਾਵਨਾ ਹੈ।

(ਅ) ਨਹੀਂ ਜੀ।

(ੲ) ਵੇਰਵਾ ਅਨੁਲੱਗ 'ੳ' ਤੇ ਹੈ ਜੀ।

**ਅਨੁਲੱਗ 'ੳ'**

ਜਲ ਸਾਧਨ ਪ੍ਰਸ਼ਾਸਨ ਵਲੋਂ ਹੁਣ ਤੱਕ ਧਰਤੀ ਹੇਠਲੇ ਪਾਣੀ ਦੇ ਭੰਡਾਰ ਨੂੰ ਵਧਾਉਣ ਲਈ 38 ਨੰਬਰ ਆਰਟੀਫਿਸ਼ੀਅਲ ਰੀਚਾਰਜ ਸਕੀਮਾਂ ਲਗਾਈਆਂ ਹਨ ਅਤੇ 13 ਜ਼ਿਲ੍ਹਿਆਂ ਦੇ 39 ਗੰਭੀਰ ਬਲਾਕਾਂ (ਨੋਟੀਫਾਈਡ ਬਲਾਕਾਂ) ਵਿੱਚ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਨੂੰ ਰੋਕਣ ਲਈ ਲੀਨ ਪੀਰੀਅਡ/ਵਰਖਾ ਦੌਰਾਨ ਉਪਲਬਧ ਵਾਧੂ ਨਹਿਰੀ ਪਾਣੀ ਤੇ ਆਧਾਰਿਤ ਆਰਟੀਫਿਸ਼ੀਅਲ ਰੀਚਾਰਜ ਸਕੀਮ ਦੀ ਤਜਵੀਜ਼ ਪ੍ਰਧਾਨ ਮੰਤਰੀ ਕ੍ਰਿਸ਼ੀ ਯੋਜਨਾ ਸਿੰਚਾਈ ਸਕੀਮ ਅਧੀਨ ਬਣਾਈ ਗਈ ਹੈ।

| Sr. No. | District | Block | Date of Notification |
|---|---|---|---|
| 1 | Amritsar | Ajnala | 27.11.2012 |
| 2 | Barnala | Barnala | 13.08.2011 |
| 3 | Barnala | Mahal Kalan | 02.12.2006 |
| 4 | Fatehgarh Sahib | Amloh | 27.11.2012 |
| 5 | Fatehgarh Sahib | Khamano | 27.11.2012 |
| 6 | Fatehgarh Sahib | Khera | 27.11.2012 |
| 7 | Hoshiarpur | Tanda | 27.11.2012 |
| 8 | Jalandhar | Bhogpur | 27.11.2012 |
| 9 | Jalandhar | Goraya/ Rurka kalan | 27.11.2012 |
| 10 | Jalandhar | Jalandhar East | 27.11.2012 |
| 11 | Jalandhar | Jalandhar West | 27.11.2012 |
| 12 | Jalandhar | Lohian | 13.08.2011 |

| | | | |
|---|---|---|---|
| 13 | Jalandhar | Nakodar | 13.08.2011 |
| 14 | Jalandhar | Nurmahal | 27.11.2012 |
| 15 | Jalandhar | Phillaur | 27.11.2012 |
| 16 | Jalandhar | Shahkot | 13.08.2011 |
| 17 | Kapurthala | Bholath/ Nadala | 27.11.2012 |
| 18 | Kapurthala | Dhilwan | 27.11.2012 |
| 19 | Kapurthala | Kapurthala | 27.11.2012 |
| 20 | Kapurthala | Phagwara | 13.08.2011 |
| 21 | Kapurthala | Sultanpur | 27.11.2012 |
| 22 | Ludhiana | Khanna | 13.08.2011 |
| 23 | Ludhiana | Ludhiana City | 11.12.1998 |
| 24 | Ludhiana | Pakhowal | 27.11.2012 |
| 25 | Mansa | Bhikhi | 27.11.2012 |
| 26 | Mansa | Budhlada | 27.11.2012 |
| 27 | Mansa | Sardulgarh | 27.11.2012 |
| 28 | Moga | Moga-I | 2.12.2006 |
| 29 | Moga | Moga-II | 2.12.2006 |
| 30 | Moga | Nihal Singh Wala | 13.08.2011 |
| 31 | Nawan Shahar | Aur | 27.11.2012 |
| 32 | Nawan Shahar | Banga | 27.11.2012 |
| 33 | Patiala | Patiala | 27.11.2012 |
| 34 | Patiala | Patran | 13.08.2011 |
| 35 | Patiala | Sanour | 27.11.2012 |

| | | | |
|---|---|---|---|
| 36 | Ropar | Morinda | 27.11.2012 |
| 37 | Sangrur | Ahmedgarh | 2.12.2006 |
| 38 | Sangrur | Bhawanigarh | 27.11.2012 |
| 39 | Sangrur | Dhuri | 13.08.2011 |
| 40 | Sangrur | Malerkotla | 13.08.2011 |
| 41 | Sangrur | Sangrur | 2.12.2006 |
| 42 | Sangrur | Sherpur | 13.08.2011 |
| 43 | Sangrur | Sunam | 13.08.2011 |
| 44 | Taran taran | Patti | 27.11.2012 |
| 45 | Taran taran | Taran taran | 27.11.2012 |

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ 147 ਬਲਾਕਾਂ ਵਿੱਚੋਂ ਤਕਰੀਬਨ 100 ਬਲਾਕ ਕ੍ਰਿਟੀਕਲ ਏਰੀਆ ਡਿਕਲੇਅਰ ਕੀਤੇ ਗਏ ਹਨ, that means more than two third of Punjab's land is under dangerous level, ਤੇ ਜੇ ਇਸ ਨੂੰ ਆਪਾਂ ਨਾ ਸਾਂਭਿਆ ਤਾਂ ਹੌਲੀ-ਹੌਲੀ ਪਾਣੀ ਖਤਮ ਹੋ ਜਾਵੇਗਾ ਤਾਂ ਫਿਰ ਪੰਜਾਬ ਕਿੱਥੇ ਜਾਵੇਗਾ?

ਦੂਜੀ ਗੱਲ, ਇਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ artificial recharging system ਲਾਗੂ ਕੀਤਾ ਗਿਆ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਬੜੇ ਸੂਬਿਆਂ ਵਿੱਚ ਸਰਕਾਰ ਵੱਲੋਂ rain water harvesting system ਲਾਜ਼ਮੀ ਤੌਰ ਤੇ ਸ਼ੁਰੂ ਕੀਤਾ ਗਿਆ ਹੈ। ਆਪਾਂ ਵੀ ਇਸ ਸਬੰਧੀ ਅਸੈਂਬਲੀ ਵਿੱਚ ਪਾਸ ਕੀਤਾ ਹੈ ਪਰ ਅਜੇ ਤੱਕ ਅਜਿਹਾ ਕਿਤੇ ਵੀ ਦੇਖਣ ਨੂੰ ਨਹੀਂ ਮਿਲਿਆ ਕਿ rain water ਨੂੰ ਹਾਰਵੈਸਟ ਕਰਕੇ ਗਰਾਊਂਡ ਵਾਟਰ ਵਿੱਚ ਲੈ ਜਾਈਏ। ਸੋ, ਮੈਂ ਕਹਾਂਗਾ ਕਿ ਇਹ rain water harvesting ਦੀ ਪਾਲਿਸੀ ਜ਼ਰੂਰ ਲੈ ਕੇ ਆਉਣ।

ਤੀਜੀ ਗੱਲ ਮੈਂ zoning of the whole State ਬਾਰੇ ਕਹਿਣਾ

[ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ]
ਚਾਹੁੰਦਾ ਹਾਂ। ਸਾਰੇ ਪੰਜਾਬ ਵਿੱਚ ਝੋਨਾ ਬੀਜਿਆ ਜਾਂਦਾ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਝੋਨਾ ਪੰਜਾਬ ਲਈ ਹੁਣ ਕੋਈ ਲਾਹੇਵੰਦ ਫਸਲ ਨਹੀਂ ਰਹੀ। ਜੇ ਆਪਾਂ ਆਪਣੇ ਨੈਚੂਰਲ ਰਿਸੋਰਸਿਜ਼ ਗਵਾ ਲਏ, ਜੇ ਪੰਜਾਬ ਦਾ ਪਾਣੀ ਹੀ ਮੁੱਕ ਗਿਆ ਤਾਂ ਝੋਨੇ ਨੂੰ ਅਸੀਂ ਕੀ ਕਰਾਂਗੇ ? ਸੋ ਇਸ ਬਾਰੇ ਵੀ ਸਰਕਾਰ ਨੂੰ ਧਿਆਨ ਰੱਖਣ ਦੀ ਲੋੜ ਹੈ ਕਿ ਜਿੱਥੇ ਝੋਨਾ ਲੱਗ ਸਕਦਾ ਹੈ, ਉੱਥੇ ਹੀ ਲਗਾਇਆ ਜਾਵੇ।

**ਮਾਨਯੋਗ ਸਪੀਕਰ:** ਵਡਾਲਾ ਜੀ, ਪਲੀਜ਼ ਸਵਾਲ ਪੁੱਛੋ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਮੈਂ ਤਾਂ ਜ਼ੋਨਿੰਗ ਬਾਰੇ ਪੁੱਛਣਾ ਚਾਹੁੰਦਾ ਹਾਂ ਕਿ ਰੇਨ ਵਾਟਰ ਹਾਰਵੈਸਟਿੰਗ ਸਿਸਟਮ ਨੂੰ ਲਾਗੂ ਕੀਤਾ ਜਾਵੇਗਾ ਕਿ ਨਹੀਂ?

**ਮੰਤਰੀ:** ਸਪੀਕਰ ਸਾਹਿਬ, ਵਡਾਲਾ ਸਾਹਿਬ ਦਾ ਸਵਾਲ ਹਮੇਸ਼ਾ ਹੀ ਪੰਜਾਬ ਨਾਲ ਜੁੜਿਆ ਹੁੰਦਾ ਹੈ ਔਰ ਅੱਛਾ ਸਵਾਲ ਹੁੰਦਾ ਹੈ ਔਰ ਜਵਾਬ ਦੇਣ ਦਾ ਵੀ ਮਜ਼ਾ ਆਉਂਦਾ ਹੈ। ਗੱਲ ਇਹ ਹੈ ਕਿ ਇਸ ਸਮੇਂ ਕੁੱਲ ਮਿਲਾ ਕੇ 105 ਬਲਾਕ ਗੰਭੀਰ ਜ਼ੋਨ ਵਿੱਚ ਹਨ। ਇਨ੍ਹਾਂ ਦਾ ਸਵਾਲ ਹੈ ਕਿ ਪੈਡੀ ਪਾਣੀ ਜ਼ਿਆਦਾ ਲੈਂਦੀ ਹੈ, ਉਸ ਬਾਰੇ ਸੋਚਣ ਦੀ ਲੋੜ ਹੈ। ਇਹ ਬਿਲਕੁਲ ਠੀਕ ਗੱਲ ਕਹਿ ਰਹੇ ਹਨ। ਅੱਜ ਤੋਂ 15 ਸਾਲ ਪਹਿਲਾਂ ਸਾਲ 2002 ਵਿੱਚ ਜਦੋਂ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਆਈ, ਉਨ੍ਹਾਂ ਨੇ ਆਉਂਦੇ ਸਾਰ ਹੀ ਦੋ ਸਾਲਾਂ ਵਿੱਚ ਅਨਾਊਂਸ ਕੀਤਾ ਕਿ ਰਿਪਲੇਸਮੈਂਟ ਦੀ ਲੋੜ ਹੈ। ਝੋਨੇ-ਕਣਕ ਦੀ ਫਸਲ ਦੀ ਬਜਾਏ ਹੋਰ ਦੂਜੀ ਫਸਲ ਬੀਜਣ ਦੀ ਲੋੜ ਹੈ ਤੇ ਉਨ੍ਹਾਂ ਨੇ diversification ਦੀ ਗੱਲ ਕੀਤੀ ਸੀ। ਅਫਸੋਸ ਇਸ ਗੱਲ ਦਾ ਹੈ ਪਿਛਲੇ 10 ਸਾਲਾਂ ਵਿੱਚ diversification ਤੇ ਕੋਈ ਕੰਮ ਨਹੀਂ ਹੋਇਆ। ਝੋਨਾ ਵਧਿਆ ਹੀ ਹੈ, ਘਟਿਆ ਨਹੀਂ ਹੈ। ਲੋਕ ਜਿੱਥੇ ਨਰਮਾ ਬੀਜਦੇ ਸੀ ਉਸ ਦੀ ਜਗ੍ਹਾ ਪੈਡੀ ਬੀਜਣੀ ਚਾਲੂ ਕਰ ਦਿੱਤੀ ਜਿਸ ਨਾਲ ਪਾਣੀ ਦੀ ਖਪਤ ਵੱਧ ਗਈ ਹੈ। ਇਹ ਬੜਾ ਗੰਭੀਰ ਮਸਲਾ ਹੈ, ਇਸ ਤੇ ਵਿਚਾਰ ਹੋਣਾ ਚਾਹੀਦਾ ਹੈ।

ਸਪੀਕਰ ਸਾਹਿਬ, ਸਾਡੇ ਮੁੱਖ ਮੰਤਰੀ ਜੀ ਸਾਲ 2004 ਵਿੱਚ ਇਸ ਪਾਸੇ ਚੱਲੇ ਸੀ। ਉਨ੍ਹਾਂ ਦੇ ਚਾਲੂ ਕੀਤੇ ਪ੍ਰਾਜੈਕਟ ਜਿਹੜੇ ਪਿਛਲੇ 10 ਸਾਲਾਂ ਤੋਂ ਠੱਪ ਪਏ ਹਨ, ਮੈਂ ਆਸ਼ਵਾਸਨ ਦਿਵਾਉਂਦਾ ਹਾਂ ਕਿ ਸਾਡੇ ਮੁੱਖ ਮੰਤਰੀ ਸਾਹਿਬ ਅਤੇ ਸਾਡੀ ਕਾਂਗਰਸ ਪਾਰਟੀ ਦੀ ਸਰਕਾਰ ਸਿੰਸੀਅਰਲੀ ਇਸ ਪਾਸੇ ਲੱਗੀ ਹੈ। ਝੋਨਾ-ਕਣਕ ਦੇ ਸਾਈਕਲ ਵਿੱਚੋਂ ਜਿੱਥੇ ਜ਼ਿਮੀਂਦਾਰ ਨੂੰ ਬੱਚਤ ਨਹੀਂ ਹੁੰਦੀ ਉਥੇ ਸਾਡਾ ਪਾਣੀ ਵੀ ਵੱਧ ਲਗਦਾ ਹੈ ਜਿਸ ਨੂੰ ਅਸੀਂ ਬਚਾਉਣ ਦੀ ਚੇਸ਼ਟਾ ਕਰਾਂਗੇ। ਰਹੀ ਗੱਲ

ਵਾਟਰ ਹਾਰਵੈਸਟਿੰਗ ਦੀ, ਵਾਟਰ ਹਾਰਵੈਸਟਿੰਗ ਦਰਿਆਵਾਂ ਵਿੱਚ ਵੀ ਹੋ ਸਕਦੀ ਹੈ, ਕੰਡੀ ਦੇ ਇਲਾਕੇ ਵਿੱਚ ਵੀ ਹੋ ਸਕਦੀ ਹੈ। ਸਿੱਧੂ ਸਾਹਿਬ ਸਾਡੇ ਲੋਕਲ ਸੈਲਫ ਗੌਰਮਿੰਟ ਦੇ ਵਜ਼ੀਰ ਬੈਠੇ ਹਨ, ਆਉਣ ਵਾਲੇ ਸਮੇਂ ਵਿੱਚ ਜੋ ਵੀ ਪਲਾਨ ਬਣਨੇ ਹਨ, ਉਸ ਨਾਲ ਸ਼ਹਿਰ ਵਧਣੇ ਹਨ, ਉਨ੍ਹਾਂ ਵਿੱਚ ਕਿਵੇਂ ਅਸੀਂ ਵਾਟਰ ਹਾਰਵੈਸਟ ਕਰਨਾ ਹੈ, ਇਸ ਪਾਸੇ ਅਸੀਂ ਜਾ ਰਹੇ ਹਾਂ।(ਥੰਪਿੰਗ) ਮੈਂ ਆਸ਼ਵਾਸਨ ਦਿਵਾਉਣਾ ਚਾਹੁੰਦਾ ਹਾਂ ਕਿ ਸਾਡੀ ਨੀਅਤ ਸਾਫ ਹੈ ਔਰ ਅਸੀਂ ਇਸ ਪਾਸੇ ਤੁਰਾਂਗੇ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਇਨ੍ਹਾਂ ਦੇ ਜਵਾਬ ਉੱਤੇ ਮੇਰੀ ਇੱਕ ਹੋਰ ਸਪਲੀਮੈਂਟਰੀ ਹੈ। ਰਾਣਾ ਜੀ ਨੇ ਜੋ ਗੱਲ ਕੀਤੀ ਹੈ, ਉਸ ਲਈ ਇਨ੍ਹਾਂ ਦਾ ਬਹੁਤ ਬਹੁਤ ਧੰਨਵਾਦ। ਇਹ ਸਿਆਣੇ ਹਨ। ਇਨ੍ਹਾਂ ਨੇ ਮੇਰਾ ਸਾਰਾ ਕੁਐਸਚਨ ਕਵਰ ਕਰ ਲਿਆ ਅਤੇ ਇਨ੍ਹਾਂ ਤੋਂ ਉਮੀਦ ਵੀ ਹੈ। ਇਨ੍ਹਾਂ ਨੇ ਸਰਕਾਰ ਵੱਲੋਂ ਸਾਲ 2002 ਤੋਂ ਸਾਲ 2007 ਤੱਕ ਐਗਰੀਕਲਚਰ ਵਿੱਚ ਡਾਈਵਰਸੀਫਿਕੇਸ਼ਨ ਲਿਆਉਣ ਦੀ ਗੱਲ ਕੀਤੀ ਹੈ। ਰਾਣਾ ਸਾਹਿਬ ਨੇ ਪਿਛਲੀ ਸਰਕਾਰ ਦੌਰਾਨ ਆਪਣੀ ਸਪੀਚ ਵਿੱਚ ਕਿਹਾ ਸੀ ਕਿ ਪੰਜਾਬ ਵਿੱਚ ਮੱਕੀ ਰੁਲ ਰਹੀ ਹੈ। ਜੇ ਆਪਾਂ ਝੋਨਾ ਬਦਲਣਾ ਚਾਹੁੰਦੇ ਹਾਂ ਤਾਂ ਪੰਜਾਬ ਦੀਆਂ ਮੰਡੀਆਂ ਵਿੱਚ ਮੱਕੀ ਦੀ ਬੇਸ਼ੁਮਾਰ ਆਮਦ ਹੈ। ਮੈਂ ਸਾਰੇ ਸਦਨ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ 600/- ਤੋਂ 700/- ਰੁਪਏ ਤੱਕ ਮੱਕੀ ਦਾ ਭਾਅ ਹੈ ਔਰ ਮੱਕੀ ਪੰਜਾਬ ਦੀਆਂ ਮੰਡੀਆਂ ਵਿੱਚ ਰੁਲ ਰਹੀ ਹੈ। ਅੱਜ ਪੰਜਾਬ ਵਿੱਚ ਮੱਕੀ ਦੀ ਇੰਨੀ ਕਾਸ਼ਤ ਹੋ ਰਹੀ ਹੈ ਪਰ ਕਿਸਾਨਾਂ ਨੂੰ ਕੋਈ ਭਾਅ ਨਹੀਂ ਮਿਲ ਰਿਹਾ।

**ਮਾਨਯੋਗ ਸਪੀਕਰ :** ਵਡਾਲਾ ਸਾਹਿਬ, ਕੁਐਸਚਨ ਕਰੋ।(ਵਿਘਨ)

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਬਾਕੀ ਰਾਣਾ ਗੁਰਜੀਤ ਸਿੰਘ ਜੀ ਦਾ ਬਹੁਤ ਬਹੁਤ ਧੰਨਵਾਦ ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਬਹੁਤ ਹੀ ਗੰਭੀਰ ਮੁੱਦੇ ਤੇ ਸਵਾਲ ਕੀਤਾ ਗਿਆ ਹੈ ਕਿ ਵਾਟਰ ਲੈਵਲ ਡਾਊਨ ਜਾ ਰਿਹਾ ਹੈ। ਮੈਂ ਸਮਝਦਾ ਹਾਂ ਕਿ ਐਸੇ ਦੌਰ ਵਿੱਚ ਘੱਗਰ ਵਰਗੇ ਦਰਿਆ ਜਿਹੜੇ....

**ਮਾਨਯੋਗ ਸਪੀਕਰ :** ਅਲੱਗ ਸਵਾਲ ਦਿਓ। ਇਹ ਸਪਲੀਮੈਂਟਰੀ ਇਸ ਸਵਾਲ ਨਾਲ ਨਹੀਂ ਬਣਦੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਜੇ ਭੂਮਿਕਾ ਬੰਨ੍ਹਾਂਗੇ ਤਾਂ ਹੀ ਸਵਾਲ ਸਮਝ ਆਵੇਗਾ।

**ਮਾਨਯੋਗ ਸਪੀਕਰ :** ਮੰਤਰੀ ਜੀ ਨੂੰ ਸਮਝ ਹੈ। ਤੁਸੀਂ ਸਵਾਲ ਕਰੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਘੱਗਰ ਵਰਗੇ ਦਰਿਆ ਹੜ੍ਹਾਂ ਕਰਕੇ ਜਾਣੇ ਜਾਂਦੇ ਹਨ ਪਰ ਉਨ੍ਹਾਂ ਦਾ ਪਾਣੀ ਬਰਸਾਤਾਂ ਵਿੱਚ ਅਜਾਈਂ ਚਲਾ ਜਾਂਦਾ ਹੈ। ਇਸ ਪਾਣੀ ਨੂੰ ਵਿਅਰਥ ਜਾਣ ਤੋਂ ਰੋਕਣ ਲਈ ਉਥੇ ਚੈੱਕ ਡੈਮ ਬਣਾਇਆ ਜਾਵੇ ਤਾਂ ਕਿ ਉਹ ਪਾਣੀ ਸਿੰਜਾਈ ਵਾਸਤੇ ਵੀ ਕੰਮ ਆ ਸਕੇ ਤੇ ਰੋਜ਼ਮਰ੍ਹਾ ਦੀ ਜ਼ਿੰਦਗੀ ਵਾਸਤੇ ਵੀ ਕੰਮ ਆ ਸਕੇ। ਪੰਜਾਬ ਅਤੇ ਹਰਿਆਣਾ ਦੋਵੇਂ ਸੂਬਿਆਂ ਨੂੰ ਇਸ ਬਾਰੇ ਯਤਨ ਕਰਨ ਦੀ ਲੋੜ ਹੈ। ਇਸ ਲਈ ਕੀ ਮੰਤਰੀ ਜੀ ਹਰਿਆਣਾ ਸੂਬੇ ਨਾਲ ਇਸ ਬਾਰੇ ਗੱਲਬਾਤ ਕਰਕੇ ਕੋਈ ਯਤਨ ਕਰਨਗੇ ਤਾਂ ਕਿ ਇਸ ਪਾਣੀ ਨੂੰ ਰੋਕ ਕੇ ਇਸ ਅਣਮੁੱਲੇ ਤੋਹਫੇ ਨੂੰ ਵਰਤੋਂ ਵਿੱਚ ਲਿਆਇਆ ਜਾ ਸਕੇ?

**ਮੰਤਰੀ :** ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਚੰਦੂਮਾਜਰਾ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਹਰਿਆਣੇ ਨਾਲ ਅਸੀਂ ਬਾਅਦ ਵਿੱਚ ਗੱਲ ਕਰਾਂਗੇ। ਪਹਿਲਾਂ ਅਸੀਂ ਆਪਸ ਵਿੱਚ ਬੈਠ ਕੇ ਗੱਲ ਕਰਾਂਗੇ। ਇਨ੍ਹਾਂ ਦੀ ਪਰਪੋਜ਼ਲ ਮੈਨੂੰ ਸਮਝ ਲੈਣ ਦਿਓ। ਲੋੜ ਸਮਝੀ ਗਈ ਤਾਂ ਫਿਰ ਹਰਿਆਣੇ ਨਾਲ ਵੀ ਗੱਲ ਕਰਾਂਗੇ।

**ਸਰਦਾਰ ਨਵਤੇਜ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ, ਸਾਡੇ ਮਾਨਯੋਗ ਮੈਂਬਰ ਸਾਹਿਬ ਨੇ ਮੱਕੀ ਦੀ ਗੱਲ ਕੀਤੀ ਹੈ, ਮੱਕੀ ਦੀ ਫਸਲ ਝੋਨੇ ਤੋਂ ਵੀ ਜ਼ਿਆਦਾ ਪਾਣੀ ਖਿੱਚਦੀ ਹੈ। ਹਰ ਰੋਜ਼ ਝੋਨੇ ਤੋਂ ਜ਼ਿਆਦਾ ਪਾਣੀ ਲਗਾਉਣਾ ਪੈਂਦਾ ਹੈ। ਜੇ ਅਸੀਂ ਵਾਟਰ ਲੈਵਲ ਦੀ ਗੱਲ ਕਰਦੇ ਹਾਂ ਤਾਂ ਝੋਨੇ ਤੇ ਮੱਕੀ ਵਿੱਚ ਕੋਈ ਫਰਕ ਨਹੀਂ ਹੈ। ਕੋਈ ਇਹੋ ਜਿਹੀ ਫਸਲ ਚਾਹੀਦੀ ਹੈ ਜਿਹੜੀ ਅੱਧਾ ਪਾਣੀ ਖਿੱਚੇ। ਮੱਕੀ ਜਿਹੜੀ ਹੈ, ਇਹ ਬੰਦ ਕਰਨੀ ਪੈਣੀ ਹੈ, ਨਹੀਂ ਤਾਂ ਪਾਣੀ ਬਹੁਤ ਖਰਾਬ ਹੋਵੇਗਾ ।

**ਮਾਨਯੋਗ ਸਪੀਕਰ :** ਇਸ ਸਪਲੀਮੈਂਟਰੀ ਦਾ ਸਵਾਲ ਨਾਲ ਕੋਈ ਤਾਅਲੁੱਕ ਨਹੀਂ ਹੈ।

-----

## ਸਟੈਨੋਗ੍ਰਾਫੀ ਇੰਸਟ੍ਰਕਟਰਾਂ ਨੂੰ ਤਰੱਕੀ ਦੇਣਾ

***463. ਸਰਦਾਰ ਹਰਦਿਆਲ ਸਿੰਘ ਕੰਬੋਜ :** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਸਟੈਨੋਗ੍ਰਾਫੀ ਇੰਸਟ੍ਰਕਟਰਾਂ ਲਈ ਤਰੱਕੀ ਦੇ ਕੀ ਕੀ ਮੌਕੇ ਹਨ ਅਤੇ ਇਸ ਸਬੰਧੀ ਕੀ ਨਿਯਮ ਹਨ;

(ਅ) ਸਟੈਨੋਗ੍ਰਾਫੀ ਇੰਸਟ੍ਰਕਟਰਾਂ ਨੂੰ ਤਰੱਕੀ ਦੇ ਮੌਕੇ ਦੇਣ ਲਈ ਕੋਈ ਕੋਟਾ ਨਿਸ਼ਚਿਤ ਕਰਨ ਅਤੇ ਇਸ ਸਬੰਧੀ ਨਿਯਮ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਨਿਯਮ ਕਿੰਨੇ ਸਮੇਂ ਵਿੱਚ ਤਿਆਰ ਕਰ ਲਏ ਜਾਣਗੇ?

**ਸਰਦਾਰ ਚਰਨਜੀਤ ਸਿੰਘ ਚੰਨੀ :** (ੳ) ਸਟੈਨੋਗ੍ਰਾਫੀ ਇੰਸਟ੍ਰਕਟਰਾਂ ਲਈ ਬਤੌਰ ਮੁੱਖ ਅਧਿਆਪਕ/ਮੁੱਖ ਅਧਿਆਪਕਾ ਦੇ ਤੌਰ ਤੇ ਤਰੱਕੀ ਦੇ ਮੌਕੇ ਉਪਲਬਧ ਹਨ ਅਤੇ ਇਸ ਸਬੰਧੀ ਪੰਜਾਬ ਇੰਡਸਟ੍ਰੀਅਲ ਟ੍ਰੇਨਿੰਗ ਸਰਵਿਸ (ਗਰੁੱਪ ਬੀ) ਤਕਨੀਕੀ ਸੇਵਾ ਨਿਯਮ 2006 ਵਿੱਚ ਨੋਟੀਫਾਈਡ ਹਨ।

(ਅ) ਸਟੈਨੋਗ੍ਰਾਫੀ ਇੰਸਟ੍ਰਕਟਰਾਂ ਲਈ ਤਰੱਕੀ ਦਾ ਕੋਟਾ ਨਿਸ਼ਚਿਤ ਕਰਨ ਜਾਂ ਨਿਯਮ ਬਣਾਉਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸਪੀਕਰ ਸਾਹਿਬ, ਇਹ ਸਵਾਲ ਸਾਲ 2004 ਵਿੱਚ ਵੀ ਲੱਗਿਆ ਸੀ ਤੇ ਸਾਡੇ ਮਾਨਯੋਗ ਮੁੱਖ ਮੰਤਰੀ ਜੀ ਨੇ ਇਹ ਵਿਸ਼ਵਾਸ ਦਿੱਤਾ ਸੀ ਕਿ ਇਨ੍ਹਾਂ ਨੂੰ ਤਰੱਕੀ ਦਿੱਤੀ ਜਾਵੇਗੀ ਪਰ ਦੁੱਖ ਦੀ ਗੱਲ ਹੈ ਕਿ 13 ਸਾਲ ਬੀਤਣ ਤੋਂ ਬਾਅਦ ਵੀ ਅੱਜ ਤੱਕ ਨਿਯਮ ਨਹੀਂ ਬਣੇ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਵਿਅਕਤੀਆਂ ਨੇ 13 ਸਾਲ ਤੋਂ ਇਹ ਕੁਤਾਹੀ ਕੀਤੀ ਹੈ, ਕੀ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ ਅਤੇ ਕੀ ਕੋਈ ਐਸੀ ਗੱਲ ਇਨ੍ਹਾਂ ਦੇ ਵਿਚਾਰ ਅਧੀਨ ਹੈ ਤਾਂ ਕਿ ਨਿਯਮ ਬਣਾ ਕੇ ਉਨ੍ਹਾਂ ਇੰਸਟ੍ਰਕਟਰਾਂ ਨੂੰ ਤਰੱਕੀ ਦਿੱਤੀ ਜਾਵੇ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਜਵਾਬ ਦੇ ਵਿੱਚ ਵੀ ਦੱਸ ਚੁੱਕਿਆ ਹਾਂ ਕਿ ਜਿਹੜੇ ਇਨਸਟ੍ਰਕਟਰ ਹਨ, ਉਹ ਚਾਹੇ ਸਟੈਨੋਗ੍ਰਾਫੀ ਦੇ ਹਨ, ਚਾਹੇ ਦੂਸਰੇ ਹਨ, ਉਨ੍ਹਾਂ ਸਾਰਿਆਂ ਨੂੰ ਬਰਾਬਰ ਦੀ ਤਰੱਕੀ ਦੇ ਮੌਕੇ ਉਪਲਬਧ ਹਨ। ਉਹ ਆਪਣੀ ਆਪਣੀ ਤਰੱਕੀ ਆਪਣੀ ਆਪਣੀ ਕਾਬਲੀਅਤ ਅਤੇ ਸਿਨਿਓਰਟੀ ਅਨੁਸਾਰ ਲੈ ਸਕਦੇ ਹਨ। ਇਨ੍ਹਾਂ ਵਾਸਤੇ ਸਰਕਾਰ ਦੀ

[ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ]

ਵੱਖਰੇ ਤੌਰ ਤੇ ਕੋਈ ਤਜਵੀਜ਼ ਨਹੀਂ ਹੈ। ਜਿਹੜਾ ਉਨ੍ਹਾਂ ਪਾਸ ਤਰੱਕੀ ਦਾ ਤਰੀਕਾ ਉਪਲਬਧ ਹੈ, ਜਿਹੜਾ ਕਿ ਸਰਕਾਰ ਵੱਲੋਂ ਨੋਟੀਫਾਈਡ ਹੈ, ਉਨ੍ਹਾਂ ਅਨੁਸਾਰ ਜਿਸ ਦੀ ਤਰੱਕੀ ਬਣਦੀ ਹੈ, ਉਹ ਉਸ ਨੂੰ ਮਿਲੇਗੀ ਔਰ ਮਿਲਦੀ ਹੈ।

-----

## ਘਨੌਰ ਹਲਕੇ ਵਿੱਚ ਸੈਕੰਡਰੀ ਸਕੂਲਾਂ ਦਾ ਵੇਰਵਾ

***107. ਠੇਕੇਦਾਰ ਮਦਨ ਲਾਲ ਜਲਾਲਪੁਰ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਘਨੌਰ ਹਲਕੇ ਵਿੱਚ ਸੈਕੰਡਰੀ ਸਕੂਲ ਕਿੱਥੇ ਕਿੱਥੇ ਹਨ ਅਤੇ ਉੱਥੇ ਸਿੱਖਿਆ ਦੇ ਕਿਹੜੇ-ਕਿਹੜੇ ਗਰੁੱਪ ਚੱਲ ਰਹੇ ਹਨ;

(ਅ) ਕੀ ਉਪਰੋਕਤ ਗਰੁੱਪਾਂ ਵਿੱਚ ਵਿਦਿਆਰਥੀਆਂ ਮੁਤਾਬਕ ਅਧਿਆਪਕਾਂ ਦੀ ਨਫਰੀ ਪੂਰੀ ਹੈ ਜੇ ਨਹੀਂ ਤਾਂ ਇਸ ਕੇ ਕੀ ਕਾਰਨ ਹਨ ਅਤੇ ਉਕਤ ਖਾਲੀ ਅਸਾਮੀਆਂ ਭਰਨ ਲਈ ਕੋਈ ਉਪਰਾਲੇ ਕੀਤੇ ਜਾ ਰਹੇ ਹਨ?

**ਸ਼੍ਰੀਮਤੀ ਅਰੁਨਾ ਚੌਧਰੀ :** (ੳ) ਘਨੌਰ ਹਲਕੇ ਵਿੱਚ ਕੁੱਲ 15 ਸੀਨੀਅਰ ਸੈਕੰਡਰੀ ਸਕੂਲ ਚੱਲ ਰਹੇ ਹਨ। ਸਕੂਲਾਂ ਦੀ ਸੂਚੀ ਗਰੁੱਪਾਂ ਸਮੇਤ ਅਨੁਲੱਗ 'ੳ' ਤੇ ਹੈ।

(ਅ) ਨਫਰੀ ਪੂਰੀ ਨਹੀਂ ਹੈ ਕਿਉਂਕਿ 37 ਲੈਕਚਰਾਰਾਂ ਦੀਆਂ ਅਸਾਮੀਆਂ (ਅਨੁਲੱਗ-'ਅ') ਖਾਲੀ ਹਨ। ਇਹ ਅਸਾਮੀਆਂ ਬਦਲੀਆਂ/ਤਰੱਕੀਆਂ/ਸੇਵਾ ਮੁਕਤੀ ਹੋਣ ਕਾਰਨ ਖਾਲੀ ਹੋਈਆਂ ਹਨ। ਇਨ੍ਹਾਂ ਖਾਲੀ ਅਸਾਮੀਆਂ ਨੂੰ ਆਮ ਬਦਲੀਆਂ ਦੌਰਾਨ ਭਰਨ ਦੇ ਉਪਰਾਲੇ ਕੀਤੇ ਜਾਣਗੇ।

## ਅਨੁਲੱਗ 'ੳ'

ਘਨੌਰ ਹਲਕੇ ਵਿੱਚ ਸਥਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਉਨ੍ਹਾਂ ਵਿੱਚ ਚਲਦੇ ਗਰੁੱਪਾਂ ਦਾ ਵੇਰਵਾ

| ਲੜੀ ਨੰ: | ਸੀਨੀਅਰ ਸੈਕੰਡਰੀ ਸਕੂਲ ਦਾ ਨਾਂ ਜਿੱਥੇ ਗਰੁੱਪ ਚੱਲ ਰਹੇ ਹਨ | ਜਿਹੜੇ ਗਰੁੱਪ ਚੱਲ ਰਹੇ ਹਨ |
|---|---|---|
| 1 | ਘਨੌਰ | ਆਰਟਸ ਅਤੇ ਕਮਰਸ |
| 2 | ਤੇਪਲਾ | ਆਰਟਸ ਅਤੇ ਵੋਕੇਸ਼ਨਲ |

| | | |
|---|---|---|
| 3 | ਮੋਹੀਖੁਰਦ | ਆਰਟਸ ਅਤੇ ਵੋਕੇਸ਼ਨਲ |
| 4 | ਪੱਬਰੀ | ਆਰਟਸ, ਸਾਇੰਸ ਅਤੇ ਵੋਕੇਸ਼ਨਲ |
| 5 | ਭੇਡਵਾਲ | ਆਰਟਸ |
| 6 | ਨੌਗਾਵਾਂ | ਆਰਟਸ |
| 7 | ਮਰਦਾਂਪੁਰ | ਆਰਟਸ |
| 8 | ਅਜਰਾਵਰ | ਆਰਟਸ |
| 9 | ਹਰਪਾਲਪੁਰ | ਆਰਟਸ |
| 10 | ਸ਼ੰਭੂ ਕਲਾਂ | ਆਰਟਸ |
| 11 | ਲੋਹਸਿੰਬਲੀ | ਆਰਟਸ |
| 12 | ਉਲਾਣਾ | ਆਰਟਸ |
| 13 | ਸੇਹਰਾ | ਆਰਟਸ |
| 14 | ਕਪੂਰੀ | ਆਰਟਸ |
| 15 | ਚੱਪੜ | ਆਰਟਸ |

[ ਰਾਜ ਮੰਤਰੀ, ਸਿੱਖਿਆ ]

## ਅਨੁਲੱਗ 'ਅ'

ਘਨੌਰ ਹਲਕੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਚਲਦੇ ਗਰੁੱਪਾਂ ਅਨੁਸਾਰ ਸਕੂਲਾਂ ਵਿੱਚ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦਾ ਵੇਰਵਾ :

| ਲੜੀ ਨੰ: | ਸੈਕੰਡਰੀ ਸਕੂਲ ਦਾ ਨਾਂ | ਆਰਟਸ ਗਰੁੱਪ | | | ਕਾਮਰਸ ਗਰੁੱਪ | | | ਸਾਇੰਸ ਗਰੁੱਪ | | | ਵੋਕੇਸ਼ਨਲ ਗਰੁੱਪ | | | ਵਿਸ਼ੇਸ਼ ਕਥਨ |
|---|---|---|---|---|---|---|---|---|---|---|---|---|---|---|
| | | ਮਨਜ਼ੂਰ | ਭਰੀਆਂ | ਖਾਲੀ | ਮਨਜ਼ੂਰ | ਭਰੀਆਂ | ਖਾਲੀ | ਮਨਜ਼ੂਰ | ਭਰੀਆਂ | ਖਾਲੀ | ਮਨਜ਼ੂਰ | ਭਰੀਆਂ | ਖਾਲੀ | |
| 1 | ਘਨੌਰ | 9 | 8 | 1 | 2 | 2 | 0 | ਸਾਇੰਸ ਗਰੁੱਪ ਨਹੀਂ ਚਲਦਾ | | | 10 | 0 | 10 | ਵਿਦਿਆਰਥੀ ਨਾ ਹੋਣ ਕਾਰਨ ਵੋਕੇਸ਼ਨਲ ਗਰੁੱਪ ਡੈਡ ਹੈ। |
| 2 | ਤੇਪਲਾ | 10 | 9 | 1 | 2 | 0 | 2 | ਸਾਇੰਸ ਗਰੁੱਪ ਨਹੀਂ ਚਲਦਾ | | | 6 | 2 | 4 | ਕਾਮਰਸ ਗਰੁੱਪ ਵਿਦਿਆਰਥੀ ਨਾ ਹੋਣ ਕਾਰਨ ਡੈਡ ਹੈ। |
| 3 | ਮੋਹੀਖੁਰਦ | 5 | 5 | 0 | ਕਮਰਸ ਗਰੁੱਪ ਨਹੀਂ ਚਲਦਾ | | | ਸਾਇੰਸ ਗਰੁੱਪ ਨਹੀਂ ਚਲਦਾ | | | 6 | 2 | 4 | |
| 4 | ਪੱਬਰੀ | 8 | 8 | 0 | ਕਮਰਸ ਗਰੁੱਪ ਨਹੀਂ ਚਲਦਾ | | | 4 | 4 | 0 | 6 | 3 | 3 | |
| 5 | ਭੇਡਵਾਲ | 11 | 10 | 1 | ਕਮਰਸ ਗਰੁੱਪ ਨਹੀਂ ਚਲਦਾ | | | ਸਾਇੰਸ ਗਰੁੱਪ ਨਹੀਂ ਚਲਦਾ | | | 6 | 0 | 6 | ਵਿਦਿਆਰਥੀ ਨਾ ਹੋਣ ਕਾਰਨ ਵੋਕੇਸ਼ਨਲ ਗਰੁੱਪ ਡੈਡ ਹੈ। |

| | | | | | | | |
|---|---|---|---|---|---|---|---|
| 6 | ਨੌਗਾਵਾਂ | 5 | 4 | 1 | ਕਮਰਸ ਗਰੁੱਪ ਨਹੀਂ ਚਲਦਾ | ਸਾਇੰਸ ਗਰੁੱਪ ਨਹੀਂ ਚਲਦਾ | ਵੋਕੇਸ਼ਨਲ ਗਰੁੱਪ ਨਹੀਂ ਚਲਦਾ |
| 7 | ਮਰਦਾਂਪੁਰ | 6 | 4 | 2 | ਕਮਰਸ ਗਰੁੱਪ ਨਹੀਂ ਚਲਦਾ | ਸਾਇੰਸ ਗਰੁੱਪ ਨਹੀਂ ਚਲਦਾ | ਵੋਕੇਸ਼ਨਲ ਗਰੁੱਪ ਨਹੀਂ ਚਲਦਾ |
| 8 | ਅਜਰਾਵਰ | 4 | 4 | 0 | ਕਮਰਸ ਗਰੁੱਪ ਨਹੀਂ ਚਲਦਾ | ਸਾਇੰਸ ਗਰੁੱਪ ਨਹੀਂ ਚਲਦਾ | ਵੋਕੇਸ਼ਨਲ ਗਰੁੱਪ ਨਹੀਂ ਚਲਦਾ |
| 9 | ਹਰਪਾਲਪੁਰ | 6 | 6 | 0 | ਕਮਰਸ ਗਰੁੱਪ ਨਹੀਂ ਚਲਦਾ | ਸਾਇੰਸ ਗਰੁੱਪ ਨਹੀਂ ਚਲਦਾ | ਵੋਕੇਸ਼ਨਲ ਗਰੁੱਪ ਨਹੀਂ ਚਲਦਾ |
| 10 | ਸ਼ੰਭੂ ਕਲਾਂ | 6 | 6 | 0 | ਕਮਰਸ ਗਰੁੱਪ ਨਹੀਂ ਚਲਦਾ | ਸਾਇੰਸ ਗਰੁੱਪ ਨਹੀਂ ਚਲਦਾ | ਵੋਕੇਸ਼ਨਲ ਗਰੁੱਪ ਨਹੀਂ ਚਲਦਾ |
| 11 | ਲੋਹਸਿੰਬਲੀ | 4 | 2 | 2 | ਕਮਰਸ ਗਰੁੱਪ ਨਹੀਂ ਚਲਦਾ | ਸਾਇੰਸ ਗਰੁੱਪ ਨਹੀਂ ਚਲਦਾ | ਵੋਕੇਸ਼ਨਲ ਗਰੁੱਪ ਨਹੀਂ ਚਲਦਾ |
| 12 | ਉਲਾਣਾ | 6 | 6 | 0 | ਕਮਰਸ ਗਰੁੱਪ ਨਹੀਂ ਚਲਦਾ | ਸਾਇੰਸ ਗਰੁੱਪ ਨਹੀਂ ਚਲਦਾ | ਵੋਕੇਸ਼ਨਲ ਗਰੁੱਪ ਨਹੀਂ ਚਲਦਾ |
| 13 | ਸੇਹਰਾ | 4 | 4 | 0 | ਕਮਰਸ ਗਰੁੱਪ ਨਹੀਂ ਚਲਦਾ | ਸਾਇੰਸ ਗਰੁੱਪ ਨਹੀਂ ਚਲਦਾ | ਵੋਕੇਸ਼ਨਲ ਗਰੁੱਪ ਨਹੀਂ ਚਲਦਾ |
| 14 | ਕਪੂਰੀ | 5 | 5 | 0 | ਕਮਰਸ ਗਰੁੱਪ ਨਹੀਂ ਚਲਦਾ | ਸਾਇੰਸ ਗਰੁੱਪ ਨਹੀਂ ਚਲਦਾ | ਵੋਕੇਸ਼ਨਲ ਗਰੁੱਪ ਨਹੀਂ ਚਲਦਾ |
| 15 | ਚੱਪੜ | 4 | 4 | 0 | ਕਮਰਸ ਗਰੁੱਪ ਨਹੀਂ ਚਲਦਾ | ਸਾਇੰਸ ਗਰੁੱਪ ਨਹੀਂ ਚਲਦਾ | ਵੋਕੇਸ਼ਨਲ ਗਰੁੱਪ ਨਹੀਂ ਚਲਦਾ |

**ਠੇਕੇਦਾਰ ਮਦਨ ਲਾਲ ਜਲਾਲਪੁਰ :** ਸਪੀਕਰ ਸਾਹਿਬ, ਪੰਜਾਬ ਦੇ ਜਿੰਨੇ ਸਰਕਾਰੀ ਸਕੂਲ ਪਿੰਡਾਂ ਵਿੱਚ ਹਨ, ਉਨ੍ਹਾਂ ਸਾਰਿਆਂ ਵਿੱਚ ਕੋਈ ਵੀ ਟੀਚਰ ਜਾ ਕੇ ਰਾਜ਼ੀ ਨਹੀਂ ਹੈ। ਕਾਰਨ ਇਹ ਹੈ ਕਿ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿੱਚ ਜੋ ਮਕਾਨ ਕਿਰਾਇਆ ਭੱਤਾ ਹੈ, ਉਸ ਵਿੱਚ ਬਹੁਤ ਵੱਡਾ ਅੰਤਰ ਹੈ। ਪਟਿਆਲੇ ਮਕਾਨ ਕਿਰਾਇਆ ਭੱਤਾ 20 ਪ੍ਰਤੀਸ਼ਤ ਅਤੇ ਘਨੌਰ ਵਿੱਚ 30 ਕਿਲੋਮੀਟਰ ਜਾ ਕੇ ਜੋ ਸਕੂਲ ਹੈ, ਉਥੇ 10 ਪ੍ਰਤੀਸ਼ਤ ਹੈ, ਜਿਸ ਕਰਕੇ ਕੋਈ ਟੀਚਰ ਪੇਂਡੂ ਖੇਤਰਾਂ ਵਿੱਚ ਜਾ ਕੇ ਰਾਜ਼ੀ ਨਹੀਂ।

**ਮਾਨਯੋਗ ਸਪੀਕਰ :** ਸਵਾਲ ਕਰੋ ਜੀ।

**ਠੇਕੇਦਾਰ ਮਦਨ ਲਾਲ ਜਲਾਲਪੁਰ :** ਉਹ ਟੀਚਰ ਕਿਸੇ ਨਾ ਕਿਸੇ ਤਰੀਕੇ ਨਾਲ ਆਪਣੀਆਂ ਬਦਲੀਆਂ ਪਿੰਡਾਂ ਵਿਚੋਂ ਸ਼ਹਿਰਾਂ ਵਿੱਚ ਕਰਵਾ ਲੈਂਦੇ ਹਨ। ਇਹ ਜਿਹੜਾ ਮਕਾਨ ਕਿਰਾਏ ਭੱਤੇ ਦਾ ਇੰਨਾ ਵੱਡਾ ਪਾੜਾ ਹੈ, ਇਹ ਜਦੋਂ ਤੱਕ ਖਤਮ ਨਹੀਂ ਹੁੰਦਾ, ਉਦੋਂ ਤੱਕ ਪਿੰਡਾਂ ਵਿੱਚ ਟੀਚਰ ਨਹੀਂ ਰਹਿਣਗੇ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਪਾੜਾ ਕਦੋਂ ਖਤਮ ਕੀਤਾ ਜਾਵੇਗਾ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਪਿਛਲੇ ਸਾਲਾਂ ਦੇ ਦੌਰਾਨ ਇਸ ਤਰ੍ਹਾਂ ਦੇ ਕਾਫੀ ਕੰਮ ਹੋਏ ਹਨ ਕਿ ਜਿਨ੍ਹਾਂ ਟੀਚਰਾਂ ਦੀਆਂ ਡਿਊਟੀਆਂ ਪਿੰਡਾਂ ਦੇ ਵਿੱਚ ਸਨ, ਉਹ ਆਰਜ਼ੀ ਡਿਊਟੀਆਂ ਲਗਾ ਕੇ ਸ਼ਹਿਰਾਂ ਦੇ ਵਿੱਚ ਕੰਮ ਕਰ ਰਹੇ ਸਨ। ਸੋ, ਇਨ੍ਹਾਂ ਦੀਆਂ ਸਾਰੀਆਂ ਆਰਜ਼ੀ ਡਿਊਟੀਆਂ ਕੈਂਸਲ ਕਰਕੇ ਆਪਣੇ ਆਪਣੇ ਸਟੇਸ਼ਨਾਂ ਤੇ ਜਾਣ ਦੇ ਸਰਕਾਰ ਨੇ ਆਰਡਰ ਕਰ ਦਿੱਤੇ ਹਨ। ਦੂਸਰਾ, ਇਹ ਗੱਲ ਬਿਲਕੁਲ ਸਹੀ ਹੈ ਕਿ ਇਹ ਵੱਡਾ ਕਾਰਨ ਹੈ ਕਿ ਭੱਤੇ ਕਰਕੇ ਇਹ ਗੱਲ ਹੋ ਰਹੀ ਹੈ ਅਤੇ ਸਾਨੂੰ ਮੁਸ਼ਕਲ ਆ ਰਹੀ ਹੈ ਲੇਕਿਨ ਮੈਂ ਯਕੀਨ ਦਿਵਾਉਣਾ ਚਾਹੁੰਦੀ ਹਾਂ ਕਿ ਰੈਸ਼ਨੇਲਾਈਜੇਸ਼ਨ ਕਰਕੇ ਜਿਥੇ ਜਿਥੇ ਲੋੜ ਹੈ, ਉਥੇ ਉਥੇ ਹੀ ਟੀਚਰਾਂ ਨੂੰ ਭੇਜਿਆ ਜਾਵੇਗਾ।

**ਠੇਕੇਦਾਰ ਮਦਨ ਲਾਲ ਜਲਾਲਪੁਰ :** ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦੇ ਵਿੱਚ ਦੱਸਿਆ ਹੈ ਪਬਰੀ ਨੂੰ ਛੱਡ ਕੇ ਬਾਕੀ 14 ਪਿੰਡਾਂ ਵਿੱਚ ਆਰਟਸ ਸਕੂਲ ਚੱਲ ਰਹੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬਾਕੀ ਪਿੰਡਾਂ ਵਿੱਚ ਸਾਇੰਸ ਅਤੇ ਕਮਰਸ ਗਰੁੱਪ ਕਿਉਂ ਨਹੀਂ ਦਿੱਤੇ ਗਏ? ਜੇ ਪਿੰਡਾਂ ਦੇ ਸਕੂਲਾਂ ਵਿੱਚ ਸਾਇੰਸ ਅਤੇ ਕਮਰਸ ਗਰੁੱਪ ਨਹੀਂ ਹੋਣਗੇ ਤਾਂ ਫਿਰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦਾ ਮੁਕਾਬਲਾ ਉਹ ਕਿਵੇਂ ਕਰਨਗੇ? ਉਨ੍ਹਾਂ ਦਾ ਭਵਿੱਖ ਕੀ ਹੋਏਗਾ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਕਿ ਮੇਰੇ ਕੋਲ ਇਨ੍ਹਾਂ ਦੇ ਪੂਰੇ ਹਲਕੇ ਦੀ ਲਿਸਟ ਹੈ। ਘਨੌਰ ਹਲਕੇ ਦੇ ਵਿੱਚ ਸਾਇੰਸ ਗਰੁੱਪ ਨਹੀਂ ਹੈ ਕਿਉਂਕਿ ਉਥੇ ਵਿਦਿਆਰਥੀ ਨਹੀਂ ਹਨ। ਦੂਸਰਾ, ਤੇਪਲਾ ਵਿੱਚ ਕਮਰਸ ਗਰੁੱਪ ਦੇ ਵਿਦਿਆਰਥੀ ਨਾ ਹੋਣ ਕਾਰਨ ਇਹ ਡੈੱਡ ਹੈ। ਸੋ, ਇਹ ਸਾਰੀ ਲਿਸਟ ਮੇਰੇ ਕੋਲ ਹੈ, ਜੇ ਕਹੋ ਤਾਂ ਮੈਂ ਪੜ੍ਹ ਦੇਵਾਂ।

**ਮਾਨਯੋਗ ਸਪੀਕਰ :** ਲੋੜ ਨਹੀਂ ਹੈ। ਲਿਸਟ ਮੈਂਬਰ ਸਾਹਿਬ ਕੋਲ ਪਹੁੰਚ ਗਈ ਹੈ।

**ਰਾਜ ਮੰਤਰੀ :** ਜਿਥੇ ਜਿਥੇ ਸਟੂਡੈਂਟਸ ਹਨ, ਉਸੇ ਹਿਸਾਬ ਨਾਲ ਹੀ ਅਸੀਂ ਟੀਚਰ ਦੇਵਾਂਗੇ।

**ਮਾਨਯੋਗ ਸਪੀਕਰ :** ਮਦਨ ਲਾਲ ਜੀ, ਤੁਹਾਡਾ ਜਵਾਬ ਆ ਗਿਆ ਹੈ।

**ਠੇਕੇਦਾਰ ਮਦਨ ਲਾਲ ਜਲਾਲਪੁਰ :** ਨਹੀਂ ਆਇਆ ਜੀ। ਜੇਕਰ ਸਕੂਲਾਂ ਵਿੱਚ ਟੀਚਰ ਹੀ ਨਹੀਂ ਹਨ ਤਾਂ ਬੱਚੇ ਕਿਥੋਂ ਆਉਣਗੇ? ਮੈਨੂੰ ਸਵਾਲ ਪੂਰਾ ਤਾਂ ਕਰ ਲੈਣ ਦਿਓ ਜੀ।

**ਰਾਜ ਮੰਤਰੀ :** ਮੈਂ ਪਹਿਲਾਂ ਹੀ ਦੱਸ ਚੁੱਕੀ ਹਾਂ।

**ਠੇਕੇਦਾਰ ਮਦਨ ਲਾਲ ਜਲਾਲਪੁਰ :** ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ 37 ਲੈਕਚਰਾਰਾਂ ਦੀਆਂ ਆਸਾਮੀਆਂ ਖਾਲੀ ਹਨ ....

**ਮਾਨਯੋਗ ਸਪੀਕਰ :** ਸੁਣੋ ਜ਼ਰਾ, ਵਜ਼ੀਰ ਸਾਹਿਬ ਦੀ ਗੱਲ ਸੁਣੋ।

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਯਕੀਨ ਦਿਵਾਉਣਾ ਚਾਹੁੰਦੀ ਹਾਂ ਕਿ ਜਿਥੇ ਜਿਥੇ ਟੀਚਰਾਂ ਦੀ ਘਾਟ ਹੈ, ਅਸੀਂ ਬਹੁਤ ਜਲਦ ਰੈਸ਼ਨੇਲਾਈਜੇਸ਼ਨ ਕਰ ਰਹੇ ਹਾਂ, ਉਸ ਵਿੱਚ ਇਹ ਖਾਲੀ ਆਸਾਮੀਆਂ ਭਰੀਆਂ ਜਾਣਗੀਆਂ।

**ਮਾਨਯੋਗ ਸਪੀਕਰ :** ਰੈਸ਼ਨੇਲਾਈਜੇਸ਼ਨ ਦੇ ਵਿੱਚ ਖਾਲੀ ਆਸਾਮੀਆਂ ਭਰੀਆਂ ਜਾਣਗੀਆਂ। ਪਲੀਜ਼, ਹੁਣ ਬੈਠੋ।

**ਠੇਕੇਦਾਰ ਮਦਨ ਲਾਲ ਜਲਾਲਪੁਰ :** ਸਪੀਕਰ ਸਾਹਿਬ, ਗੱਲ ਤਾਂ ਪੂਰੀ ਕਰ ਲੈਣ ਦਿਓ।

**ਸਰਦਾਰ ਬਲਬੀਰ ਸਿੰਘ ਸਿੱਧੂ:** ਸਪੀਕਰ ਸਾਹਿਬ, ਮੈਨੂੰ ਆਪਣੀ ਗੱਲ ਕਹਿਣ ਦਿਉ ਜੀ।

**ਮਾਨਯੋਗ ਸਪੀਕਰ:** ਬਲਬੀਰ ਸਿੱਧੂ ਜੀ, ਸ਼੍ਰੀ ਮਦਨ ਲਾਲ ਜੀ ਖੜ੍ਹੇ ਹਨ, ਉਨ੍ਹਾਂ ਦਾ ਸਵਾਲ ਹੈ। ਤੁਸੀਂ ਬੈਠੋ ਪਲੀਜ਼।

**ਠੇਕੇਦਾਰ ਮਦਨ ਲਾਲ ਜਲਾਲਪੁਰ :** ਸਪੀਕਰ ਸਾਹਿਬ, ਸਾਡੇ ਸਕੂਲਾਂ ਵਿੱਚ ਟੀਚਰ ਹੀ ਨਹੀਂ ਹਨ, ਸਾਡਾ ਘਨੌਰ ਸ਼ਹਿਰ ਤੋਂ 30 ਕਿਲੋਮੀਟਰ ਪੈਂਦਾ ਹੈ, ਉਥੋਂ ਬੱਚਿਆਂ ਨੂੰ ਇੰਨੀ ਦੂਰ ਜਾਣਾ ਪੈਂਦਾ ਹੈ।

**ਮਾਨਯੋਗ ਸਪੀਕਰ:** ਤੁਹਾਨੂੰ ਵਿਸ਼ਵਾਸ ਦਿਵਾ ਦਿੱਤਾ ਹੈ...

**ਠੇਕੇਦਾਰ ਮਦਨ ਲਾਲ ਜਲਾਲਪੁਰ :** ਨਹੀਂ, ਸਪੀਕਰ ਸਾਹਿਬ, ਮੇਰਾ ਕਹਿਣ ਦਾ ਭਾਵ ਇਹ ਹੈ ਕਿ ਜਦੋਂ ਟੀਚਰ ਹੀ ਨਹੀਂ ਹੈ ਤਾਂ ਬੱਚੇ ਕਿੱਥੇ ਜਾਣਗੇ? ਕਈ ਪਿੰਡਾਂ ਦੇ ਬੱਚਿਆਂ ਨੂੰ 30 ਕਿਲੋਮੀਟਰ ਦੂਰ ਸ਼ਹਿਰ ਵਿਚ ਜਾਣਾ ਪੈਂਦਾ ਹੈ।

**ਮਾਨਯੋਗ ਸਪੀਕਰ:** ਫਿਰ ਵੀ ਤੁਹਾਨੂੰ ਐਸ਼ੋਰੈਂਸ ਦੇ ਦਿੱਤੀ ਹੈ, ਇਸ ਕਰਕੇ ਤੁਸੀਂ ਬੈਠ ਜਾਉ।

**ਰਾਜ ਮੰਤਰੀ:** ਸਪੀਕਰ ਸਾਹਿਬ, ਮੈਂ ਦੱਸਾਂ ।

**ਮਾਨਯੋਗ ਸਪੀਕਰ:** ਮੰਤਰੀ ਜੀ, ਤੁਸੀਂ ਬੈਠੋ, ਤੁਹਾਡੇ ਵਲੋਂ ਜਵਾਬ ਆ ਗਿਆ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਮੈਂ ਮਦਨ ਲਾਲ ਜੀ ਦੇ ਸਵਾਲ ਨੂੰ ਥੋੜ੍ਹਾ ਜਿਹਾ ਹੋਰ ਕਲੀਅਰ ਕਰਨਾ ਚਾਹੁੰਦਾ ਹਾਂ ਤੇ ਤੁਹਾਡੇ ਰਾਹੀਂ ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਦਲੀਆਂ ਨਾਲ ਹੀ ਸਾਰੋਗੇ ਜਾਂ ਜਿਹੜੇ ਸਾਡੇ ਨੌਜਵਾਨ ਟੈਂਕੀਆਂ ਦੇ ਉਤੇ ਚੜ੍ਹੇ ਬੈਠੇ ਹਨ, ਉਨ੍ਹਾਂ ਨੂੰ ਰੈਗੂਲਰ ਨੌਕਰੀਆਂ ਵੀ ਦਿਉਗੇ? ਜੇ ਦਿਉਗੇ ਤਾਂ ਕਦੋਂ ਤੱਕ ਦਿਉਗੇ?

**ਮਾਨਯੋਗ ਸਪੀਕਰ:** ਇਹ ਤੁਸੀਂ ਵੱਖਰਾ ਸਵਾਲ ਦੇ ਦਿਉ। ਹਾਂ ਜੀ, ਅਗਲਾ ਸਵਾਲ। ਜ਼ੀਰਾ ਜੀ।

----

## ਬੁਢਾਪਾ ਪੈਨਸ਼ਨਾਂ ਦੀ ਪੜਤਾਲ ਕਰਨਾ

***208. ਸਰਦਾਰ ਕੁਲਬੀਰ ਸਿੰਘ :** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵਿਧਾਨ ਸਭਾ ਹਲਕਾ ਜ਼ੀਰਾ ਵਿੱਚ ਗਲਤ ਤੌਰ ਤੇ ਲਗਾਈਆਂ ਗਈਆਂ ਬੁਢਾਪਾ ਪੈਨਸ਼ਨਾਂ ਦੀ ਪੜਤਾਲ ਕਰਨ ਦਾ ਵਿਚਾਰ ਰੱਖਦੀ ਹੈ, ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** ਸ਼੍ਰੀਮਾਨ ਜੀ, ਹਾਂ ਜੀ। ਸਮੁੱਚੇ ਪੰਜਾਬ ਵਿੱਚ ਹੀ ਬੁਢਾਪਾ ਪੈਨਸ਼ਨਾਂ ਦੀ ਪੜਤਾਲ ਜਲਦ ਹੀ ਕਰਵਾਈ ਜਾਵੇਗੀ।

**ਸਰਦਾਰ ਕੁਲਬੀਰ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦਾ, ਪੂਰੀ ਸਰਕਾਰ ਦਾ ਤੇ ਕੈਪਟਨ ਅਮਰਿੰਦਰ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਇਹ ਪੈਨਸ਼ਨ 500/- ਰੁਪਏ ਤੋਂ 250/- ਰੁਪਏ ਕੀਤੀ ਹੈ...

(**ਅਵਾਜ਼ਾਂ**: 250/- ਨਹੀਂ ਕੀਤੀ, 750/- ਕੀਤੀ ਹੈ।) (ਹਾਸਾ)

**ਸਰਦਾਰ ਕੁਲਬੀਰ ਸਿੰਘ :** 250/- ਰੁਪਿਆ ਵਧਾ ਕੇ ਇਹ 750/- ਰੁਪਏ ਪੈਨਸ਼ਨ ਕੀਤੀ ਹੈ। ਇਹ 250/- ਰੁਪਿਆ ਵਧਾਈ ਹੈ।

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ। ਪਲੀਜ਼ ਕੁਮੈਂਟਰੀ ਨਾ ਕਰੋ।

**ਸਰਦਾਰ ਕੁਲਬੀਰ ਸਿੰਘ :** ਮੇਰਾ ਮੰਤਰੀ ਸਾਹਿਬਾ ਨੂੰ ਇਹ ਸਵਾਲ ਹੈ ਕਿ ਪਿਛਲੀ ਸਰਕਾਰ ਦੇ ਦੌਰਾਨ ਬਹੁਤ ਪੈਨਸ਼ਨਾਂ ਗਲਤ ਲੱਗੀਆਂ ਹਨ। ਮੈਂ ਚਾਹੁੰਦਾ ਹਾਂ ਕਿ ਜਲਦੀ ਤੋਂ ਜਲਦੀ ਟਾਈਮ ਬਾਊਂਡ ਕਰਕੇ ਇਸ ਦੀ ਪੜਤਾਲ ਕੀਤੀ ਜਾਵੇ ਤਾਂ ਜੋ ਪਿਛਲੀ ਸਰਕਾਰ ਨੇ ਜੋ ਗਲਤ ਪੈਨਸ਼ਨਾਂ ਲਗਾਈਆਂ ਹਨ ਉਨ੍ਹਾਂ ਨੂੰ ਇਹ ਜਿਹੜੀ 250/- ਰੁਪਿਆ ਪੈਨਸ਼ਨ ਵਧਾਈ ਹੈ, ਇਸ ਦਾ ਲਾਭ ਨਾ ਮਿਲ ਸਕੇ। ਮੈਂ ਟਾਈਮ ਬਾਊਂਡ ਮੰਗਦਾ ਹਾਂ।

**ਰਾਜ ਮੰਤਰੀ:** ਸਪੀਕਰ ਸਾਹਿਬ, ਡੀ.ਸੀ. ਸਾਹਿਬ ਨੂੰ ਹਦਾਇਤਾਂ ਜਾ ਚੁੱਕੀਆਂ ਹਨ, ਦੋ ਮਹੀਨੇ ਦੇ ਅੰਦਰ-ਅੰਦਰ ਪੜਤਾਲ ਹੋ ਜਾਵੇਗੀ। ਸਮਾਜਿਕ ਸੁਰੱਖਿਆ ਵਿਭਾਗ ਦੇ ਕਰਮਚਾਰੀ ਇਨ੍ਹਾਂ ਦਾ ਸਾਥ ਦੇਣਗੇ।

**ਸਰਦਾਰ ਕੁਲਬੀਰ ਸਿੰਘ :** ਧੰਨਵਾਦ ਜੀ।

----

## ਕਮਿਊਨਿਟੀ ਹੈਲਥ ਸੈਂਟਰ ਅਪਗ੍ਰੇਡ ਕਰਨਾ

***221. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਪਟਿਆਲਾ ਵਿੱਚ ਸਾਲ 2016 ਦੌਰਾਨ ਦੂਧਨ ਸਾਧਾਂ ਵਿਖੇ ਨਵੀਂ ਸਬ ਡਵੀਜ਼ਨ ਬਣ ਜਾਣ ਕਰਕੇ ਉਥੇ ਚਲ ਰਹੇ ਕਮਿਊਨਿਟੀ ਹੈਲਥ ਸੈਂਟਰ ਨੂੰ ਅਪਗ੍ਰੇਡ ਕਰਕੇ ਇਕ ਸਬ

[ ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ]

ਡਵੀਜ਼ਨਲ ਹਸਪਤਾਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੋਵੇ ਤਾਂ ਇਹ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

**ਸ਼੍ਰੀ ਬ੍ਰਹਮ ਮਹਿੰਦਰਾ :** ਨਹੀਂ ਸ਼੍ਰੀਮਾਨ ਜੀ, ਹਾਲ ਦੀ ਘੜੀ ਦੂਧਨ ਸਾਧਾਂ ਵਿਖੇ ਕਮਿਊਨਿਟੀ ਹੈਲਥ ਸੈਂਟਰ ਨੂੰ ਅਪਗ੍ਰੇਡ ਕਰਕੇ ਇਕ ਸਬ-ਡਵੀਜ਼ਨਲ ਹਸਪਤਾਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਬਾਰੇ ਸਮਝਦਾ ਹਾਂ ਕਿ ਇਹ ਸਿਹਤ ਵਿਭਾਗ ਲਈ ਬਹੁਤ ਹੀ ਤਜਰਬੇਕਾਰ ਤੇ ਹੰਢੇ ਹੋਏ ਸਿਆਣੇ ਮੰਤਰੀ ਹਨ। ਇਨ੍ਹਾਂ ਤੋਂ ਆਸ ਵੀ ਕੀਤੀ ਜਾ ਸਕਦੀ ਹੈ। ਸਰ, ਦੂਧਨ ਸਾਧਾਂ ਇਕ ਉਹ ਥਾਂ ਹੈ ਜਿਥੇ ਕੋਈ ਟਰਾਂਸਪੋਰਟ ਫੈਸਿਲਟੀ ਨਹੀਂ ਹੈ ਅਤੇ ਇਸ ਦੇ ਨਾਲ ਲਗਦੇ ਪਿੰਡਾਂ ਨੇ ਵੀ ਕਦੇ ਬੱਸ ਸੇਵਾ ਨਹੀਂ ਵੇਖੀ ਹੋਵੇਗੀ। ਪਿਛੇ ਜਿਹੇ ਸੀ.ਐਚ.ਸੀ. ਬਣੀ ਹੈ। ਦੂਧਨ ਸਾਧਾਂ ਸਬ-ਡਵੀਜ਼ਨ ਹੈ ਅਤੇ ਸਰਕਾਰ ਦੀ ਇਹ ਨੀਤੀ ਰਹੀ ਹੈ ਕਿ ਹਰ ਸਬ-ਡਵੀਜ਼ਨ ਵਿੱਚ ਸਬ ਡਵੀਜ਼ਨਲ ਹਸਪਤਾਲ ਬਣਾ ਕੇ ਦਿੱਤਾ ਜਾਂਦਾ ਹੈ। ਤੁਸੀਂ ਨਾਂਹ ਦੇ ਵਿਚ ਜਵਾਬ ਦਿੱਤਾ ਹੈ ਪਰ ਮੈਨੂੰ ਅੱਗੋਂ ਤੁਹਾਡੇ ਤੋਂ ਆਸ ਹੈ ਕਿਉਂਕਿ ਇਹ ਜ਼ਿਲ੍ਹਾ ਤੁਹਾਡਾ ਆਪਣਾ ਜ਼ਿਲ੍ਹਾ ਵੀ ਹੈ ਤੇ ਮਾਨਯੋਗ ਮੁੱਖ ਮੰਤਰੀ ਸਾਹਿਬ ਜੀ ਦਾ ਵੀ ਜ਼ਿਲ੍ਹਾ ਹੈ। ਉਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਹਸਪਤਾਲ ਅੱਪਗਰੇਡ ਨਹੀਂ ਕੀਤਾ ਜਾ ਸਕਦਾ ਤਾਂ ਘੱਟੋ ਘੱਟ ਉਸ ਸਮੇਂ ਤੱਕ ਕੋਈ ਐਕਸਰੇ ਮਸ਼ੀਨ..

**ਮਾਨਯੋਗ ਸਪੀਕਰ:** ਤੁਸੀਂ ਸਵਾਲ ਕਰੋ ਜੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ, ਜਿਹੜੀਆਂ ਬੇਸਿਕ ਰਿਕੁਆਇਰਮੈਂਟਸ ਹਨ, ਨੀਡਜ਼ ਹਨ, ਇਕੁਇਪਮੈਂਟਸ ਹਨ, ਜਿਵੇਂ ਐਕਸਰੇ ਮਸ਼ੀਨ ਹੈ, ਇਹ ਦੇ ਦਿੱਤੀ ਜਾਵੇ। ਕੋਈ ਸਪੈਸ਼ੇਲਿਸਟ ਡਾਕਟਰ ਵੀ ਉਸ ਸੀ.ਐਚ.ਸੀ. ਵਿਚ ਮੌਜੂਦ ਨਹੀਂ ਹੈ। ਮੰਤਰੀ ਜੀ ਕੋਈ ਸਮਾਂ ਸੀਮਾ ਦੱਸਣ ਕਿ ਕਦੋਂ ਤੱਕ ਇਹ ਐਕਸਰੇ ਮਸ਼ੀਨ ਤੇ ਹੋਰ ਇਕੁਇਪਮੈਂਟਸ ਜਿਹੜੇ ਹਨ ਉਥੇ ਪ੍ਰੋਵਾਈਡ ਕਰੋਗੇ ਤੇ ਸਪੈਸ਼ਲੀ ਡਾਕਟਰ ਕਦੋਂ ਤੱਕ ਉਥੇ ਪਹੁੰਚਾ ਦਿੱਤੇ ਜਾਣਗੇ।

**ਮੰਤਰੀ:** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਮੈਨੂੰ ਸਿਆਣਾ ਮੰਤਰੀ ਕਿਹਾ ਹੈ...

**ਮਾਨਯੋਗ ਸਪੀਕਰ:** ਸਿਆਣਾ ਉਮਰ ਵਿਚ ਨਹੀਂ ਕਿਹਾ।

**ਸਥਾਨਕ ਸਰਕਾਰ ਮੰਤਰੀ:** ਬਹੁਤ ਸਿਆਣੇ ਹਨ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ:** ਸਪੀਕਰ ਸਾਹਿਬ, ਪਿਛੇ ਇਨ੍ਹਾਂ ਦੀ ਸਰਕਾਰ ਸੀ ਉਸ ਵੇਲੇ ਇਨ੍ਹਾਂ ਦੀ ਸਰਕਾਰ ਨੇ ਬਹੁਤ ਸੋਹਣੀ ਬਿਲਡਿੰਗ ਬਣਾਈ, ਕਰੋੜਾਂ ਰੁਪਿਆ ਖਰਚ ਕਰਕੇ ਇੱਕ ਅੱਛੀ ਬਿਲਡਿੰਗ ਬਣਾਈ। ਮੈਂ ਇਸ ਗੱਲ ਤੋਂ ਬੜਾ ਹੈਰਾਨ ਹਾਂ ਕਿ ਉਸ ਬਿਲਡਿੰਗ ਨੂੰ ਹੁਣ ਤੱਕ ਖਾਲੀ ਰੱਖਿਆ ਹੋਇਆ ਹੈ। ਅੱਜ ਸਾਨੂੰ ਸਿਰਫ 100 ਦਿਨ ਵੀ ਪੂਰੇ ਨਹੀਂ ਹੋਏ ਤੇ ਇਨ੍ਹਾਂ ਨੂੰ ਇਹ ਫਿਕਰ ਪੈ ਗਿਆ ਕਿ ਅਸੀਂ ਆਹ ਨਹੀਂ ਕੀਤਾ, ਉਹ ਨਹੀਂ ਕੀਤਾ। ਇਨ੍ਹਾਂ ਨੇ ਪਿਛਲੀ ਸਰਕਾਰ ਤੋਂ ਇਸ ਤਰ੍ਹਾਂ ਦਾ ਕੰਮ ਕਿਉਂ ਨਹੀਂ ਪੁੱਛਿਆ? ਇਹ ਹੁਣ ਮੰਨਣ ਕਿ ਹਾਂ ਸਾਡੀ ਪਿਛਲੀ ਸਰਕਾਰ ਨਹੀਂ ਕੁਝ ਕਰ ਸਕੀ। ਮੈਂ ਤਾਂ ਚਾਰ ਦਿਨ ਤੋਂ ਰੌਲਾ ਪਾ ਰਿਹਾ ਹਾਂ ਕਿ ਪਿਛਲੇ ਪੰਜ ਸਾਲਾਂ ਤੋਂ ਪੰਜਾਬ ਦੀ ਪਿਛਲੀ ਸਰਕਾਰ ਸੀ, ਉਨ੍ਹਾਂ ਨੇ ਹੈਲਥ ਕੇਅਰ ਸਿਸਟਮ ਦਾ ਸਤਿਆਨਾਸ ਕੀਤਾ ਹੋਇਆ ਹੈ।(ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਬਿਲਡਿੰਗ ਬਣਾਉਣ ਦੀ ਕੀ ਲੋੜ ਸੀ? ਜਿਹੜਾ ਇਨ੍ਹਾਂ ਨੇ ਸਵਾਲ ਪੁੱਛਿਆ ਸੀ ਉਸ ਦਾ ਜਵਾਬ ਇਹ ਹੈ ਕਿ ਹਾਲ ਦੀ ਘੜੀ ਸਾਡੀ ਕੋਈ ਤਜਵੀਜ਼ ਨਹੀਂ ਹੈ।

**ਮਾਨਯੋਗ ਸਪੀਕਰ :** ਹਾਂ ਜੀ, ਤੁਸੀਂ ਬੋਲੋ ਸਰਦਾਰ ਹਰਦਿਆਲ ਸਿੰਘ ਜੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਮੈਨੂੰ ਮੇਰੇ ਸਵਾਲ ਦੀ ਸਪਲੀਮੈਂਟਰੀ ਦਿਓ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਹੈਲਥ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ, ਸਾਡਾ ਇਲਾਕਾ ਹਰਿਆਣੇ ਨਾਲ ਜੁੜਿਆ ਹੋਇਆ ਹੈ, ਬਾਰਡਰ ਦਾ ਏਰੀਆ ਹੈ। ਇਹ ਸਾਡੇ ਮਾਨਯੋਗ ਬਹੁਤ ਹੀ ਸਤਿਕਾਰਯੋਗ ਮੰਤਰੀ ਹਨ ਅਤੇ ਉਸ ਏਰੀਏ ਬਾਰੇ ਇਹ ਵੀ ਵਾਕਫ ਹਨ। ਵਜ਼ੀਰ ਸਾਹਿਬ ਨੇ ਮੰਨਿਆ ਹੈ ਕਿ ਉਥੇ ਕਾਫੀ ਅੱਛੀ ਬਿਲਡਿੰਗ ਬਣੀ ਹੋਈ ਹੈ, ਪਾਰਕਿੰਗ ਦਾ ਵੀ ਪ੍ਰਬੰਧ ਹੈ। ਪੱਛੜਿਆ ਹੋਇਆ ਇਲਾਕਾ ਹੋਣ ਕਾਰਨ ਮੈਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਇਲਾਕੇ ਦੇ ਹਸਪਤਾਲ ਨੂੰ ਸਬ ਡਵੀਜ਼ਨ ਲੈਵਲ ਦਾ ਜ਼ਰੂਰ ਬਣਾ ਕੇ ਦਿੱਤਾ ਜਾਵੇ....

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ ਜੀ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸਪੀਕਰ ਸਾਹਿਬ, ਇਹ ਹਸਪਤਾਲ ਕਦੋਂ ਤੱਕ ਬਣਾ ਕੇ ਦਿੱਤਾ ਜਾਵੇਗਾ? ਇਹ ਇਲਾਕੇ ਦੀ ਬਹੁਤ ਵੱਡੀ ਜ਼ਰੂਰਤ ਹੈ। ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਭਵਿੱਖ ਵਿੱਚ ਇਨ੍ਹਾਂ ਕੋਲ ਕੋਈ ਐਸੀ ਯੋਜਨਾ ਹੈ, ਇਸ ਹਸਪਤਾਲ ਨੂੰ ਸਬ-ਡਵੀਜ਼ਨ ਲੈਵਲ ਦਾ ਕਦੋਂ ਤੱਕ ਘੋਸ਼ਿਤ ਕਰਨਗੇ।

**ਮੰਤਰੀ :** ਸਪੀਕਰ ਸਾਹਿਬ, ਮੇਰੇ ਕੋਲ ਪਿਛਲੇ ਤਿੰਨ ਸਾਲਾਂ ਦੇ ਇਸ ਹਸਪਤਾਲ ਦੇ ਅੰਕੜੇ ਹਨ। ਇਨ੍ਹਾਂ ਵਿੱਚ ਸਾਲ 2015, 2016 ਅਤੇ ਸਾਲ 2017 ਦੀ ਜਨਵਰੀ ਤੋਂ ਮਈ ਤੱਕ ਦੇ ਹੁਣ ਤੱਕ ਦੇ ਅੰਕੜਿਆਂ ਮੁਤਾਬਿਕ, ਜੋ ਸਾਲ 2015 ਵਿੱਚ ਪੁਜ਼ੀਸ਼ਨ ਸੀ, ਉਸ ਵਿੱਚ ਸਾਲ 2016 ਵਿੱਚ ਗਿਰਾਵਟ ਆ ਗਈ। ਇਸ ਹਸਪਤਾਲ ਦੀ 2016 ਵਿੱਚ ਬਿਲਡਿੰਗ ਬਣ ਗਈ ਅਤੇ ਇਨ੍ਹਾਂ ਦੇ ਪੀਰੀਅਡ ਤੱਕ (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਿਜ਼ ਵੱਲ ਇਸ਼ਾਰਾ) ਹੋਰ ਗਿਰਾਵਟ ਆ ਗਈ। ਮਾਈਨਰ ਅਤੇ ਮੇਜਰ ਸਰਜਰੀਜ਼, ਇਨ-ਆਊਟ ਪੇਸ਼ੈਂਟਸ ਸਾਰਿਆਂ ਵਿੱਚ ਗਿਰਾਵਟ ਹੈ, ਜੇ ਮੈਂ ਪੜ੍ਹਨ ਲੱਗਿਆ ਤਾਂ ਟਾਈਮ ਲੱਗ ਜਾਵੇਗਾ। ਮੈਂ ਇਹ ਗੱਲ ਦੱਸਣਾ ਚਾਹੁੰਦਾ ਸੀ ਕਿ ਅਕਾਲੀ ਦਲ ਦੀ ਸਰਕਾਰ ਨੇ ਆਪਣੇ ਪਿਛਲੇ ਦਿਨਾਂ ਵਿੱਚ ਕੀ ਕੀਤਾ। ਮੈਨੂੰ ਸਮਝ ਨਹੀਂ ਆਈ ਕਿਉਂਕਿ ਨਾ ਤਾਂ ਉਥੇ ਕੋਈ ਐਕਸਰੇ ਮਸ਼ੀਨ ਦਾ ਬੰਦੋਬਸਤ ਕੀਤਾ, ਨਾ ਕੋਈ ਡਾਕਟਰ ਭੇਜਣ ਦਾ ਬੰਦੋਬਸਤ ਕੀਤਾ। ਬਿਲਡਿੰਗ ਜ਼ਰੂਰ ਬਹੁਤ ਸੋਹਣੀ ਬਣਾ ਦਿੱਤੀ, ਹੁਣ ਜੋ ਮਾਨਯੋਗ ਮੈਂਬਰ ਸਰਦਾਰ ਹਰਦਿਆਲ ਸਿੰਘ ਜੀ ਨੇ ਪੁੱਛਿਆ ਹੈ, ਇਹ ਸਾਡੇ ਬੜੇ ਸਤਿਕਾਰਯੋਗ ਮੈਂਬਰ ਹਨ, ਕਲ੍ਹ ਬਜਟ ਪੇਸ਼ ਹੋਇਆ ਹੈ ਅਤੇ ਕਲ੍ਹ ਅਸੀਂ ਉਸ ਨੂੰ ਪਾਸ ਕਰਨਾ ਹੈ। ਮੈਂ ਮੈਂਬਰ ਸਾਹਿਬ ਨੂੰ ਐਸ਼ਿਓਰ ਕਰਨਾ ਚਾਹੁੰਦਾ ਹਾਂ ਕਿ ਅਸੀਂ ਫੰਡਜ਼ ਵਿਚੋਂ ਇਸ ਹਸਪਤਾਲ ਵਾਸਤੇ ਜ਼ਰੂਰ ਕੁਝ ਨਾ ਕੁਝ ਕਰਾਉਣ ਦੀ ਕੋਸ਼ਿਸ਼ ਕਰਾਂਗੇ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ...

**ਮਾਨਯੋਗ ਸਪੀਕਰ :** ਹਾਂ ਜੀ, ਦੱਸੋ ਕੀ ਕਹਿਣਾ ਚਾਹੁੰਦੇ ਹੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਮੰਤਰੀ ਜੀ ਤਜ਼ਰਬੇਕਾਰ ਹਨ ਅਤੇ ਆਪਣੇ ਤਜ਼ਰਬੇ ਵਿਚੋਂ ਜਿਹੜਾ ਉੱਤਰ ਲੱਭਿਆ ਹੈ, ਮੈਂ ਸਮਝਦਾ ਹਾਂ ਕਿ ਬੜੇ ਹੀ ਅਨੋਖੇ ਢੰਗ ਨਾਲ ਲੱਭਿਆ ਹੈ। ਮੈਨੂੰ ਇਨ੍ਹਾਂ ਦਾ ਜਵਾਬ ਆਇਆ ਕਿ ਤੁਹਾਨੂੰ ਹੁਣ ਯਾਦ ਆ ਗਈ। ਮੇਰੇ ਸਵਾਲ ਦਾ ਜਵਾਬ ਦੇਣ ਦੀ ਥਾਂ, ਮੈਂ ਸਮਝਦਾ ਹਾਂ ਕਿ ਕਿਸੇ ਹੋਰ ਪਾਸੇ ਨੂੰ ਇਹ ਗੱਲ ਲੈ ਗਏ। ਇਹ ਸਾਲ 2016 ਵਿੱਚ ਸੀ.ਐਚ.ਸੀ. ਬਣੀ ਸੀ...

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਇਹ ਇਲੈਕਸ਼ਨਾਂ ਵਿਚੋਂ ਹੀ ਨਹੀਂ ਨਿਕਲੇ, ਤੁਹਾਡੀ ਜ਼ਿੰਮੇਵਾਰੀ ਬਣਦੀ ਹੈ ਅਤੇ ਇਹ ਲੋਕਾਂ ਨੇ ਲਗਾਈ ਹੈ।

ਮੈਂ ਤੁਹਾਨੂੰ ਇਕ ਛੋਟਾ ਜਿਹਾ ਸਵਾਲ ਕਰਦਾ ਹਾਂ ਅਤੇ ਮੈਨੂੰ ਉਸ ਦਾ ਜਵਾਬ ਨਹੀਂ ਮਿਲਿਆ। ਤੁਸੀਂ ਇਸ ਨੂੰ ਅੱਪਗ੍ਰੇਡ ਜਦੋਂ ਕਰਨਾ ਹੈ, ਉਦੋਂ ਕਰਿਓ ਪਰ ਘੱਟੋ ਘੱਟ ਜਿਹੜੀ ਬੇਸਿਕ ਅੱਜ ਦੀ ਜ਼ਰੂਰਤ ਹੈ, ਐਕਸਰੇ ਮਸ਼ੀਨ ਦੇਣ ਲਈ ਤਿੰਨ ਮਹੀਨੇ ਘੱਟ ਹਨ? ਇਸ ਲਈ ਵੀ ਆਪਾਂ ਨੂੰ ਨੀਤੀ ਬਣਾਉਣੀ ਪੈਣੀ ਹੈ?

**ਮਾਨਯੋਗ ਸਪੀਕਰ :** ਚੰਦੂਮਾਜਰਾ ਜੀ, ਸਵਾਲ ਪੁੱਛੋ।

**ਮੰਤਰੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਗੱਲ ਦਾ ਜ਼ਰੂਰ ਜਵਾਬ ਦੇਣਾ ਚਾਹਾਂਗਾ ਜੀ। ਇਨ੍ਹਾਂ ਨੂੰ ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ, ਸਰਕਾਰ ਕੋਈ ਫੰਡ ਇਸ ਕੰਮ ਲਈ ਛੱਡ ਕੇ ਗਈ ਹੈ, ਕੀ ਇਨ੍ਹਾਂ ਨੇ ਕੋਈ ਫੰਡ ਛੱਡਿਆ ਹੈ ਤਾਂ ਕਿ ਅਸੀਂ ਐਕਸਰੇ ਮਸ਼ੀਨ ਲਗਾ ਲਈਏ।(ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) 10 ਸਾਲਾਂ ਵਿੱਚ ਤੁਸੀਂ ਕੋਈ ਪੈਸੇ ਉਥੇ ਛੱਡੇ ਹਨ? ਕਿੱਥੇ ਗਏ ਉਹ ਫੰਡਜ਼ ਜਿਹੜੇ ਹੈਲਥ ਕੇਅਰ ਲਈ ਐਲੋਕੇਟ ਹੋਏ ਸੀ? ਮੈਂ ਇਸ ਗੱਲ ਬਾਰੇ ਜਾਣਨਾ ਚਾਹੁੰਦਾ ਹਾਂ।

-----

## ਆਦਮਪੁਰ ਵਿਖੇ ਸੀਵਰੇਜ ਪ੍ਰੋਜੈਕਟ ਦੇ ਕੰਮ ਦੀ ਮੌਜੂਦਾ ਸਥਿਤੀ

***244. ਸ਼੍ਰੀ ਪਵਨ ਕੁਮਾਰ ਟੀਨੂ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਆਦਮਪੁਰ ਸ਼ਹਿਰ ਵਿੱਚ ਅਪ੍ਰੈਲ 2016 ਦੌਰਾਨ ਜੋ ਸੀਵਰੇਜ ਪ੍ਰੋਜੈਕਟ STP/MPS ਦਾ ਕੰਮ ਸ਼ੁਰੂ ਕੀਤਾ ਗਿਆ ਸੀ, ਉਸ ਦੀ ਮੌਜੂਦਾ ਸਥਿਤੀ ਕੀ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ :** ਆਦਮਪੁਰ ਕਸਬੇ ਵਿਖੇ Providing 100% Sewerage scheme in remaining area of Adampur ਪਿਛਲੀ ਸਰਕਾਰ ਵੱਲੋਂ ਅਪ੍ਰੈਲ, 2016 ਦੌਰਾਨ ਅਰਬਨ ਮਿਸ਼ਨ ਸਕੀਮ ਅਧੀਨ ਪ੍ਰਵਾਨ ਹੋਈ, 1725.00 ਲੱਖ ਰੁਪਏ ਦੀ ਡਿਟੇਲਡ ਪ੍ਰੋਜੈਕਟ ਰਿਪੋਰਟ ਵਿਰੁੱਧ 583.11 ਲੱਖ ਰੁਪਏ ਦੇ ਫੰਡ ਪ੍ਰਾਪਤ ਹੋਏ ਹਨ। ਇਸ ਨਾਲ 3.75 ਕਿਲੋਮੀਟਰ ਮੇਨ ਸੀਵਰ, 10.25 ਕਿਲੋਮੀਟਰ ਬ੍ਰਾਂਚ ਸੀਵਰ ਦਾ ਕੰਮ ਕੀਤਾ ਗਿਆ ਹੈ ਅਤੇ ਮੇਨ ਪੰਪਿੰਗ ਸਟੇਸ਼ਨ ਦਾ ਕੰਮ 10% ਪੂਰਾ ਹੋ ਚੁੱਕਾ ਹੈ। ਸੀਵੇਜ ਟ੍ਰੀਟਮੈਂਟ ਪਲਾਂਟ ਲਈ 1.25 ਏਕੜ ਜ਼ਮੀਨ ਐਕੁਆਇਰ ਹੋ ਚੁੱਕੀ ਹੈ। ਬਾਕੀ ਰਹਿੰਦੇ ਕੰਮ ਫੰਡਜ਼ ਪ੍ਰਾਪਤ ਹੋਣ ਤੇ ਕੀਤੇ ਜਾਣਗੇ।

ਜਦੋਂ ਪਿਛਲੇ ਸਾਲਾਂ ਦੌਰਾਨ ਐਸ.ਟੀ.ਪੀ. ਬਣਨੇ ਸ਼ੁਰੂ ਹੋਏ ਸਨ ਤਾਂ ਇਨ੍ਹਾਂ

[ ਸਥਾਨਕ ਸਰਕਾਰ ਮੰਤਰੀ ]

ਦਾ ਪਾਣੀ ਸੋਧਣ ਉਪਰੰਤ ਡਰੇਨਾਂ ਵਿੱਚ ਪਾਏ ਜਾਣ ਦੀ ਤਜਵੀਜ਼ ਸੀ ਅਤੇ ਉਸ ਵੇਲੇ ਇਸ ਪਾਣੀ ਨੂੰ ਸਿੰਜਾਈ ਜਾਂ ਕਿਸੇ ਹੋਰ ਮਕਸਦ ਲਈ ਵਰਤਣ ਲਈ ਕੋਈ ਵਿਆਪਕ ਵਿਵਸਥਾ ਨਹੀਂ ਸੀ। ਹੁਣ ਨਵੀਂ ਸਰਕਾਰ ਵਲੋਂ ਸਾਰੇ ਪਲਾਂਟਾਂ ਦਾ ਸੋਧਿਆ ਹੋਇਆ ਪਾਣੀ ਡਰੇਨਾਂ ਵਿੱਚ ਜਾਇਆ ਕਰਨ ਦੀ ਬਜਾਏ ਇਸ ਨੂੰ ਪੂਰੇ ਦਾ ਪੂਰਾ ਮੁੜ ਵਰਤੋਂ ਵਿੱਚ ਲਿਆਉਣ ਦਾ ਟੀਚਾ ਦਿੱਤਾ ਹੈ। ਇਸ ਮੰਤਵ ਲਈ ਮਈ, 2017 ਵਿੱਚ 'ਸਟੇਟ ਟਰੀਟਡ ਵੇਸਟ ਵਾਟਰ ਪਾਲਿਸੀ-2017' ਨੋਟੀਫਾਈ ਕੀਤੀ ਗਈ ਹੈ। ਇਸ ਅਨੁਸਾਰ ਆਉਣ ਵਾਲੇ ਸਮੇਂ ਵਿੱਚ ਸਾਰੇ ਟਰੀਟਮੈਂਟ ਪਲਾਂਟਾਂ ਤੋਂ ਨਿਕਲਣ ਵਾਲਾ ਸੋਧਿਆ ਹੋਇਆ ਪਾਣੀ ਸਿੰਜਾਈ, ਇੰਡਸਟਰੀ, ਬਾਗਬਾਨੀ, ਥਰਮਲ ਪਲਾਂਟ ਆਦਿਕ ਲਈ ਵਰਤੋਂ ਵਿੱਚ ਲਿਆਂਦਾ ਜਾਵੇਗਾ। ਇਸ ਲਈ ਉਕਤ ਡੀ.ਪੀ.ਆਰ. ਨੂੰ ਇਨ੍ਹਾਂ ਮਾਪਦੰਡਾਂ ਅਨੁਸਾਰ ਸੋਧਿਆ ਜਾਵੇਗਾ।

ਸਪੀਕਰ ਸਾਹਿਬ, ਹੁਣ ਮੈਂ ਇੱਕ ਬਹੁਤ ਹੀ ਅਹਿਮ ਮਸਲਾ ਇਸ ਅਸੰਬਲੀ ਵਿੱਚ ਰੱਖਣਾ ਚਾਹੁੰਦਾ ਹਾਂ ਜਿਹੜਾ ਪੰਜਾਬ ਦੇ ਲਈ ਬਹੁਤ ਹੀ ਮਹੱਤਵਪੂਰਨ ਹੈ। ਸਪੀਕਰ ਸਾਹਿਬ, ਜੇਕਰ 17 ਕਰੋੜ ਰੁਪਏ ਦੀ ਲਾਗਤ ਦੇ ਹਿਸਾਬ ਨਾਲ ਲਾਈਏ ਤਾਂ ਪਿਛਲੀ ਵਾਰ 1300 ਕਰੋੜ ਰੁਪਏ ਦੇ ਕਰੀਬ ਰਕਮ ਨਾਲ 64 ਸੀਵਰੇਜ ਟਰੀਟਮੈਂਟ ਪਲਾਂਟ ਲੱਗੇ। ਜਿਨ੍ਹਾਂ ਦਾ ਮਕਸਦ ਇਹ ਹੁੰਦਾ ਹੈ ਕਿ ਸੀਵਰੇਜ ਵਾਟਰ ਨੂੰ ਟਰੀਟ ਕਰਕੇ ਪਾਣੀ ਕਿਸਾਨਾਂ ਨੂੰ ਖੇਤਾਂ ਵਿਚ ਇਸਤੇਮਾਲ ਲਈ ਦਿੱਤਾ ਜਾਵੇ, ਇੰਡਸਟਰੀ ਲਈ ਇਸਤੇਮਾਲ ਹੋਵੇ ਜਾਂ ਰੁੱਖਾਂ ਦੇ ਵਾਸਤੇ ਇਸਤੇਮਾਲ ਹੋਵੇ। ਮਾਨਯੋਗ ਸਪੀਕਰ ਸਾਹਿਬ, ਇਹ ਸੂਬੇ ਦੇ ਲਈ ਬੜੀ ਦੁਰਭਾਗਪੂਰਨ ਗੱਲ ਹੈ ਕਿ ਇਨ੍ਹਾਂ 64 ਐਸ.ਟੀ.ਪੀਜ਼ ਦੇ ਵਿਚੋਂ ਇੱਕ ਵੀ ਨਹੀਂ ਚਲਦਾ।(ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਹ ਕਿਸਾਨਾਂ ਦੀ ਗੱਲ ਕਰਦੇ ਹਨ, ਸਿਰਫ 2% ਟ੍ਰੀਟਡ ਪਾਣੀ ਹੀ ਕਿਸਾਨਾਂ ਦੇ ਕੋਲ ਜਾ ਰਿਹਾ ਹੈ। ਸਪੀਕਰ ਸਾਹਿਬ, ਇਹ ਬੜਾ ਮਹੱਤਵਪੂਰਨ ਅਤੇ ਅਹਿਮ ਮਸਲਾ ਹੈ। ਜਦੋਂ ਦੇਸ਼ ਅਜ਼ਾਦ ਹੋਇਆ.....

**ਸ਼੍ਰੀ ਪਵਨ ਕੁਮਾਰ ਟੀਨੂ:** ਸਵਾਲ ਦਾ ਜਵਾਬ ਦਿਉ।

**ਮੰਤਰੀ:** ਮੈਂ ਸਵਾਲ ਦਾ ਜਵਾਬ ਹੀ ਦੇ ਰਿਹਾ ਹਾਂ। ਬਿਲਕੁਲ ਟਿਕਾ ਕੇ ਜਵਾਬ ਦੇਵਾਂਗਾ।(...ਵਿਘਨ) ਜਦੋਂ ਦੇਸ਼ ਅਜ਼ਾਦ ਹੋਇਆ....

**ਸਰਦਾਰ ਅਜੀਤ ਸਿੰਘ ਕੋਹਾੜ:** ਇਹ ਭਾਸ਼ਣ ਦੇਣ ਲੱਗ ਪਏ ਹਨ।

(**ਕੁਝ ਅਵਾਜ਼ਾਂ:** ਭਾਸ਼ਣ ਨਾ ਦਿਉ, ਸਵਾਲ ਦਾ ਜਵਾਬ ਦਿਉ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਪਲੀਜ਼, ਬੈਠੋ। ਮੰਤਰੀ ਜੀ, ਜਵਾਬ ਦਿਉ।

**ਮੰਤਰੀ:** ਮੈਂ ਕਿਹਾ ਕਿ ਭਾਸ਼ਣ ਨਹੀਂ, ਮੈਂ ਤੁਹਾਡੇ ਸਵਾਲ ਦਾ ਠੋਕ ਕੇ ਜਵਾਬ ਦੇ ਰਿਹਾ ਹਾਂ। ਸਰ, ਇਸ ਦਾ ਜਵਾਬ ਇਹ ਹੈ ਕਿ.....(ਵਿਘਨ, ਸ਼ੋਰ) ਇਹ ਸੁਣਨਾ ਨਹੀਂ ਚਾਹੁੰਦੇ। ਇਹ ਸੱਚ ਨੂੰ ਸੁਣ ਨਹੀਂ ਸਕਦੇ। ਮੈਂ ਸੱਚ ਦੱਸਣਾ ਚਾਹੁੰਦਾ ਹਾਂ।(ਵਿਘਨ,ਸ਼ੋਰ)

**Mr. Speaker:** Be brief.

**ਮੰਤਰੀ:** ਸਰ, ਇਸ ਦਾ ਜਵਾਬ ਇਹ ਹੈ ਕਿ ....

**ਸ਼੍ਰੀ ਪਵਨ ਕੁਮਾਰ ਟੀਨੂ:** ਹੁਣ ਕੰਮ ਕਰਕੇ ਦਿਖਾਉਣ।(....ਵਿਘਨ)

**ਮੰਤਰੀ:** ਇਸ ਦਾ ਜਵਾਬ ਇਹ ਹੈ ਕਿ ਫਾਈਨਾਂਸ ਮਨਿਸਟਰ ਅਤੇ ਚੀਫ਼ ਮਨਿਸਟਰ ਸਾਹਿਬ ਨੇ ਹਦਾਇਤ ਦੇ ਕੇ ਸਟੇਟ ਟਰੀਟਡ ਵੇਸਟ ਵਾਟਰ ਪਾਲਿਸੀ, 2017 ਲਿਆਂਦੀ ਹੈ। ਅਸੀਂ ਸਾਰੇ ਐਸ.ਟੀ.ਪੀਜ਼ ਚਲਾ ਕੇ ਦਿਆਂਗੇ। ਜਾਓ....ਔਰ ਨਵਾਂ ਵੀ ਲਗਾ ਕੇ ਦਿਆਂਗੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, ਬੈਠੋ।

**ਸ਼੍ਰੀ ਪਵਨ ਕੁਮਾਰ ਟੀਨੂ :** ਮੰਤਰੀ ਜੀ, ਕੰਮ ਕਰਕੇ ਦਿਖਾਉ, ਐਕਟਿੰਗ ਨਾ ਕਰੋ। ਬਿਆਨਬਾਜ਼ੀ ਨਾਲ ਕੁਝ ਨਹੀਂ ਹੋਣਾ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਟੀਨੂ ਜੀ, ਸਪਲੀਮੈਂਟਰੀ ਪੁੱਛੋ। ਬਾਕੀ ਸਾਰੇ ਬੈਠੋ। ਸਿੱਧੂ ਸਾਹਿਬ, ਬੈਠੋ।

**ਮੰਤਰੀ:** ਸਪੀਕਰ ਸਾਹਿਬ, ਮੈਂ ਇਸ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਵਿਦੇਸ਼ਾਂ ਵਿੱਚ ਸੀਵਰੇਜ ਦੇ ਪਾਣੀ ਨੂੰ ਪੀਣ ਵਾਲਾ ਪਾਣੀ ਬਣਾਇਆ ਗਿਆ ਹੈ ਪਰ ਇਨ੍ਹਾਂ ਤੋਂ ਸੀਵਰੇਜ ਦਾ ਪਾਣੀ ਖੇਤਾਂ ਵਿੱਚ ਵੀ ਨਹੀਂ ਪਹੁੰਚਾਇਆ ਜਾ ਸਕਿਆ ਅਤੇ ਇਹ ਕਿਸਾਨਾਂ ਦੀ ਗੱਲ ਕਰਦੇ ਹਨ?(ਥੰਪਿੰਗ)

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, ਬੈਠੋ।(ਵਿਘਨ, ਸ਼ੋਰ) ਬੈਠੋ, ਬੈਠੋ। ਬੈਠੋ।

**ਸ਼੍ਰੀ ਪਵਨ ਕੁਮਾਰ ਟੀਨੂ:** ** ** (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਬੈਠੋ ਜੀ। ਸਿੱਧੂ ਸਾਹਿਬ, ਬੈਠੋ।

(ਇਸ ਸਮੇਂ ਸਥਾਨਕ ਸਰਕਾਰ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਜੋ ਕਿ ਜ਼ਿਆਦਾ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਸ਼੍ਰੀ ਪਵਨ ਕੁਮਾਰ ਟੀਨੂ:** ** **

**ਮਾਨਯੋਗ ਸਪੀਕਰ:** ਕੀ ਤੁਸੀਂ ਆਪਣਾ ਸਵਾਲ ਪੁੱਛਦੇ ਹੋ? ਤੁਸੀਂ ਸਵਾਲ ਪੁੱਛਦੇ ਹੋ? ਤੁਸੀਂ ਆਪਣੀ ਸਪਲੀਮੈਂਟਰੀ ਪੁੱਛੋ।(ਵਿਘਨ..ਸ਼ੋਰ) ਸਪਲੀਮੈਂਟਰੀ ਤਾਂ ਪੁੱਛੋ।(ਵਿਘਨ,ਸ਼ੋਰ) ਬੈਠੋ, ਬੈਠੋ। ਤੁਸੀਂ ਮੈਨੂੰ ਗਾਈਡ ਨਾ ਕਰੋ। ਦਰਸ਼ਨ ਸਿੰਘ ਜੀ, ਤੁਸੀਂ ਵੀ ਬੈਠੋ। ਇੱਕ ਮਿੰਟ, ਤੁਸੀਂ ਮੈਨੂੰ ਗਾਈਡ ਨਾ ਕਰੋ। ਤੁਸੀਂ ਕੀ ਕਰਦੇ ਰਹੇ ਹੋ, ਇਹ ਮੈਨੂੰ ਵੀ ਪਤਾ ਹੈ। ਇਸ ਕਰਕੇ ਤੁਸੀਂ ਆਪਣਾ ਸਵਾਲ ਪੁੱਛੋ।

**ਮੰਤਰੀ:** ** **(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, ਬੈਠੋ।

**ਸ਼੍ਰੀ ਪਵਨ ਕੁਮਾਰ ਟੀਨੂ:** ** ** (ਵਿਘਨ, ਸ਼ੋਰ)

(ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ:** ਤੁਸੀਂ ਸਪਲੀਮੈਂਟਰੀ ਪੁੱਛੋ। ਕੀ ਤੁਸੀਂ ਸਪਲੀਮੈਂਟਰੀ ਪੁੱਛਣੀ ਹੈ ਜਾਂ ਨਹੀਂ ਪੁੱਛਣੀ? ਆਪਣਾ ਸਵਾਲ ਪੁੱਛੋ।

**ਸ਼੍ਰੀ ਪਵਨ ਕੁਮਾਰ ਟੀਨੂ:** ਪੁੱਛਾਂਗਾ।

**ਮਾਨਯੋਗ ਸਪੀਕਰ:** ਪੁੱਛੋ ਫਿਰ। ਸਵਾਲ ਪੁੱਛੋ। ਸਾਰੇ ਬੈਠੋ।

(**ਕੁਝ ਅਵਾਜ਼ਾਂ:** ਸਵਾਲ ਪੁੱਛੋ, ਸਵਾਲ ਪੁੱਛੋ।)

**ਮੰਤਰੀ:** ਮਿੱਤਰਾ, ਤੇਰਾ ਐਸ.ਟੀ.ਪੀ. ਮੈਂ ਬਣਾ ਕੇ ਦੇਵਾਂਗਾ। ਮੈਂ ਬਣਾ ਕੇ ਦੇਵਾਂਗਾ।

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, address the Chair.

---

** Expunged as ordered by the Chair.

**ਮੰਤਰੀ:** ਮੈਂ ਤੈਨੂੰ ਆਸਵਾਸ਼ਨ ਦਿੰਦਾ ਹਾਂ ਮਿੱਤਰਾ, ਮੈਂ ਬਣਾ ਕੇ ਦੇਵਾਂਗਾ ਪਰ ਇਹ ਪੰਜਾਬ ਦੇ ਲਈ ਹੈ, ਤੇਰੇ ਖਾਤਰ ਨਹੀਂ।(ਥੰਪਿੰਗ) (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, address the Chair. (ਵਿਘਨ,ਸ਼ੋਰ)

**ਮੰਤਰੀ:** ਕਿਸੇ ਮੰਤਰੀ ਨੇ ਕੁਮਿਟਮੈਂਟ ਨਹੀਂ ਕੀਤੀ ਲੇਕਿਨ ਪੰਜਾਬ ਦੇ ਹੱਕ ਵਾਸਤੇ ਅਸੀਂ ਆਪੋਜੀਸ਼ਨ ਨਹੀਂ ਦੇਖਣੀ। ਮਿੱਤਰਾ, ਮੈਂ ਤੇਰਾ ਕੰਮ ਕਰਵਾ ਕੇ ਦੇਵਾਂਗਾ।

**ਸ਼੍ਰੀ ਪਵਨ ਕੁਮਾਰ ਟੀਨੂ:** ਇਹ ਅਸੀਂ ਬਣਾਏ ਸੀ, ਅਸੀਂ ਜ਼ਮੀਨ ਲੈ ਕੇ ਦਿੱਤੀ, ਪੈਸੇ ਦਿੱਤੇ। ਤੁਸੀਂ ਐਕਟਿੰਗ ਨਾ ਕਰੋ।

(ਇਸ ਸਮੇਂ ਸਦਨ ਵਿੱਚ ਹਾਜ਼ਰ ਸ਼੍ਰੋਮਣੀ ਅਕਾਲੀ ਦਲ ਦੇ ਸਮੂਹ ਮੈਂਬਰ ਅਤੇ ਟਰੇਜ਼ਰੀ ਬੈਂਚਿਜ ਵਲੋਂ ਵੀ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ, ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, ਬੈਠੋ। ਸਰਦਾਰ ਦਰਸ਼ਨ ਸਿੰਘ ਜੀ, ਬੈਠੋ।(ਵਿਘਨ, ਸ਼ੋਰ) ਬਿਲਕੁਲ ਤੁਹਾਡੀ ਗੱਲ ਨਹੀਂ ਸੁਣਨੀ।

**ਸ਼੍ਰੀ ਪਵਨ ਕੁਮਾਰ ਟੀਨੂ:** ਮਾਨਯੋਗ ਸਪੀਕਰ ਸਾਹਿਬ, ਪਹਿਲਾਂ ਤਾਂ ਇਨ੍ਹਾਂ ਦਾ ਵਿਚ ਟੋਕਣਾ ਬੰਦ ਕਰਾਓ ਫਿਰ ਤੁਸੀਂ ਸਾਡੇ ਮੈਂਬਰਾਂ ਦੇ ਸਵਾਲ ਸੁਣੋ।

**ਮਾਨਯੋਗ ਸਪੀਕਰ:** ਮੈਂ ਗੱਲ ਕਰਾਂਗਾ, ਮੈਂ ਬਾਅਦ ਵਿਚ ਗੱਲ ਕਰਾਂਗਾ।

**ਸ਼੍ਰੀ ਪਵਨ ਕੁਮਾਰ ਟੀਨੂ:** ਮੇਰੀ ਬੇਨਤੀ ਹੈ ਕਿ ਮਾਨਯੋਗ ਮੰਤਰੀ ਜੀ ਨੇ ਪਹਿਲਾਂ ਇਹ ਕਿਹਾ ਕਿ ਪੰਜਾਬ ਵਿਚ ਕੋਈ ਵੀ ਐਸ.ਟੀ.ਪੀ. ਨਹੀਂ ਚਲਦਾ। ਇਹ ਗਲਤ ਹੈ। ਜਲੰਧਰ, ਅਬੋਹਰ, ਨਕੋਦਰ ਅਤੇ ਜ਼ੀਰਕਪੁਰ ਵਿਚ ਚੱਲ ਰਹੇ ਹਨ।(ਵਿਘਨ...ਸ਼ੋਰ) ਇਕ ਮਿੰਟ, ਮੰਤਰੀ ਜੀ ਸੁਣ ਲਓ। ਇਹ ਹਾਊਸ ਨੂੰ ਮਿਸਲੀਡ ਕੀਤਾ ਗਿਆ ਹੈ। ਇਨ੍ਹਾਂ ਨੇ ਕਿਹਾ ਕਿ ਅਸੀਂ ਐਸ.ਟੀ.ਪੀ. ਪਲਾਂਟ ਦਾ ਪਾਣੀ ਵਰਤਣਯੋਗ ਬਣਾਵਾਂਗੇ। ਕਿੰਨੀ ਕੁ ਦੇਰ ਵਿਚ ਇਹ ਪੂਰੇ ਪੰਜਾਬ ਵਿਚ ਪਾਣੀ ਵਰਤਣਯੋਗ ਬਣਾ ਦੇਣਗੇ ਅਤੇ ਇਹ ਕਿੰਨੇ ਸਮੇਂ ਵਿਚ ਕਰਨਗੇ?

**ਮੰਤਰੀ:** ਤੁਹਾਡੇ ਤੋਂ 10 ਸਾਲਾਂ ਵਿਚ ਨਹੀਂ ਹੋਇਆ, ਸਾਨੂੰ ਕੀ ਪੁੱਛਦੇ ਹੋ।

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, ਪਲੀਜ਼ ਬੈਠੋ।

**ਸ਼੍ਰੀ ਪਵਨ ਕੁਮਾਰ ਟੀਨੂ:** ਸਾਨੂੰ ਇਥੋਂ ਬਾਹਰ ਕੱਢ ਦਿਓ, ਫਿਰ ਤੁਸੀਂ ਇਕੱਲੇ ਹੀ ਹਾਊਸ ਚਲਾ ਲੈਣਾ। ਸਪੀਕਰ ਸਾਹਿਬ, ਮੰਤਰੀ ਜੀ ਨੂੰ ਰੋਕੋ। ਇਹ ਕੀ

[ਸ਼੍ਰੀ ਪਵਨ ਕੁਮਾਰ ਟੀਨੂ]
ਕਰਦੇ ਹਨ, ਇਹ ਹਾਊਸ ਦੀ ਮਰਿਆਦਾ ਭੰਗ ਕਰ ਰਹੇ ਹਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ ਆਪਣੀ ਸੀਟ ਤੋਂ ਉੱਠ ਕੇ ਥੋੜ੍ਹਾ ਜਿਹਾ ਅੱਗੇ ਆ ਗਏ।)

**ਮਾਨਯੋਗ ਸਪੀਕਰ:** ਟੀਨੂ ਜੀ, ਤੁਸੀਂ ਪਲੀਜ਼ ਆਪਣੀ ਸੀਟ ਤੇ ਜਾਓ। ਸਿੱਧੂ ਸਾਹਿਬ, ਪਲੀਜ਼ ਬੈਠੋ। ਇਸ ਤਰ੍ਹਾਂ ਨਾ ਕਰੋ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਮੇਰਾ ਦੂਜਾ ਸਵਾਲ ਇਹ ਹੈ, ਇਨ੍ਹਾਂ ਨੇ ਕਿਹਾ ਹੈ ਕਿ ਟਰੀਟਮੈਂਟ ਪਲਾਂਟ ਚਲਦੇ ਨਹੀਂ ਹਨ। ਕੀ ਮੰਤਰੀ ਜੀ ਜ਼ਿੰਮੇਵਾਰ ਅਧਿਕਾਰੀਆਂ ਅਤੇ ਅਫਸਰਾਂ ਨੂੰ ਜਵਾਬਦੇਹ ਬਣਾਉਣਗੇ? ਇੰਜੀਨੀਅਰਜ਼ ਅਤੇ ਟੈਕਨੀਕਲ ਬੰਦਿਆਂ ਨੂੰ ਜਵਾਬਦੇਹ ਬਣਾਉਣਗੇ, ਜਿਨ੍ਹਾਂ ਨੇ ਇਨ੍ਹਾਂ ਪਲਾਂਟਾਂ ਨੂੰ ਠੀਕ ਤਰੀਕੇ ਨਾਲ ਚੱਲਣਯੋਗ ਨਹੀਂ ਬਣਾਇਆ। ਕੀ ਮੰਤਰੀ ਜੀ ਇਸ ਨੂੰ ਟਾਈਮ ਬਾਊਂਡ ਕਰਨਗੇ? ਅਸੀਂ ਜਾਣਦੇ ਹਾਂ ਕਿ ਥੱਲੇ ਕੁਰੱਪਸ਼ਨ ਹੈ। ਕੀ ਮੰਤਰੀ ਜੀ ਹਾਊਸ ਵਿਚ ਜਵਾਬ ਦੇਣਗੇ ਅਤੇ ਕੋਈ ਟਾਈਮ ਬਾਊਂਡ ਇਨਕੁਆਇਰੀ ਕਰਵਾਉਣਗੇ?(ਵਿਘਨ..ਸ਼ੋਰ) ਇਕ ਮਿੰਟ ਜੀ। ਦੂਜੀ ਗੱਲ....

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ:** ਸਪੀਕਰ ਸਾਹਿਬ, ਸਪਲੀਮੈਂਟਰੀ ਜੀ।

**ਮਾਨਯੋਗ ਸਪੀਕਰ:** ਰੰਧਾਵਾ ਜੀ, ਪਲੀਜ਼ ਬੈਠੋ। ਪਲੀਜ਼ ਪ੍ਰਸ਼ਨ ਕਾਲ ਚੱਲਣ ਦਿਓ।

**ਸ਼੍ਰੀ ਪਵਨ ਕੁਮਾਰ ਟੀਨੂ:** ਅਸੀਂ ਤਾਂ 5 ਕਰੋੜ 83 ਲੱਖ ਰੁਪਿਆ ਜਾਰੀ ਕਰਕੇ ਕੰਮ ਕਰਵਾ ਦਿੱਤਾ ਸੀ। ਕੀ ਹੁਣ ਮੇਨ ਸੀਵਰ, ਬਰਾਂਚ ਲਾਈਨਾਂ ਦਾ ਕੰਮ ਚਾਲੂ ਕਰਵਾਉਣ ਲਈ ਪੈਸੇ ਜਾਰੀ ਕੀਤੇ ਜਾਣਗੇ? ਤੀਜੀ ਗੱਲ....

**ਮਾਨਯੋਗ ਸਪੀਕਰ:** ਟੀਨੂੰ ਜੀ, ਤੁਸੀਂ ਗੱਲ ਸੁਣੋ।

**ਸ਼੍ਰੀ ਪਵਨ ਕੁਮਾਰ ਟੀਨੂ:** ਤੁਸੀਂ ਤਾਂ ਵਿੱਤ ਮੰਤਰੀ ਜੀ ਨੂੰ ਵਧਾਈ ਵੀ ਦੇ ਦਿੱਤੀ ਕਿ ਪੈਸੇ ਬਹੁਤ ਮਿਲ ਗਏ। ਹੁਣ ਕਿੰਨੇ ਮਹੀਨਿਆਂ ਵਿਚ ਇਹ ਕੰਮ ਸ਼ੁਰੂ ਕਰੋਗੇ?

**ਮਾਨਯੋਗ ਸਪੀਕਰ:** ਟੀਨੂੰ ਜੀ, ਤੁਸੀਂ ਗੱਲ ਸੁਣੋ। ਤੁਸੀਂ ਮੇਰੀ ਗੱਲ ਸੁਣੋਗੇ ਜਾਂ ਨਹੀਂ?

**ਸ਼੍ਰੀ ਪਵਨ ਕੁਮਾਰ ਟੀਨੂ:** ਹਾਂ ਜੀ, ਸਪੀਕਰ ਸਾਹਿਬ।

**ਮਾਨਯੋਗ ਸਪੀਕਰ:** ਤੁਹਾਡੇ ਕਈ ਸਵਾਲ ਇਕੱਠੇ ਹੋ ਗਏ। ਇਕ ਇਕ ਕਰਕੇ ਪੁੱਛੋ। ਇਸ ਤਰ੍ਹਾਂ ਫਿਰ ਜਵਾਬ ਪਰਾਪਰ ਨਹੀਂ ਮਿਲਣਾ। ਮੰਤਰੀ ਜੀ, ਕੀ ਤੁਸੀਂ ਇਸ ਦੀ ਇਨਕੁਆਇਰੀ ਕਰਵਾਉਗੇ, ਜਵਾਬਦੇਹੀ ਫਿਕਸ ਕਰੋਗੇ ਜਿਨ੍ਹਾਂ ਲੋਕਾਂ ਨੇ ਕੁਤਾਹੀ ਕੀਤੀ ਹੈ, ਇਹ ਸਵਾਲ ਹੈ।

**ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ 6 ਐਸ.ਟੀ.ਪੀਜ਼ ਦੀ ਇੰਸਪੈਕਸ਼ਨ ਕਰਕੇ ਆਇਆ ਹਾਂ। ਮੈਂਬਰ ਸਾਹਿਬ ਇਥੇ ਬੈਠੇ ਹਨ, ਇਨ੍ਹਾਂ ਨੂੰ ਪੁੱਛੋ ਕਿ ਜਦੋਂ ਮੈਂ ਡੇਰਾ ਬਾਬਾ ਨਾਨਕ ਗਿਆ ਸੀ ਤਾਂ ਐਸ.ਡੀ.ਓ. ਸਸਪੈਂਡ ਕਰਕੇ ਆਇਆ ਸੀ ਜਾਂ ਨਹੀਂ? ਇਨ੍ਹਾਂ ਨੂੰ ਪੁੱਛੋ।(ਟਰੇਜ਼ਰੀ ਬੈਂਚਿੰਜ਼ ਵਲੋਂ ਥੰਪਿੰਗ) ਇਸੇ ਕਰਕੇ ਸਸਪੈਂਡ ਕਰਕੇ ਆਇਆ ਸੀ ਕਿ ਐਸ.ਟੀ.ਪੀ. ਦਾ ਪਾਣੀ ਖੇਤਾਂ ਨੂੰ ਨਹੀਂ ਜਾਂਦਾ ਸੀ ਔਰ ਉਹ ਸੁੱਤੇ ਪਏ ਦੇਖਦੇ ਰਹੇ। ਸਪੀਕਰ ਸਾਹਿਬ, ਅੱਜ ਮੈਂਬਰ ਸਾਹਿਬ ਨੇ ਗੱਲ ਕੀਤੀ ਕਿ ਪਾਣੀ ਥੱਲੇ ਜਾ ਰਿਹਾ ਹੈ। ਸਪੀਕਰ ਸਾਹਿਬ, ਮੈਂ ਸਾਰੇ ਹਾਊਸ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਦੇਸ਼ ਅਜ਼ਾਦ ਹੋਇਆ ਸੀ ਤਾਂ 38 ਫੀਸਦੀ ਜੰਗਲ ਸੀ ਅਤੇ 5 ਫੁੱਟ ਤੇ ਪਾਣੀ ਸੀ ਪਰੰਤੂ ਅੱਜ ਅਸੀਂ 33 ਫੀਸਦੀ ਜੰਗਲ ਲੰਘਾ ਗਏ ਹਾਂ ਅਤੇ ਪਾਣੀ 265 ਫੁੱਟ ਤੇ ਹੈ ਅਤੇ ਜੇਕਰ ਇਹ ਸੀਵਰੇਜ ਟਰੀਟਮੈਂਟ ਪਲਾਂਟ ਦਾ ਪਾਣੀ ਖੇਤਾਂ ਦੇ ਵਿਚ ਜਾਵੇਗਾ ਤਾਂ ਵਾਟਰ ਚਾਰਜਿੰਗ ਆਪਣੇ ਆਪ ਹੋਵੇਗੀ। ਇਸ ਕਰਕੇ ਸਾਡੇ ਸੀ.ਐਮ. ਸਾਹਿਬ ਅਤੇ ਮੇਰੇ ਵੀਰ ਜਿਸ ਤੇ ਮੈਨੂੰ ਮਾਣ ਹੈ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਇਕ ਪ੍ਰੋਗਰਾਮ ਬਣਾਇਆ ਹੈ ਕਿ ਆਉਣ ਵਾਲੇ ਇਕ-ਡੇਢ ਸਾਲ ਵਿਚ ਨਾ ਸਿਰਫ਼ ਅਸੀਂ ਪੁਰਾਣੇ ਟਰੀਟਮੈਂਟ ਪਲਾਂਟ ਚਲਾ ਕੇ ਦੇਵਾਂਗੇ ਸਗੋਂ ਇਹੋ ਜਿਹੇ ਮੈਂਬਰ ਸਾਹਿਬਾਨਾਂ ਦੇ ਵੀ ਅਸੀਂ ਸੀਵਰੇਜ ਟਰੀਟਮੈਂਟ ਪਲਾਂਟ ਟਿਕਾ ਕੇ ਚਲਾ ਕੇ ਦੇਵਾਂਗੇ।(ਵਿਘਨ..ਸ਼ੋਰ) ਸੁਣੋ, ਸੁਣੋ।

**Shri Pawan Kumar Tinu :** Please mind your language Mr. Sidhu.

**Minister:** What language ? ਕੀ ਲੈਂਗਵੇਜ?(ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਬੈਠੋ, ਬੈਠੋ। ਸਿੱਧੂ ਸਾਹਿਬ, ਪਲੀਜ਼ ਬੈਠੋ। ਸਿੱਧੂ ਸਾਹਿਬ, ਬੈਠੋ। ਸਿੱਧੂ ਸਾਹਿਬ, ਬੈਠੋ, ਬੈਠੋ।

**ਮੰਤਰੀ:** ਮੈਂ ਤਾਂ ਮੈਂਬਰ ਸਾਹਿਬ ਹੀ ਕਿਹਾ ਹੈ। ਮੈਂ ਤਾਂ ਮੈਂਬਰ ਸਾਹਿਬ ਹੀ ਕਿਹਾ ਹੈ।(ਵਿਘਨ...ਸ਼ੋਰ) ਮੈਂ ਤਾਂ ਮੈਂਬਰ ਸਾਹਿਬ ਹੀ ਕਿਹਾ ਹੈ। ਹੋਰ ਤੈਨੂੰ ਦੱਸ ਕੀ ਕਹਾਂ। ਜਹਾਂ ਪਨਾਹ ਕਹਿ ਦਿਆਂ...

**Mr. Speaker :** Please address the Chair….. Please address the Chair.

**ਮੰਤਰੀ:** ਅੱਛਾ, ਸਪੀਕਰ ਸਾਹਿਬ। (ਵਿਘਨ...ਸ਼ੋਰ)

(ਇਸ ਸਮੇਂ ਸਥਾਨਕ ਸਰਕਾਰ ਮੰਤਰੀ ਸਰਦਾਰ ਨਵਜੋਤ ਸਿੰਘ ਸਿੱਧੂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿਚ ਬਹਿਸ ਕਰ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

**Mr. Speaker :** Please address the Chair….. Please address the Chair.

**Minister :** Emperor Sahib…. ਹੋਰ ਦੱਸ ਕੀ ਕਹਾਂ? (ਸ਼੍ਰੀ ਪਵਨ ਕੁਮਾਰ ਟੀਨੂ ਨੂੰ ਸੰਬੋਧਤ ਹੁੰਦੇ ਹੋਏ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ ਨੇ ਗੁੱਸੇ ਵਿਚ ਆਪਣੀ ਸੀਟ ਤੋਂ ਥੋੜ੍ਹਾ ਜਿਹਾ ਅੱਗੇ ਫਲੋਰ ਆਫ ਦਿ ਵੈੱਲ ਵਿਚ ਆ ਕੇ ਪੇਪਰਾਂ ਦਾ ਬੰਡਲ ਵਗਾਹ ਕੇ ਮਾਰਿਆ।)

**Mr. Speaker :** Please address the Chair….. Please address the Chair.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਥਾਨਕ ਸਰਕਾਰ ਮੰਤਰੀ ਤੇ ਗਾਲ੍ਹ ਕੱਢਣ ਦਾ ਇਲਜ਼ਾਮ ਲਗਾ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

**ਮੰਤਰੀ:** ਝੂਠ....ਝੂਠ.....

**ਸ਼੍ਰੀ ਪਵਨ ਕੁਮਾਰ ਟੀਨੂ:** (ਸਥਾਨਕ ਸਰਕਾਰ ਮੰਤਰੀ ਵੱਲ ਇਸ਼ਾਰਾ) ਤੁਸੀਂ ਹਾਊਸ ਦੀ ਮਰਿਆਦਾ ਭੰਗ ਕੀਤੀ ਹੈ। (ਵਿਘਨ...ਸ਼ੋਰ)

**Mr. Speaker :** Please address the Chair….. Please ਇਸ ਤਰ੍ਹਾਂ ਨਾ ਕਰੋ। (ਵਿਘਨ...ਸ਼ੋਰ)

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਤੁਸੀਂ ਵੀ ਇਸ ਦੇ ਜ਼ਿੰਮੇਵਾਰ ਹੋ।

**ਮੰਤਰੀ:** ਤੁਸੀਂ ਸੂਬੇ ਦੀ ਮਰਿਆਦਾ ਭੰਗ ਕੀਤੀ ਹੈ। ਪੰਜਾਬ ਬਰਬਾਦ ਕਰ ਦਿੱਤਾ।(ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਪਲੀਜ਼ ਬੈਠੋ.... ਪਲੀਜ਼ ਬੈਠੋ..... ਪਲੀਜ਼ ਬੈਠੋ।

**ਸ਼੍ਰੀ ਪਵਨ ਕੁਮਾਰ ਟੀਨੂ:** ** ** (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਪਲੀਜ਼ ਬੈਠੋ.... ਤੁਸੀਂ ਪਲੀਜ਼ ਬੈਠੋ।....ਬੈਠੋ.... ਬੈਠੋ.... ਬੈਠੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਥਾਨਕ ਸਰਕਾਰ ਮੰਤਰੀ ਤੇ ਗਾਲ੍ਹ ਕੱਢਣ ਦਾ ਇਲਜ਼ਾਮ ਲਗਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿਚ ਆ ਗਏ।)

**ਮਾਨਯੋਗ ਸਪੀਕਰ:** ਪਲੀਜ਼ ਬੈਠੋ.... ਪਲੀਜ਼ ਬੈਠੋ.... ਪਲੀਜ਼ ਬੈਠੋ.... ਪਲੀਜ਼ ਬੈਠੋ..... ਪਲੀਜ਼ ਬੈਠੋ..... ਪਲੀਜ਼ ਬੈਠੋ..... ਪਲੀਜ਼ ਬੈਠੋ..... ਬੈਠੋ.....ਬੈਠੋ.... ਬੈਠੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਮਾਨਯੋਗ ਸਪੀਕਰ ਸਾਹਿਬ ਤੋਂ ਸਥਾਨਕ ਸਰਕਾਰ ਮੰਤਰੀ ਤੋਂ ਮੁਆਫੀ ਮੰਗਵਾਉਣ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਅਗਲਾ ਕੁਐਸਚਨ, ਸਰਦਾਰ ਪਰਮਿੰਦਰ ਸਿੰਘ ਪਿੰਕੀ।(ਵਿਘਨ, ਸ਼ੋਰ) ਪਲੀਜ਼ ਬੈਠੋ.... ਪਲੀਜ਼ ਬੈਠੋ.... ਪਲੀਜ਼ ਬੈਠੋ.... ਪਲੀਜ਼ ਬੈਠੋ..... ਪਲੀਜ਼ ਬੈਠੋ..... ਪਲੀਜ਼ ਬੈਠੋ.... ਪਲੀਜ਼ ਬੈਠੋ.... ਪਲੀਜ਼ ਬੈਠੋ.... ਪਲੀਜ਼ ਬੈਠੋ..... ਪਲੀਜ਼ ਬੈਠੋ।

**ਸ਼੍ਰੀ ਪਵਨ ਕੁਮਾਰ ਟੀਨੂ** (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਬੋਲਦੇ ਹੋਏ): ਸਪੀਕਰ ਸਾਹਿਬ, ** **

**ਮਾਨਯੋਗ ਸਪੀਕਰ:** ਕਿਸ ਚੀਜ਼ ਦੀ ਮੁਆਫੀ ਕਹਿੰਦੇ ਹੋ? ਪਲੀਜ਼ ਬੈਠੋ.... ਪਲੀਜ਼ ਬੈਠੋ.... ਪਲੀਜ਼ ਬੈਠੋ.... ਪਲੀਜ਼ ਬੈਠੋ..... ਪਲੀਜ਼ ਬੈਠੋ..... ਪਲੀਜ਼ ਬੈਠੋ.... ਪਲੀਜ਼ ਬੈਠੋ.... ਪਲੀਜ਼ ਬੈਠੋ.... ਪਲੀਜ਼ ਬੈਠੋ..... ਪਲੀਜ਼ ਬੈਠੋ।

---

** Expunged as ordered by the Chair.

[ ਮਾਨਯੋਗ ਸਪੀਕਰ ]

ਵਡਾਲਾ ਜੀ, ਪਲੀਜ਼ ਬੈਠੋ।(ਵਿਘਨ..ਸ਼ੋਰ) ਆਪਣੀ ਆਪਣੀ ਜਗ੍ਹਾ ਤੇ ਬੈਠੋ, ਆਪਣੀ ਆਪਣੀ ਜਗ੍ਹਾ ਤੇ ਬੈਠੋ।(ਵਿਘਨ..ਸ਼ੋਰ)

**ਮੰਤਰੀ :** 42000 ਵੋਟਾਂ ਤੋਂ ਜਿੱਤਿਆਂ ਹਾਂ। ** ** ਕੋਈ ਗਾਲ੍ਹ ਨਹੀਂ ਕੱਢੀ, ਸੱਚ ਸੁਣਨ ਦਾ ਮਾਦਾ ਰੱਖੋ, ਇਨ੍ਹਾਂ ਤੋਂ ਸੱਚ ਨਹੀਂ ਸੁਣਿਆ ਜਾਂਦਾ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਤੁਸੀਂ ਬੈਠੋ ਜੀ।

**ਸ਼੍ਰੀ ਪਵਨ ਕੁਮਾਰ ਟੀਨੂ** (ਸਥਾਨਕ ਸਰਕਾਰ ਮੰਤਰੀ ਵੱਲ ਇਸ਼ਾਰਾ) : ** **

**ਮੰਤਰੀ :** ** **

**ਸ਼੍ਰੀ ਪਵਨ ਕੁਮਾਰ ਟੀਨੂ:** ** ** (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਪਲੀਜ਼ ਬੈਠੋ, ਸੀਟ ਤੇ ਜਾ ਕੇ ਗੱਲ ਕਰੋ। (ਵਿਘਨ..ਸ਼ੋਰ) ਸੀਟ ਤੇ ਜਾ ਕੇ ਗੱਲ ਕਰੋ। .....ਪਲੀਜ਼ ਆਪਣੀਆਂ ਸੀਟਾਂ ਤੇ ਜਾਓ। ਜੋ ਕਹਿਣਾ ਹੈ, ਉਹ ਸੀਟ ਤੇ ਜਾ ਕੇ ਕਹੋ।..... ਜੋ ਕਹਿਣਾ ਹੈ, ਉਹ ਸੀਟ ਤੇ ਜਾ ਕੇ ਕਹੋ। ..... ਜੋ ਕਹਿਣਾ ਹੈ, ਉਹ ਸੀਟ ਤੇ ਜਾ ਕੇ ਕਹੋ।(ਵਿਘਨ..ਸ਼ੋਰ) ਪਲੀਜ਼, ਸੀਟ ਤੇ ਜਾ ਕੇ ਕਹੋ।...... ਚੰਦੂਮਾਜਰਾ ਜੀ, ਆਪਣੀ ਸੀਟ ਤੇ ਜਾ ਕੇ ਗੱਲ ਕਰੋ।(ਵਿਘਨ..ਸ਼ੋਰ) ਆਪਣੀਆਂ ਆਪਣੀਆਂ ਸੀਟਾਂ ਤੇ ਜਾ ਕੇ ਗੱਲ ਕਰੋ।....... ਆਪਣੀਆਂ ਸੀਟਾਂ ਤੇ ਜਾ ਕੇ ਗੱਲ ਕਰੋ, ਆਪਣੀਆਂ ਸੀਟਾਂ ਤੇ ਜਾ ਕੇ ਗੱਲ ਕਰੋ..... ਆਪਣੀਆਂ ਸੀਟਾਂ ਤੇ ਜਾ ਕੇ ਗੱਲ ਕਰੋ...... ਆਪਣੀਆਂ ਸੀਟਾਂ ਤੇ ਜਾ ਕੇ ਗੱਲ ਕਰੋ। ਅਗਲਾ ਸਵਾਲ, ਸਰਦਾਰ ਪਰਮਿੰਦਰ ਸਿੰਘ ਪਿੰਕੀ।

----

## ਸਰਕਾਰ ਵੱਲੋਂ ਸਾਲ 2016-17 ਦੌਰਾਨ ਮੁਫ਼ਤ ਤੀਰਥ ਯਾਤਰਾਵਾਂ ਦੀ ਗਿਣਤੀ ਤੇ ਵੇਰਵੇ

***222. ਸਰਦਾਰ ਪਰਮਿੰਦਰ ਸਿੰਘ ਪਿੰਕੀ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਸਾਲ 2016-17 ਦੌਰਾਨ ਸਰਕਾਰ ਵੱਲੋਂ ਮੁਫ਼ਤ ਤੀਰਥ ਯਾਤਰਾ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਇਹ ਕਿਹੜੇ-ਕਿਹੜੇ ਹੈਡਜ਼ ਵਿਚੋਂ ਖਰਚ ਕੀਤੀ ਗਈ।

(ਅ) ਉਪਰੋਕਤ ਕਰਵਾਈਆਂ ਗਈਆਂ ਤੀਰਥ ਯਾਤਰਾਵਾਂ ਦੀ ਗਿਣਤੀ ਤੇ ਵੇਰਵੇ ਕੀ ਹਨ?

---

** Expunged as ordered by the Chair.

**ਸਰਦਾਰ ਮਨਪ੍ਰੀਤ ਸਿੰਘ ਬਾਦਲ :** (ੳ) ਸਾਲ 2016-17 ਦੌਰਾਨ ਸਰਕਾਰ ਵਲੋਂ ਮੁਫ਼ਤ ਯਾਤਰਾ ਤੇ ਕੁੱਲ 1,39,38,32,900/- (ਕੇਵਲ ਇੱਕ ਸੌ ਉਨਤਾਲੀ ਕਰੋੜ ਅਠੱਤੀ ਲੱਖ ਬੱਤੀ ਹਜ਼ਾਰ ਅਤੇ ਨੌ ਸੌ ਰੁਪਏ) ਦਾ ਖਰਚਾ ਕੀਤਾ ਗਿਆ ਸੀ ਅਤੇ ਇਸ ਸਬੰਧੀ ਖਰਚਾ ਹੇਠਾਂ ਦਰਸਾਏ ਹੈਡ ਵਿਚੋਂ ਕੀਤਾ ਗਿਆ ਹੈ:-

"ਮੇਜਰ ਹੈੱਡ 3452-ਟੂਰਿਜ਼ਮ, ਸਬ-ਮੇਜਰ ਹੈੱਡ 80-ਜਨਰਲ, ਮਾਈਨਰ ਹੈੱਡ 800-ਹੋਰ ਖਰਚੇ, ਸਬ ਹੈੱਡ 01 ਮੁੱਖ ਮੰਤਰੀ ਤੀਰਥ ਦਰਸ਼ਨ ਯਾਤਰਾ, ਡਿਟੇਲਡ ਹੈੱਡ 99-ਨੋ ਡਿਟੇਲਡ ਹੈੱਡ, ਐਸ.ਓ.ਈ. 50-ਹੋਰ ਚਾਰਜ਼ਿਜ਼।

(ਅ) ਤੀਰਥ ਯਾਤਰਾਵਾਂ ਦੀ ਗਿਣਤੀ ਤੇ ਵੇਰਵੇ ਹੇਠਾਂ ਅਨੁਸਾਰ ਹਨ:-

**ਬੱਸਾਂ:-**

| **ਲੜੀ ਨੰ:** | **ਧਾਰਮਿਕ ਸਥਾਨ ਦਾ ਵੇਰਵਾ** | **ਯਾਤਰਾਵਾਂ ਦੀ ਗਿਣਤੀ** |
|---|---|---|
| 1 | ਮਾਤਾ ਚਿੰਤਪੂਰਨੀ, ਹਿਮਾਚਲ ਪ੍ਰਦੇਸ਼ | 484 |
| 2 | ਸਾਲਾਸਰ ਧਾਮ, ਰਾਜਸਥਾਨ | 1191 |
| 3 | ਸ੍ਰੀ ਅਨੰਦਪੁਰ ਸਾਹਿਬ | 337 |
| 4 | ਮਾਤਾ ਵੈਸ਼ਨੂੰ ਦੇਵੀ, ਕਟੜਾ | 19 |
| 5 | ਜਵਾਲਾ ਜੀ | 5 |
| 6 | ਖੁਰਾਲਗੜ੍ਹ, ਜ਼ਿਲ੍ਹਾ ਹੁਸ਼ਿਆਰਪੁਰ | 39 |
| 7 | ਸ੍ਰੀ ਅੰਮ੍ਰਿਤਸਰ ਸਾਹਿਬ | 6481 |
| 8 | ਸ੍ਰੀ ਪਟਨਾ ਸਾਹਿਬ | 223 |

**ਟਰੇਨਾਂ:-**

| **ਲੜੀ ਨੰ:** | **ਧਾਰਮਿਕ ਸਥਾਨ ਦਾ ਵੇਰਵਾ** | **ਯਾਤਰਾਵਾਂ ਦਾ ਵੇਰਵਾ** |
|---|---|---|
| 1 | ਸ੍ਰੀ ਹਜ਼ੂਰ ਸਾਹਿਬ | 87 |
| 2 | ਵਾਰਾਨਸੀ | 18 |

[ ਵਿੱਤ ਮੰਤਰੀ ]

| | | |
|---|---|---|
| 3 | ਸ੍ਰੀ ਅਜਮੇਰ ਸ਼ਰੀਫ | 03 |
| 4 | ਚੇਨਈ | 01 |
| 5 | ਸ੍ਰੀ ਪਟਨਾ ਸਾਹਿਬ | 10 |

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਮਾਨਯੋਗ ਸਪੀਕਰ ਸਾਹਿਬ ਦੇ ਵਿਰੁੱਧ ** ** ਨਾਅਰੇ ਮਾਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ।)

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਗਾਲ੍ਹਾਂ ਕੱਢੀਆਂ ਹਨ। ਸਪੀਕਰ ਸਾਹਿਬ, ਮੇਰੇ ਵਿੱਚ ਕੀ ਕਮੀ ਹੈ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਇਕ ਮਿੰਟ ਮਨਪ੍ਰੀਤ ਬਾਦਲ ਜੀ, ਗੱਲ ਸੁਣੋ। ਇੱਕ ਸੈਕਿੰਡ, ਗੱਲ ਸੁਣੋ। ਮੈਂ ਵੇਰੀਫਾਈ ਕਰਵਾਉਂਦਾ ਹਾਂ। ਮੈਂ ਨਹੀਂ ਸੁਣਿਆ.... ਪਹਿਲਾਂ ਮੇਰੀ ਗੱਲ ਸੁਣ ਲਵੋ.... ਮੈਂ ਤੁਹਾਡੇ ਮੁਤਾਬਿਕ ਨਹੀਂ ਚੱਲਣਾ। ਤੁਹਾਡੇ ਮੁਤਾਬਿਕ ਹਾਊਸ ਨਹੀਂ ਚੱਲਣਾ..... ਪਹਿਲਾਂ ਗੱਲ ਸੁਣੋ.... ਗੱਲ ਸੁਣੋ.... ਗੱਲ ਸੁਣੋ.... ਗੱਲ ਸੁਣੋ.... ਗੱਲ ਸੁਣੋ। ਮੈਂ ਵੇਰੀਫਾਈ ਕਰਵਾਉਣਾ.... ਮੈਂ ਵੇਰੀਫਾਈ ਕਰਵਾਉਣਾ। ਜੇਕਰ ਗਾਲ੍ਹ ਕੱਢੀ ਹੋਈ ਤਾਂ ਮੈਂ ਹਾਊਸ ਨੂੰ ਐਨਸ਼ਿਓਰ ਕਰਦਾ ਹਾਂ ਕਿ I will take action...... I will take action..... I will take action. ਇਹ ਸਭ ਦੇਖਿਆ ਜਾਵੇਗਾ। ਆਪਣੀਆਂ ਸੀਟਾਂ ਤੇ ਜਾਓ....... ਤੁਸੀਂ ਪਹਿਲਾਂ ਗਾਲ੍ਹ ਦੀ ਗੱਲ ਕਰਦੇ ਸੀ...... ਤੁਸੀਂ ਪਹਿਲਾਂ ਗਾਲ੍ਹ ਦੀ ਗੱਲ ਕਰਦੇ ਸੀ, ਹੁਣ 'ਇਹੋ ਜਿਹੇ ਮੈਂਬਰ' ਵਾਲੀ ਗੱਲ ਤੇ ਆ ਗਏ। ਪਿੰਕੀ ਜੀ, ਆਪਣੀ ਸਪਲੀਮੈਂਟਰੀ ਪੁੱਛੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਥਾਨਕ ਸਰਕਾਰ ਮੰਤਰੀ, ਸਰਦਾਰ ਨਵਜੋਤ ਸਿੰਘ ਸਿੱਧੂ ਦੇ ਅਪਸ਼ਬਦ ਵਰਤਣ ਤੇ ਮਾਫੀ ਦੀ ਮੰਗ ਕਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਮਾਨਯੋਗ ਸਪੀਕਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

---

**Not recorded as ordered by the Chair.

**ਸਰਦਾਰ ਪਰਮਿੰਦਰ ਸਿੰਘ ਪਿੰਕੀ:** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਤੀਰਥ ਯਾਤਰਾਵਾਂ ਤੇ ਯਾਤਰੀਆਂ ਨੂੰ ਲਿਜਾਉਣ ਵਾਸਤੇ ਕੀ ਕ੍ਰਾਈਟੇਰੀਆ ਰੱਖਿਆ ਗਿਆ ਸੀ? ਰਾਮ ਤੀਰਥ ਬੜਾ ਮਸ਼ਹੂਰ ਤੀਰਥ ਹੈ ਪਰ ਕ੍ਰਿਸਚਿਅਨਜ਼ ਲਈ ਧਾਰਮਿਕ ਯਾਤਰਾ ਵਾਸਤੇ ਕਿਹੜਾ ਥਾਂ ਰੱਖਿਆ ਗਿਆ ਸੀ? ਦੂਸਰਾ, ਮੈਂ ਪੁੱਛਣਾ ਚਾਹੁੰਦਾ ਹਾਂ ਕੀ ਇਨ੍ਹਾਂ ਯਾਤਰਾਵਾਂ ਵਾਸਤੇ ਪੰਜਾਬ ਰੋਡਵੇਜ਼ ਜਾਂ ਪੀ.ਆਰ.ਟੀ.ਸੀ. ਦਾ ਕੋਈ ਬਕਾਇਆ ਰਹਿੰਦਾ ਹੈ? ਕੀ ਉਨ੍ਹਾਂ ਦੇ ਕੋਈ ਪੈਸੇ ਦੇਣ ਵਾਲੇ ਰਹਿੰਦੇ ਹਨ?

**ਮਾਨਯੋਗ ਸਪੀਕਰ:** ਕੀ ਪੰਜਾਬ ਰੋਡਵੇਜ਼ ਜਾਂ ਪੀ.ਆਰ.ਟੀ.ਸੀ. ਦੇ ਤੀਰਥ ਯਾਤਰਾ ਦੇ ਬਕਾਇਆ ਪੈਸੇ ਰਹਿੰਦੇ ਹਨ, ਜਿਸ ਦੀ ਦੇਣਦਾਰੀ ਖੜ੍ਹੀ ਹੋਵੇ?

**ਮੰਤਰੀ :** ਜਨਾਬ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੀ.ਆਰ.ਟੀ.ਸੀ. ਦੇ 6 ਕਰੋੜ 24 ਲੱਖ ਰੁਪਏ ਬਕਾਇਆ ਰਹਿੰਦੇ ਹਨ ਅਤੇ ਪੰਜਾਬ ਰੋਡਵੇਜ਼ ਦੇ ਤਕਰੀਬਨ 7 ਕਰੋੜ ਰੁਪਏ ਬਕਾਇਆ ਰਹਿੰਦੇ ਹਨ। ਇਸ ਸਾਲ ਦੇ ਜਿਹੜੇ ਬਜਟ ਅਨੁਮਾਨ ਪੇਸ਼ ਕੀਤੇ ਗਏ ਹਨ, ਉਸ ਵਿੱਚ ਇਹ ਬਕਾਇਆ ਕਵਰ ਕਰ ਲਿਆ ਗਿਆ ਹੈ।

**ਸਰਦਾਰ ਪਰਮਿੰਦਰ ਸਿੰਘ ਪਿੰਕੀ:** ਧੰਨਵਾਦ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਥਾਨਕ ਸਰਕਾਰ ਮੰਤਰੀ, ਸਰਦਾਰ ਨਵਜੋਤ ਸਿੰਘ ਸਿੱਧੂ ਦੇ ਅਪਸ਼ਬਦ ਵਰਤਣ ਤੇ ਮਾਫੀ ਦੀ ਮੰਗ ਕਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਚੇਅਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਨਾਲ ਹੀ ਵਾਚ ਐਂਡ ਵਾਰਡ ਦੀ ਕਤਾਰ ਨੂੰ ਧੱਕਾ ਮਾਰ ਕੇ ਚੇਅਰ ਵੱਲ ਵਧਣ ਦੀ ਕੋਸ਼ਿਸ਼ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਜੋ ਕੁਝ ਵੀ ਬਿਨਾਂ ਇਜਾਜ਼ਤ ਬੋਲਿਆ ਗਿਆ ਹੈ ਉਹ ਐਕਸਪੰਜ ਕੀਤਾ ਜਾਵੇ ਅਤੇ ਨਾਅਰੇ ਵੀ ਰਿਕਾਰਡ ਨਾ ਕੀਤੇ ਜਾਣ। ਸ਼੍ਰੀ ਨਾਜਰ ਸਿੰਘ ਮਾਨਸ਼ਾਹੀਆ ਜੀ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੀਰਥ ਯਾਤਰਾ ਦੀ ਪ੍ਰੋਵੀਜ਼ਨ ਸੰਵਿਧਾਨਿਕ ਹੈ ਜਾਂ ਅਸੰਵਿਧਾਨਿਕ ਹੈ?

---

** Expunged_ Not recorded as ordered by the Chair.

**ਮੰਤਰੀ:** ਸਪੀਕਰ ਸਾਹਿਬ, ਪਿਛਲੀ ਸਰਕਾਰ ਬਾਰੇ ਤਾਂ ਮੈਂ ਕਹਿ ਨਹੀਂ ਸਕਦਾ ਪਰ ਜਿੱਥੇ ਤੱਕ ਮੌਜੂਦਾ ਸਰਕਾਰ ਦਾ ਤਾਅਲੁਕ ਹੈ, ਜਿਹੜਾ ਪੰਜਾਬ ਦਾ ਪੈਸਾ ਹੈ.....

-----

## WALK OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਥਾਨਕ ਸਰਕਾਰ ਮੰਤਰੀ, ਸਰਦਾਰ ਨਵਜੋਤ ਸਿੰਘ ਸਿੱਧੂ ਦੇ ਅਪਸ਼ਬਦ ਵਰਤਣ ਤੇ ਮਾਫੀ ਦੀ ਮੰਗ ਕਰਦੇ ਹੋਏ ਵੈੱਲ ਆਫ ਦਿ ਹਾਊਸ ਵਿਚੋਂ ** ** ਨਾਅਰੇ ਲਗਾਉਂਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

-----

## STARRED QUESTIONS AND ANSWERS *(Resumption)*

**ਵਿੱਤ ਮੰਤਰੀ:** ਸਪੀਕਰ ਸਾਹਿਬ, ਜਿਹੜਾ ਪੰਜਾਬ ਦਾ ਪੈਸਾ ਹੈ, ਇਸ ਨੂੰ ਤੁਸੀਂ ਰੁਪਿਆ ਨਾ ਸਮਝੋ। ਇਹ ਲਹੂ ਦੀਆਂ ਘੁੱਟਾਂ ਹਨ, ਇਹ ਪੰਜਾਬ ਦੇ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਹੈ। ਸਪੀਕਰ ਸਾਹਿਬ, ਮੈਨੂੰ ਕੱਲ੍ਹ ਬਜਟ ਪੇਸ਼ ਕਰਨ ਦਾ ਸ਼ਰਫ ਹਾਸਲ ਹੋਇਆ ਹੈ। ਪੰਜਾਬ ਯੂਨੀਵਰਸਿਟੀ ਵਿੱਚ ਇੱਕ ਮਹੀਨੇ ਤੱਕ ਹੜਤਾਲ ਚੱਲੀ, ਬੱਚਿਆਂ ਤੇ ਲਾਠੀਆਂ ਵਰਸਾਈਆਂ ਗਈਆਂ, ਉਹ ਇਸ ਕਰਕੇ ਕਿਉਂਕਿ ਪੰਜਾਬ ਯੂਨੀਵਰਸਿਟੀ ਕੋਲ 7 ਕਰੋੜ ਰੁਪਿਆ ਘੱਟ ਸੀ। ਸਪੀਕਰ ਸਾਹਿਬ, ਸੈਨਿਕ ਸਕੂਲ ਕਪੂਰਥਲਾ ਨੂੰ 17 ਸਾਲ ਲਗਾਤਾਰ ਪ੍ਰੈਜ਼ੀਡੈਂਟ ਦਾ ਮੈਡਲ ਮਿਲਿਆ ਅਤੇ ਉਥੋਂ ਇੰਡੀਆ ਵਾਸਤੇ ਸਭ ਤੋਂ ਜ਼ਿਆਦਾ ਕੈਡਿਟ ਭੇਜੇ ਗਏ ਪਰ ਪਿਛਲੇ 10 ਸਾਲਾਂ ਤੋਂ ਉਨ੍ਹਾਂ ਨੂੰ ਕੋਈ ਗਰਾਂਟ ਨਹੀਂ ਮਿਲੀ। ਸਪੀਕਰ ਸਾਹਿਬ, ਇਸੇ ਤਰ੍ਹਾਂ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਦੇ ਵਾਈਸ ਚਾਂਸਲਰ ਮੈਨੂੰ ਆ ਕੇ ਮਿਲੇ ਅਤੇ ਕਹਿਣ ਲੱਗੇ ਕਿ ਸਾਡੀਆਂ ਤਨਖਾਹਾਂ ਨਹੀਂ ਚੱਲ ਰਹੀਆਂ ਇਸ ਲਈ ਸਾਨੂੰ 40 ਕਰੋੜ ਰੁਪਏ ਦੇ ਦਿਓ। ਸਪੀਕਰ ਸਾਹਿਬ, ਉੱਥੇ ਰੱਬ ਵਰਗੇ ਬੰਦੇ ਹਨ ਜਿਹੜੇ ਲੋਕਾਂ ਦਾ ਇਲਾਜ ਕਰਦੇ ਹਨ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਬੈਠੇ-ਬੈਠੇ):** ਬਿਲਕੁਲ ਠੀਕ।

**ਮੰਤਰੀ:** ਉੱਥੇ 40 ਕਰੋੜ, ਪੰਜਾਬ ਯੂਨੀਵਰਸਿਟੀ ਵਿੱਚ 7 ਕਰੋੜ ਅਤੇ ਸੈਨਿਕ ਸਕੂਲ, ਕਪੂਰਥਲਾ ਵਿੱਚ 10 ਕਰੋੜ ਦੀ ਗਰਾਂਟ ਨਹੀਂ ਮਿਲੀ। ਸਪੀਕਰ ਸਾਹਿਬ, ਸਿਰਫ਼ 50-55 ਕਰੋੜ ਦੀ ਹੀ ਗੱਲ ਸੀ ਤੇ ਇਸ ਕਾਰਨ ਪੰਜਾਬ ਦੀ

---

** Expunged as ordered by the Chair.

ਪੱਗ ਉਤਰ ਗਈ ਜਦਕਿ ਪਿਛਲੀ ਸਰਕਾਰ ਨੇ 139 ਕਰੋੜ ਰੁਪਿਆ ਤੀਰਥ ਯਾਤਰਾ ਸਕੀਮ ਤੇ ਲਗਾਇਆ ਹੈ। ਸਪੀਕਰ ਸਾਹਿਬ, ਜੇ ਤੁਸੀਂ ਇੱਕ ਮਿੰਟ ਦੀ ਇਜਾਜ਼ਤ ਦਿਓ ਤਾਂ ਇੱਕ ਕਹਾਣੀ ਮੈਂ ਪੜ੍ਹੀ ਸੀ, ਉਹ ਦੱਸਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** Allowed. (ਇਸ਼ਾਰੇ ਨਾਲ)

**ਮੰਤਰੀ:** ਮੈਂ ਇਹ ਕਹਾਣੀ ਵੇਦਾਂ ਵਿੱਚ ਪੜ੍ਹੀ ਸੀ ਕਿ ਇੱਕ ਵਾਰ ਯਾਤਰੀ ਤੀਰਥ ਕਰਨ ਚੱਲੇ ਸੀ, ਗੰਗਾ ਨਹਾਉਣ ਚੱਲੇ ਸੀ। ਉਨ੍ਹਾਂ ਦਿਨਾਂ ਵਿੱਚ ਕਾਰਾਂ, ਜੀਪਾਂ ਤਾਂ ਨਹੀਂ ਹੁੰਦੀਆਂ ਸੀ, ਉਹ ਤੁਰ ਕੇ ਚੱਲੇ ਸੀ। ਰਸਤੇ ਵਿੱਚ ਇੱਕ ਕੁੱਤਾ ਤੇ ਉਸ ਦੇ ਬੱਚਿਆਂ ਦੀ ਪਾਣੀ ਤੋਂ ਬਗੈਰ ਜਾਨ ਨਿਕਲ ਰਹੀ ਸੀ ਕਿਉਂਕਿ ਪਾਣੀ ਉਸ ਸਮੇਂ ਨਾਲ ਹੁੰਦਾ ਸੀ ਤੇ ਮੇਰੇ ਵਰਗੇ ਯਾਤਰੀਆਂ ਨੇ ਕਿਹਾ ਕਿ ਜੇ ਇਹ ਪਾਣੀ ਜਾਨਵਰਾਂ ਨੂੰ ਪਿਲਾ ਦਿੱਤਾ ਗਿਆ ਤਾਂ ਯਾਤਰਾ ਤੇ ਪਹੁੰਚਿਆ ਨਹੀਂ ਜਾਣਾ। ਕੋਈ ਇੱਕ ਸਿੱਧੂ ਸਾਹਿਬ ਵਰਗਾ ਯਾਤਰੀ ਸੀ, ਉਹ ਕਹਿੰਦਾ ਕਿ ਮੈਂ ਤਾਂ ਤੀਰਥ ਕਰਦਾ ਹੀ ਨਹੀਂ ਤੇ ਉਸ ਨੇ ਆਪਣਾ ਪਾਣੀ ਜਾਨਵਰਾਂ ਨੂੰ ਪਿਲਾ ਦਿੱਤਾ। ਸ਼ਾਸਤਰਾਂ ਵਿੱਚ ਲਿਖਿਆ ਹੈ ਕਿ ਜਿਹੜਾ ਬੰਦਾ ਪਿੰਡ ਵਾਪਸ ਆ ਗਿਆ, ਰੱਬ ਨੇ ਉਸ ਦਾ ਤੀਰਥ ਮੰਨ ਲਿਆ ਤੇ ਮੇਰੇ ਵਰਗੇ ਜਿਹੜੇ ਤੀਰਥ ਤੇ ਜਾ ਕੇ ਆਏ ਉਨ੍ਹਾਂ ਦਾ ਤੀਰਥ ਲੱਗਿਆ ਹੀ ਨਹੀਂ।(ਥੰਪਿੰਗ) ਇਸ ਕਰਕੇ, ਸਪੀਕਰ ਸਾਹਿਬ, ਇਸ ਬਜਟ ਵਿੱਚ ਤੀਰਥ ਯਾਤਰਾ ਵਾਸਤੇ ਕੋਈ further provision ਨਹੀਂ ਰੱਖਿਆ ਗਿਆ ਹੈ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਪੀਕਰ ਸਾਹਿਬ, ਮੈਂ ਪੁੱਛਿਆ ਸੀ ਕਿ ਕੀ ਇਹ ਸੰਵਿਧਾਨਿਕ ਸੀ ਤੇ ਜੇ ਇਹ ਸੰਵਿਧਾਨਿਕ ਨਹੀਂ ਸੀ ਤਾਂ ਇਸ ਤੇ ਕੀ ਐਕਸ਼ਨ ਲਿਆ ਜਾ ਰਿਹਾ ਹੈ?

**ਮਾਨਯੋਗ ਸਪੀਕਰ:** ਇਹ ਕਾਨੂੰਨੀ ਜਵਾਬ ਹੈ। ਇਸ ਦਾ ਜਵਾਬ ਵਜ਼ੀਰ ਸਾਹਿਬ ਨੇ ਨਹੀਂ ਦੇਣਾ। ਵਜ਼ੀਰ ਸਾਹਿਬ, ਬੈਠੋ।

-----

## ਫਸਲਾਂ ਦੇ ਉਜਾੜੇ ਨੂੰ ਰੋਕਣ ਲਈ ਜਾਲਾਂ ਉੱਤੇ ਸਬਸਿਡੀ ਦੇਣਾ

***425. ਸ਼੍ਰੀ ਦਰਸ਼ਨ ਲਾਲ :** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਕੀ ਕੰਡੀ ਦੇ ਇਲਾਕੇ ਵਿੱਚ ਅਵਾਰਾ ਪਸ਼ੂਆਂ ਅਤੇ ਜੰਗਲੀ ਜਾਨਵਰਾਂ ਦੁਆਰਾ ਕਿਸਾਨਾਂ ਦੀਆਂ ਫਸਲਾਂ ਦੇ ਉਜਾੜੇ ਨੂੰ ਰੋਕਣ ਲਈ ਜਾਲ ਉੱਤੇ

[ਜੰਗਲਾਤ ਮੰਤਰੀ]
ਸਬਸਿਡੀ ਦੇਣ ਲਈ ਪਿਛਲੀ ਸਰਕਾਰ ਨੇ ਐਲਾਨ ਕੀਤਾ ਸੀ ਅਤੇ ਸਬੰਧਤ ਕਿਸਾਨਾਂ ਨੂੰ ਜ਼ਮੀਨ ਦੀਆਂ ਫਰਦਾਂ ਕਟਵਾ ਕੇ ਦਰਖਾਸਤਾਂ ਦੇਣ ਲਈ ਕਿਹਾ ਸੀ;

(ਅ) ਜਿਨ੍ਹਾਂ ਕਿਸਾਨਾਂ ਨੇ ਦਰਖਾਸਤਾਂ ਦਿੱਤੀਆਂ ਸਨ, ਕੀ ਉਨ੍ਹਾਂ ਨੂੰ ਜਾਲ ਲਈ ਸਬਸਿਡੀ ਦਿੱਤੀ ਗਈ ਹੈ; ਜੇਕਰ ਨਹੀਂ ਤਾਂ ਕੀ ਇਸ ਅਹਿਮ ਲੋੜ ਨੂੰ ਪੂਰਾ ਕਰਨ ਲਈ ਮੌਜੂਦਾ ਸਰਕਾਰ ਕੋਈ ਉਪਰਾਲਾ ਕਰ ਰਹੀ ਹੈ?

**ਸਰਦਾਰ ਸਾਧੂ ਸਿੰਘ :** (ੳ) ਜੀ ਹਾਂ। ਸਾਲ 2016-17 ਦੌਰਾਨ ਵਿਭਾਗ ਵੱਲੋਂ ਕੰਡੀ ਦੇ ਇਲਾਕੇ ਵਿੱਚ ਅਵਾਰਾ ਪਸ਼ੂਆਂ ਅਤੇ ਜੰਗਲੀ ਜਾਨਵਰਾਂ ਦੁਆਰਾ ਕਿਸਾਨਾਂ ਦੀਆਂ ਫਸਲਾਂ ਦੇ ਉਜਾੜੇ ਨੂੰ ਰੋਕਣ ਲਈ ਜਾਲ ਉੱਤੇ ਸਬਸਿਡੀ ਦੇਣ ਲਈ ਪੰਜਾਬ ਵਣ ਵਿਭਾਗ ਵੱਲੋਂ ਇੱਕ ਸਕੀਮ ਬਣਾਈ ਗਈ ਸੀ ਪਰ ਰਾਜ ਸਰਕਾਰ ਵੱਲੋਂ ਸਾਲ 2016-17 ਦੌਰਾਨ ਇਸ ਸਕੀਮ ਲਈ ਕੋਈ ਫੰਡਜ਼ ਰਿਲੀਜ਼ ਨਹੀਂ ਕੀਤੇ ਗਏ ਅਤੇ ਇਸ ਲਈ ਇਸ ਸਕੀਮ ਤਹਿਤ ਕੋਈ ਕੰਮ ਨਹੀਂ ਕਰਵਾਏ ਜਾ ਸਕੇ।

(ਅ) ਜਿਨ੍ਹਾਂ ਕਿਸਾਨਾਂ ਨੇ ਦਰਖਾਸਤਾਂ ਦਿੱਤੀਆਂ ਸਨ ਉਹਨਾਂ ਨੂੰ ਅਜੇ ਤੱਕ ਕੋਈ ਸਬਸਿਡੀ ਨਹੀਂ ਦਿੱਤੀ ਗਈ ਪ੍ਰੰਤੂ ਸਾਲ 2017-18 ਦੌਰਾਨ ਇਸ ਸਕੀਮ ਲਈ ਖੇਤੀਬਾੜੀ ਵਿਭਾਗ ਵਿੱਚ ਚੱਲ ਰਹੀ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਸਕੀਮ ਅਧੀਨ ਫੰਡਜ਼ ਪ੍ਰਾਪਤ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

**ਸ਼੍ਰੀ ਦਰਸ਼ਨ ਲਾਲ :** ਸਪੀਕਰ ਸਾਹਿਬ, ਪਿਛਲੀ ਸਰਕਾਰ ਦੇ ਮੁੱਖ ਮੰਤਰੀ ਜੀ ਨੇ ਆਪਣੇ ਆਖਰੀ ਸਾਲ ਵਿੱਚ ਗੜ੍ਹਸ਼ੰਕਰ ਵਿਖੇ ਜਾਲ ਉਤੇ ਸਬਸਿਡੀ ਦੇਣ ਦਾ ਐਲਾਨ ਕੀਤਾ ਸੀ ਅਤੇ ਸਾਡੇ 70-75 ਸਾਲ ਦੇ ਬਜ਼ੁਰਗ ਇਸ ਵਾਸਤੇ ਲਾਈਨਾਂ ਵਿੱਚ ਲੱਗੇ ਰਹੇ। ਸਰਕਾਰ ਨੇ ਲੱਖਾਂ ਰੁਪਿਆ ਜਮ੍ਹਾਂ ਵੀ ਕਰ ਲਿਆ ਪਰ ਇੱਕ ਵੀ ਸਬਸਿਡੀ ਨਹੀਂ ਦਿੱਤੀ ਗਈ। ਅੱਜ 70-75 ਸਾਲ ਦੇ ਬਜ਼ੁਰਗ ਵੀ ਕੰਡੀ ਏਰੀਏ ਦੇ ਖੇਤਾਂ ਵਿੱਚ ਸੌਂਦੇ ਹਨ ਤੇ ਜੇ ਉਹ ਆਪਣੇ ਖੇਤਾਂ ਵਿੱਚੋਂ ਦੋ ਘੰਟੇ ਵੀ ਪਹਿਲਾਂ ਆ ਜਾਣ ਤਾਂ ਜੰਗਲੀ ਜਾਨਵਰ ਫਸਲ ਨੂੰ ਬਰਬਾਦ ਕਰ ਦਿੰਦੇ ਹਨ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ .....

**ਮਾਨਯੋਗ ਸਪੀਕਰ :** ਬੇਨਤੀ ਨਹੀਂ, ਤੁਸੀਂ ਸਵਾਲ ਪੁੱਛੋ ।

**ਸ਼੍ਰੀ ਦਰਸ਼ਨ ਲਾਲ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਤਾਂ ਕੰਡੀ ਏਰੀਏ ਤੇ ਤਰਸ ਨਹੀਂ ਕੀਤਾ ਤੇ ਕੀ ਤੁਸੀਂ ਇਸ ਸਬਸਿਡੀ ਤੇ ਵਿਚਾਰ ਕਰੋਗੇ ਅਤੇ ਜਿਹੜੇ ਸਾਡੇ ਕੰਡੀ ਏਰੀਏ ਦੇ ਗਰੀਬ ਜ਼ਿੰਮੀਂਦਾਰ ਭਰਾ ਹਨ, ਉਨ੍ਹਾਂ ਨੂੰ ਸਬਸਿਡੀ ਦੇ ਕੇ ਜਾਲ ਲਗਾਉਣ ਦਾ ਪ੍ਰਬੰਧ ਕਰੋਗੇ ?

**ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਦੀ ਗੱਲ ਵਾਕਿਆ ਹੀ ਠੀਕ ਹੈ। ਕੰਡੀ ਏਰੀਏ ਵਿੱਚ ਪਾਣੀ ਦੀ ਵੀ ਕਮੀ ਹੈ। ਥੋੜ੍ਹੀਆਂ ਥੋੜ੍ਹੀਆਂ ਜ਼ਮੀਨਾਂ ਵਾਲੇ ਗਰੀਬ ਲੋਕ ਹਨ ਅਤੇ ਪਿਛਲੀ ਸਰਕਾਰ ਦੀ ਬੇਧਿਆਨੀ ਇਨ੍ਹਾਂ ਦੇ ਬੋਲਾਂ ਰਾਹੀਂ ਦਰਸਾਉਂਦੀ ਹੈ ਕਿ ਉਸ ਇਲਾਕੇ ਦੇ ਲੋਕ ਔਖੇ ਹਨ, ਭੁੱਖਮਰੀ ਦਾ ਸ਼ਿਕਾਰ ਹਨ। ਇਨ੍ਹਾਂ ਨੇ ਪਿਛਲੀ ਸਰਕਾਰ ਦੀ ਗੱਲ ਕੀਤੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੰਡੀ ਇਲਾਕਾ ਤਾਂ ਕੀ, ਸਾਰਾ ਪੰਜਾਬ ਹੀ ਉਜੜਿਆ ਪਿਆ ਹੈ। ਉਸ ਨੂੰ ਸੰਵਾਰਨ ਲਈ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ, ਪੰਜਾਬ ਹੁਰਾਂ ਦੀ ਟੀਮ, ਉਨ੍ਹਾਂ ਦੇ ਸਾਥੀ ਉਨ੍ਹਾਂ ਉਲਝੀਆਂ ਗੰਢਾਂ ਨੂੰ ਖੋਲ੍ਹ ਕੇ ਤੇ ਸਹੀ ਤਰੀਕੇ ਨਾਲ ਠੀਕ ਕਰਕੇ ਪੰਜਾਬ ਨੂੰ ਲੀਹਾਂ ਤੇ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਸ ਵਿੱਚ ਅਸੀਂ ਇਨ੍ਹਾਂ ਦੇ ਕੰਡੀ ਏਰੀਏ ਬਾਰੇ ਵੀ ਉਪਰਾਲੇ ਕਰ ਰਹੇ ਹਾਂ। ਇਸ ਸਬੰਧ ਵਿੱਚ ਵਣ ਵਿਭਾਗ ਵੱਲੋਂ ਕੰਡੀ ਰਕਬੇ ਦੇ ਕਿਸਾਨਾਂ ਦੇ ਖੇਤਾਂ ਨੂੰ ਜੰਗਲੀ ਜਾਨਵਰਾਂ ਤੋਂ ਬਚਾਉਣ ਲਈ ਖੇਤਾਂ ਦੀ ਫੈਂਸਿੰਗ ਕਰਨ ਲਈ ਇੱਕ ਪਾਇਲਟ ਪ੍ਰਾਜੈਕਟ ਤਿਆਰ ਕਰਕੇ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਤਹਿਤ ਫੰਡਿੰਗ ਲਈ ਖੇਤੀਬਾੜੀ ਵਿਭਾਗ ਨੂੰ ਭੇਜਿਆ ਜਾ ਚੁੱਕਿਆ ਹੈ, ਜਿਸ ਅਨੁਸਾਰ ਸਾਲ 2017-18 ਦੌਰਾਨ 6 ਕਰੋੜ ਰੁਪਏ ਖਰਚ ਕਰਕੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਛੋਟੇ ਅਤੇ ਮਝੋਲੇ ਕਿਸਾਨਾਂ ਦੇ ਖੇਤਾਂ ਦੀ ਫੈਂਸਿੰਗ ਕਰਨ ਦੀ ਤਜਵੀਜ਼ ਹੈ ਜੀ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਇਹ ਮਸਲਾ ਬਹੁਤ ਗੰਭੀਰ ਹੈ। ਲਾਲੜੂ ਤੋਂ ਪਠਾਨਕੋਟ ਤੱਕ ਦਾ ਸਾਰਾ ਕੰਡੀ ਏਰੀਏ ਦਾ ਇਲਾਕਾ ਹੈ ਤੇ ਉਥੇ ਇਹ ਬਹੁਤ ਸੀਰੀਅਸ ਇਸ਼ੂ ਹੈ। ਜਿਹੜਾ ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ, ਉਹ ਗੋਲ-ਮੋਲ ਜਵਾਬ ਦਿੱਤਾ ਹੈ। ਇਹ ਸੈਂਟਰ ਦੀ ਸਕੀਮ ਤੇ ਡਿਪੈਂਡ ਕਰਦੇ ਹਨ। ਪੰਜਾਬ ਦਾ ਬਜਟ ਪੇਸ਼ ਹੋਇਆ ਹੈ ਪਰ ਬਜਟ ਵਿੱਚ ਇਸ ਪਾਸੇ ਕੋਈ ਤਜਵੀਜ਼ ਨਹੀਂ ਰੱਖੀ ਗਈ। ਮੇਰੀ ਰਿਕੁਐਸਟ ਵੀ ਹੈ ਅਤੇ ਮੈਂ ਸਵਾਲ ਵੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਿੱਤ ਮੰਤਰੀ ਜੀ ਇਸ ਨੂੰ ਕੰਸਿਡਰ ਕਰਨਗੇ? ਕੀ ਇਸ ਮਸਲੇ ਵਾਸਤੇ ਪਹਿਲੇ ਸਾਲ ਵਿੱਚ ਕੁਝ ਰਕਮ ਰੱਖੀ ਜਾਵੇਗੀ? ਕਾਰਨ ਇਹ ਹੈ ਕਿ ਜਿੰਨੀ ਦੇਰ ਤੱਕ ਵਾੜ ਨਹੀਂ ਲੱਗੇਗੀ, ਫੈਂਸਿੰਗ ਨਹੀਂ ਹੋਵੇਗੀ, ਇਹ ਮਸਲਾ ਹੱਲ ਨਹੀਂ ਹੋ ਸਕਦਾ। ਕੀ ਪੰਜਾਬ ਸਰਕਾਰ ਆਪਣੀ ਤਰਫੋਂ ਬਜਟ ਵਿੱਚ ਇਸ ਮਸਲੇ ਵਾਸਤੇ ਕੋਈ ਪ੍ਰੋਵੀਜ਼ਨ ਕਰੇਗੀ? ਇਸ ਦੇ ਨਾਲ ਨਾਲ ਪੰਜ-ਪੰਜ, ਸੱਤ-ਸੱਤ ਪਿੰਡਾਂ ਵਿੱਚ ਸਾਂਝੇ ਵਾੜੇ ਬਣਾਉਣ ਦੀ ਲੋੜ ਹੈ ਕਿਉਂਕਿ ਉਥੇ ਆਵਾਰਾ ਪਸ਼ੂਆਂ ਦੀ ਬੜੀ ਸੀਰੀਅਸ ਪਰਾਬਲਮ ਹੈ।

**ਮਾਨਯੋਗ ਸਪੀਕਰ :** ਵਿੱਤ ਮੰਤਰੀ ਜੀ, ਇਹ ਬੜਾ ਸੀਰੀਅਸ ਮਸਲਾ ਹੈ। ਤੁਸੀਂ ਇਸ ਤੇ ਕੁਝ ਕਹੋ।

**ਮੰਤਰੀ :** ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਕਾਬਲੇ ਕਦਰ ਮੈਂਬਰ ਸਾਹਿਬ ਨੂੰ ਇਸ ਗੱਲ ਦਾ ਵਿਸ਼ਵਾਸ ਦਿਵਾਉਂਦਾ ਹਾਂ ਕਿ ਕੰਢੀ ਇਲਾਕੇ ਦਾ ਬੜੇ ਲੰਬੇ ਸਮੇਂ ਤੋਂ ਲਮਕਦਾ ਆ ਰਿਹਾ ਇਹ ਜਿਹੜਾ ਜੰਗਲੀ ਜਾਨਵਰਾਂ ਦਾ ਮਸਲਾ ਹੈ, ਇਸ ਬਾਰੇ ਪੰਜਾਬ ਸਰਕਾਰ ਪੂਰੀ ਸੰਜੀਦਾ ਹੈ। ਇਸ ਸਾਲ ਅਤੇ ਬਕਾਇਆ ਚਾਰ ਸਾਲ ਲਈ ਅਸੀਂ ਐਨਸ਼ਿਓਰ ਕਰਾਂਗੇ ਕਿ ਕੰਡਿਆਂ ਵਾਲੀ ਤਾਰ, ਫੈਂਸਿੰਗ ਵਾਲਾ ਕੰਮ ਅਗਲੇ ਪੰਜਾਂ ਸਾਲਾਂ ਵਿੱਚ ਮੁਕੰਮਲ ਕਰ ਲਈਏ।

**Mr. Speaker :** Thank you.

-----

## ਨੂਰਪੁਰ ਬੇਦੀ ਦੇ ਪਿੰਡਾਂ ਨੂੰ ਪੀਣ ਵਾਲਾ ਪਾਣੀ ਉਪਲਬਧ ਕਰਵਾਉਣ ਸਬੰਧੀ

***19. ਸਰਦਾਰ ਅਮਰਜੀਤ ਸਿੰਘ ਸੰਦੋਆ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸ਼ਾਹਪੁਰ ਕੰਢੀ ਨਹਿਰ ਵਿਚੋਂ ਨੂਰਪੁਰ ਬੇਦੀ ਦੇ ਕਿੰਨੇ ਪਿੰਡਾਂ ਨੂੰ ਪੀਣ ਦਾ ਪਾਣੀ ਉਪਲਬਧ ਕੀਤਾ ਗਿਆ ਹੈ ਅਤੇ ਬਾਕੀ ਰਹਿੰਦੇ ਪਿੰਡਾਂ ਨੂੰ ਕਦੋਂ ਤੱਕ ਪਾਣੀ ਉਪਲਬਧ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਬਲਾਕ ਨੂਰਪੁਰ ਬੇਦੀ ਦੇ ਕਿਸੇ ਵੀ ਪਿੰਡ ਨੂੰ ਸ਼ਾਹਪੁਰ ਕੰਢੀ ਨਹਿਰ ਤੋਂ ਪੀਣ ਵਾਲੇ ਪਾਣੀ ਦੀ ਸਪਲਾਈ ਦੀ ਕੋਈ ਵੀ ਤਜਵੀਜ਼ ਨਹੀਂ ਹੈ। ਬਲਾਕ ਨੂਰਪੁਰ ਬੇਦੀ ਵਿੱਚ ਕੁੱਲ 136 ਪਿੰਡ ਹਨ ਜਿਨ੍ਹਾਂ ਨੂੰ 83 ਟਿਊਬਵੈੱਲਾਂ ਰਾਹੀਂ ਪੀਣ ਦਾ ਪਾਣੀ ਦਿੱਤਾ ਜਾ ਰਿਹਾ ਹੈ। ਇਨ੍ਹਾਂ ਪਿੰਡਾਂ ਵਿਚੋਂ 46 ਪਿੰਡਾਂ (ਅਨੁਲੱਗ-1) ਨੂੰ ਟਿਊਬਵੈੱਲਾਂ ਰਾਹੀਂ ਦਿੱਤੇ ਜਾ ਰਹੇ ਪੀਣ ਵਾਲੇ ਪਾਣੀ ਵਿੱਚ ਲੋਹੇ ਦੀ ਮਾਤਰਾ ਵੱਧ ਹੋਣ ਕਾਰਨ ਨੰਗਲ ਹਾਈਡਲ ਚੈਨਲ ਨਹਿਰ ਵਿਚੋਂ ਨਹਿਰੀ ਪਾਣੀ ਉਪਲਬਧ ਕਰਵਾਉਣ ਲਈ ਕੰਮ ਪ੍ਰਗਤੀ ਅਧੀਨ ਹੈ ਅਤੇ ਇਹ ਮਿਤੀ 31.12.2017 ਨੂੰ ਪੂਰਾ ਕਰ ਲਿਆ ਜਾਵੇਗਾ। ਇਸ ਬਲਾਕ ਦੇ ਬਾਕੀ ਰਹਿੰਦੇ 90 ਨੰਬਰ ਪਿੰਡਾਂ (ਅਨੁਲੱਗ-2) ਨੂੰ ਪੀਣ ਯੋਗ ਪਾਣੀ 53 ਨੰਬਰ ਟਿਊਬਵੈੱਲ ਅਧਾਰਤ ਜਲ ਸਪਲਾਈ ਸਕੀਮਾਂ ਨਾਲ ਉਪਲਬਧ ਕਰਵਾਇਆ ਜਾ ਚੁੱਕਾ ਹੈ। ਹਾਲ ਦੀ ਘੜੀ ਇਨ੍ਹਾਂ 90 ਪਿੰਡਾਂ ਨੂੰ ਨਹਿਰੀ ਪਾਣੀ ਦੇਣ ਦੀ ਕੋਈ ਤਜਵੀਜ਼ ਨਹੀਂ ਹੈ।

## ਅਨੁਲੱਗ-1

ਨਹਿਰੀ ਪਾਣੀ ਪ੍ਰੋਜੈਕਟ ਅਧੀਨ ਕਵਰ ਹੁੰਦੇ ਕੁਆਲਟੀ ਅਫੈਕਟਿਡ 46 ਨੰ: ਪਿੰਡਾਂ ਦੇ ਨਾਮ –

ਬਲਾਕ ਨੂਰਪੁਰ ਬੇਦੀ, ਜ਼ਿਲ੍ਹਾ ਰੂਪਨਗਰ

| ਲੜੀ ਨੰ: | ਪਿੰਡਾਂ ਦੇ ਨਾਮ |
|---|---|
| 1 | ਸਸਕੌਰ |
| 2 | ਡੂਮੇਵਾਲ |
| 3 | ਰਾਏਪੁਰ |
| 4 | ਸਮੀਰੋਵਾਲ |
| 5 | ਸਿੰਘਪੁਰ |
| 6 | ਮਣਕੂ ਮਾਜਰਾ |
| 7 | ਸੁੱਖੇ ਮਾਜਰਾ |
| 8 | ਥਾਣਾ |
| 9 | ਗੱਦੀਵਾਲ |
| 10 | ਫੂਕਾਪੁਰ |
| 11 | ਨੂਰਪੁਰ ਬੇਦੀ |
| 12 | ਸਿੰਬਲ ਮਾਜਰਾ |
| 13 | ਗੋਪਾਲਪੁਰ |
| 14 | ਬਿਲਪੁਰ |
| 15 | ਲਸਾੜੀ |
| 16 | ਜੱਟਪੁਰ |
| 17 | ਗੁਰਸੇ ਮਾਜਰਾ |
| 18 | ਅਸਮਾਨਪੁਰ |

[ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ]

| | |
|---|---|
| 19 | ਰਾਏਪੁਰ, ਸੰਦੋਆ |
| 20 | ਮੂਸਾਪੁਰ |
| 21 | ਲਖਨਓ |
| 22 | ਕੁੰਭੈਵਾਲ |
| 23 | ਖੇੜੀ |
| 24 | ਬੈਂਸ |
| 25 | ਔਲਖ |
| 26 | ਅਸਾਲਤਪੁਰ |
| 27 | ਤਖਤਗੜ੍ਹ |
| 28 | ਟੱਪਰੀਆਂ |
| 29 | ਬਾਹਮਣ ਮਾਜਰਾ |
| 30 | ਘੜੀਸਪੁਰ |
| 31 | ਬਜਰੜ |
| 32 | ਸਰਥਲੀ |
| 33 | ਛੱਜਾ |
| 34 | ਚੌਤਾ |
| 35 | ਨੰਗਲ |
| 36 | ਅਬਿਆਣਾ ਕਲਾਂ |
| 37 | ਅਬਿਆਣਾ ਖੁਰਦ |
| 38 | ਭਾਓਵਾਲ |
| 39 | ਸਰਾਂ |
| 40 | ਚਨੋਲੀ |
| 41 | ਬਸੀ |

| | |
|---|---|
| 42 | ਬੜਵਾ |
| 43 | ਮੀਰਪੁਰ |
| 44 | ਚਹਿੜਮਾਜਰਾ |
| 45 | ਭਟੋਲੀ |
| 46 | ਢਾਹਾ ਬਾਸ |

**ਅਨੁਲੱਗ-2**

ਜਲ ਸਪਲਾਈ ਅਤੇ ਸੈਨੀਟੇਸ਼ਨ ਉਪ ਮੰਡਲ ਨੂਰਪੁਰ ਬੇਦੀ ਟਿਊਬਵੈੱਲ ਅਧਾਰਤ ਸਕੀਮਾਂ

| **ਲੜੀ ਨੰ:** | **ਸਕੀਮ ਦਾ ਨਾਂ** | **ਪਿੰਡਾਂ ਦੇ ਨਾਮ** |
|---|---|---|
| 1 | ਭੈਣੀ | ਭੈਣੀ<br>ਮਾਵ੍ਹਾ<br>ਮੁਕਾਰੀ<br>ਬਸਤੀ ਬਾਤੀਆ |
| 2 | ਭੰਗਲ | ਭੰਗਲ |
| 3 | ਭੱਟੋ | ਭੱਟੋ |
| 4 | ਭੋਗੀਪੁਰ | ਭੋਗੀਪੁਰ |
| 5 | ਧਮਾਣਾ | ਧਮਾਣਾ |
| 6 | ਗੜਬੱਗਾ | ਗੜਬੱਗਾ, ਗੜਬੱਗਾ ਅੱਪਰ |
| 7 | ਗੋਚਰ | ਗੋਚਰ |
| 8 | ਹਰੀਪੁਰ ਸਪਾਲਵਾ | ਪਲਾਟਾਂ<br>ਖੇੜਾ ਕਲਮੋਟ<br>ਸਪਾਲਵਾ<br>ਲੋਅਰ ਮਜਾਰੀ |

| | | |
|---|---|---|
| 9 | ਜੱਸੇ ਮਾਜਰਾ | ਜੱਸੇ ਮਾਜਰਾ |
| | | ਕੋਲਾਪੁਰ |
| 10 | ਜੱਟਵਾੜ | ਜੱਟਵਾੜ |
| | | ਨੌਧੇ ਮਾਜਰਾ |
| | | ਝਾਂਡੀਆਂ ਕਲਾਂ |
| | | ਗੋਲੂਮਾਜਰਾ |
| | | ਰਾਜਗਿਰੀ |
| | | ਖੱਡ ਰਾਜਗਿਰੀ |
| | | ਗਰੇਵਾਲ ਬਸਤੀ |
| 11 | ਝੱਜ | ਝੱਜ |
| 12 | ਝਾਂਗੜੀਆਂ | ਝਾਂਗੜੀਆਂ |
| | | ਸਾਖਪੁਰ |
| | | ਗਨੂਰਾ |
| | | ਰਾਮਪੁਰ ਕਲਾਂ |
| | | ਰਾਮਪੁਰ ਥੋਡਾ |
| 13 | ਕਲਵਾਂ | ਕਲਵਾਂ |
| 14 | ਕਾਂਗੜ | ਕਾਂਗੜ |
| | | ਬਸਾਲੀ |
| | | ਚੰਦਪੁਰ ਅਸਮਾਨੀ |
| 15 | ਕਰਤਾਰਪੁਰ | ਕਰਤਾਰਪੁਰ |
| | | ਭੋਲੇਵਾਲ |
| 16 | ਕਰੂਰਾ | ਕਰੂਰਾ |
| | | ਕਰੂਰਾ ਖੁਰਦ |

| | | |
|---|---|---|
| | | ਟੱਪਰੀਆਂ |
| | | ਚੱਬਰੇਵਾਲ |
| 17 | ਕੱਟਾ ਸਬੋਰ | ਕੱਟਾ |
| | | ਸਬੋਰ |
| | | ਘਈ ਮਾਜਰਾ |
| | | ਸਾਊਪੁਰ |
| 18 | ਖਟਾਣਾਂ | ਖਟਾਣਾਂ |
| 19 | ਨਲਹੋਟੀ | ਨਲਹੋਟੀ ਅੱਪਰ |
| | | ਨਲਹੋਟੀ ਲੋਅਰ |
| 20 | ਰੈਂਸੜਾ | ਰੈਂਸੜਾ |
| 21 | ਸੈਣੀ ਮਾਜਰਾ | ਸੈਣੀ ਮਾਜਰਾ |
| 22 | ਸਮੁੰਦੜੀਆਂ | ਸਮੁੰਦੜੀਆਂ |
| | | ਭਨੂੰਆਂ |
| | | ਬੂਥਗੜ੍ਹ |
| 23 | ਟਿੱਬਾ ਨੰਗਲ | ਟਿੱਬਾ ਨੰਗਲ |
| 24 | ਟਿੱਬਾ ਟੱਪਰੀਆਂ | ਟਿੱਬਾ ਟੱਪਰੀਆਂ, ਖੀਨ ਮਾਜਰਾ |
| | | ਹਰੀਪੁਰ ਫੁਲੜੇ |
| 25 | ਅਮਰਪੁਰ ਬੇਲਾ | ਅਮਰਪੁਰ ਬੇਲਾ |
| 26 | ਆਜਮਪੁਰ | ਆਜਮਪੁਰ |
| 27 | ਬਾਲੇਵਾਲ | ਬਾਲੇਵਾਲ |
| 28 | ਬਰਾਰੀ | ਬਰਾਰੀ |
| 29 | ਬਟਾਰਲਾ | ਬਟਾਰਲਾ |
| 30 | ਦਹੀਰਪੁਰ (2 ਨੰ) | ਦਹੀਰਪੁਰ |

[ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ]

| | | |
|---|---|---|
| | | ਮਾਧੋਪੁਰ |
| 31 | ਗੜਡੋਲੀਆਂ | ਗੜਡੋਲੀਆਂ |
| 32 | ਗੋਬਿੰਦਪੁਰ ਬੇਲਾ | ਗੋਬਿੰਦਪੁਰ ਬੇਲਾ |
| 33 | ਹਰੀਪੁਰ | ਹਰੀਪੁਰ |
| 34 | ਹਿਆਤਪੁਰ (2 ਨੰ) | ਹਿਆਤਪੁਰ<br>ਬੁੰਗੜੀ |
| 35 | ਹੀਰਪੁਰ ਬਾਸ | ਹੀਰਪੁਰ ਬਾਸ |
| 36 | ਜਤੋਲੀ (2 ਨੰ) | ਜਤੋਲੀ<br>ਢੇਡੇਵਾਲ ਪੱਤੀ |
| 37 | ਝਾਂਡੀਆਂ ਖੁਰਦ | ਝਾਂਡੀਆਂ ਖੁਰਦ |
| 38 | ਝਿੰਜੜੀ | ਝਿੰਜੜੀ |
| 39 | ਕਾਹਨਪੁਰ ਖੂਹੀ | ਕਾਹਨਪੁਰ ਖੂਹੀ |
| 40 | ਖੱਡ ਬਠਲੋਰ | ਖੱਡ ਬਠਲੋਰ |
| 41 | ਲਾਲਪੁਰ | ਲਾਲਪੁਰ |
| 42 | ਲੈੜੀਆਂ | ਲੈੜੀਆਂ |
| 43 | ਮਹਿੰਦਪੁਰ | ਮਹਿੰਦਪੁਰ |
| 44 | ਮੋਠਾਪੁਰ | ਮੋਠਾਪੁਰ |
| 45 | ਮੂੰਨੇ | ਮੂੰਨੇ |
| 46 | ਨੂਰਪੁਰ ਖੁਰਦ | ਨੂਰਪੁਰ ਖੁਰਦ<br>ਨੂਰਪੁਰ ਖੁਰਦ ਅੱਪਰ |
| 47 | ਪਚਰੰਡਾ (2 ਨੰ) | ਪਚਰੰਡਾ<br>ਬਾੜੀਆਂ |
| 48 | ਰਾਏਪੁਰ | ਰਾਏਪੁਰ |

| | | |
|---|---|---|
| 49 | ਰੋੜੂਆਣਾ | ਰੋੜੂਆਣਾ |
| 50 | ਰੋਲੀ | ਰੋਲੀ |
| 51 | ਰੂੜੈ ਮਾਜਰਾ | ਰੂੜੈ ਮਾਜਰਾ |
| 52 | ਸੈਦਪੁਰ (3 ਨੰ) | ਸੈਦਪੁਰ<br>ਬੇਂਈਹਾਰਾ<br>ਸੰਗਤਪੁਰ |
| 53 | ਸ਼ੇਖਪੁਰ<br>53 ਸਕੀਮਾਂ | ਸ਼ੇਖਪੁਰ<br>90 ਪਿੰਡ |

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਰ, ਇਹ ਜਿਹੜੀ ਸ਼ਾਹਪੁਰ ਕੰਡੀ ਨਹਿਰ ਕਹਿ ਰਹੇ ਹਨ, ਇਹ ਕੰਡੀ ਨਹਿਰ ਹੈ, ਇਹ ਗੜ੍ਹਸ਼ੰਕਰ ਤੱਕ ਵੀ ਆ ਰਹੀ ਹੈ, ਬਲਾਚੌਰ ਨੂੰ ਵੀ ਆ ਰਹੀ ਹੈ। ਆਪਣੇ ਉਪਰਲੇ ਪਿੰਡ ਨੂਰਪੁਰਬੇਦੀ ਪਹਾੜਾਂ ਵਿੱਚ, ਉਥੇ ਪਾਣੀ ਬਿਲਕੁਲ ਨਹੀਂ ਹੈ। ਇਸ ਟਾਈਮ ਹਾਹਾਕਾਰ ਮੱਚੀ ਪਈ ਹੈ। 10-10 ਪਿੰਡਾਂ ਦੇ ਲੋਕ ਆਉਂਦੇ ਹਨ। ਇਸ ਵਾਸਤੇ ਕੁਝ ਨਾ ਕੁਝ ਪ੍ਰਬੰਧ ਜ਼ਰੂਰ ਕੀਤਾ ਜਾਵੇ ਜਾਂ ਨੰਗਲ ਨਹਿਰ......

**ਮਾਨਯੋਗ ਸਪੀਕਰ :** ਪਲੀਜ਼ ਬੈਠੋ। ਉਨ੍ਹਾਂ ਨੇ ਦੱਸਿਆ ਹੈ ਅਤੇ ਉਸੇ ਨਹਿਰ ਨਾਲ ਜੋੜਨ ਦੀ ਗੱਲ ਕਹੀ ਹੈ।

**ਮੰਤਰੀ :** ਸਪੀਕਰ ਸਾਹਿਬ, ਮੁਕੇਰੀਆਂ ਹਾਈਡਲ ਵਿਚੋਂ ਪਾਣੀ ਦੇ ਰਹੇ ਹਾਂ, ਸ਼ਾਹਪੁਰ ਕੰਢੀ ਚੋਂ ਨਹੀਂ।

**ਮਾਨਯੋਗ ਸਪੀਕਰ :** ਮੁਕੇਰੀਆਂ ਹਾਈਡਲ ਹੋਰ ਹੈ, ਸ਼ਾਹਪੁਰ ਕੰਡੀ ਹੋਰ ਹੈ।

-----

## ਗੋਬਿੰਦਪੁਰਾ, ਜ਼ਿਲ੍ਹਾ ਮਾਨਸਾ ਵਿਖੇ ਪਿਊਨਾ ਪਾਵਰ ਪਲਾਂਟ ਦੀ ਜ਼ਮੀਨ ਐਕੁਆਇਰ ਕਰਨੀ

***264. ਸ਼੍ਰੀ ਬੁੱਧ ਰਾਮ :** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਗੋਬਿੰਦਪੁਰਾ, ਜ਼ਿਲ੍ਹਾ ਮਾਨਸਾ ਵਿਖੇ ਪਿਊਨਾ ਪਾਵਰ ਪਲਾਂਟ ਦੀ ਜ਼ਮੀਨ ਐਕੁਆਇਰ ਕੀਤੀ ਗਈ ਹੈ; ਜੇਕਰ ਕੀਤੀ ਗਈ ਹੈ ਤਾਂ ਸਰਕਾਰ ਦੀ ਪਾਲਿਸੀ ਮੁਤਾਬਿਕ

ਜਿਨ੍ਹਾਂ ਲੋਕਾਂ ਦੀ ਜ਼ਮੀਨ ਲਈ ਸੀ, ਉਨ੍ਹਾਂ ਨੂੰ ਨੌਕਰੀਆਂ ਅਤੇ ਵਿੱਤੀ ਮਦਦ ਅਜੇ ਦਿੱਤੀ ਜਾਣੀ ਬਾਕੀ ਹੈ ਅਤੇ ਸਰਕਾਰ ਉਨ੍ਹਾਂ ਨੂੰ ਕਦੋਂ ਤੱਕ ਨੌਕਰੀਆਂ ਅਤੇ ਵਿੱਤੀ ਮਦਦ ਦੇਣ ਬਾਰੇ ਵਿਚਾਰ ਰੱਖਦੀ ਹੈ?

**ਰਾਣਾ ਗੁਰਜੀਤ ਸਿੰਘ :** ਹਾਂ ਜੀ, ਪਿਊਨਾ ਪਾਵਰ ਪਲਾਂਟ ਲਈ 882 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਸੀ। ਜਿਨ੍ਹਾਂ ਲੋਕਾਂ ਦੀ ਜ਼ਮੀਨ ਲਈ ਗਈ ਸੀ ਉਨ੍ਹਾਂ ਵਿਚੋਂ ਬਹੁਤੇ ਪਰਿਵਾਰਾਂ ਦੇ ਇਕ ਮੈਂਬਰ ਨੂੰ ਨੌਕਰੀ ਅਤੇ ਪ੍ਰਤੀ ਪਰਿਵਾਰ ਵਿੱਤੀ ਮਦਦ ਦਿੱਤੀ ਗਈ ਸੀ। 21 ਪਰਿਵਾਰਾਂ ਦੇ ਬੱਚੇ ਅਜੇ ਪੜ੍ਹਾਈ ਕਰਦੇ ਹੋਣ ਕਾਰਨ ਨੌਕਰੀ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਸਨ, ਇਸ ਲਈ ਉਨ੍ਹਾਂ ਦਾ ਕੇਸ ਹਾਲ ਦੀ ਘੜੀ ਲੰਬਿਤ ਰੱਖਿਆ ਗਿਆ ਹੈ।

**ਸ਼੍ਰੀ ਬੁੱਧ ਰਾਮ :** ਸਰ, ਮੈਂ ਆਪ ਜੀ ਦੇ ਮਾਰਫਤ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਕੁਐਸਚਨ ਪਿਛਲੀ ਵਾਰ ਵੀ ਲੱਗਾ ਸੀ। ਇਨ੍ਹਾਂ ਨੇ 157 ਬੰਦਿਆਂ ਨੂੰ ਨੌਕਰੀਆਂ ਦਿੱਤੀਆਂ ਸਨ। ਸਾਲ 2011 ਵਿੱਚ 682 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਸੀ। ਪਿਛਲੀ ਸਰਕਾਰ ਨੇ ਉਨ੍ਹਾਂ ਬੰਦਿਆਂ ਨੂੰ ਨੌਕਰੀਆਂ ਦੇ ਦਿੱਤੀਆਂ, ਜਿਨ੍ਹਾਂ ਦੀ ਇੱਕ ਮਰਲੇ ਤੋਂ ਵੀ ਘੱਟ ਜਗ੍ਹਾ ਸੀ। ਮੇਰੇ ਕੋਲ ਅਜਿਹੀਆਂ 27 ਨੌਕਰੀਆਂ ਦੀ ਸਰਕਾਰੀ ਲਿਸਟ ਪਈ ਹੈ, ਜਿਨ੍ਹਾਂ ਕੋਲ .02 ਮਰਲੇ, .031, .03, .02, ਇਥੋਂ ਤੱਕ ਕਿ ਮਰਲਿਆਂ ਦੇ ਵੀ ਹਿੱਸਿਆਂ ਵਿਚੋਂ ਨੌਕਰੀਆਂ ਦਿੱਤੀਆਂ ਹਨ। ਜਿਹੜੇ ਐਕਚੁਲ 40 ਬੰਦੇ ਹਨ, ਉਨ੍ਹਾਂ ਦੀ ਵੀ ਮੇਰੇ ਕੋਲ ਲਿਸਟ ਹੈ, ਮੈਨੂੰ ਅੱਜ ਹੀ ਦੇ ਕੇ ਗਏ ਹਨ। ਮੈਂ ਤੁਹਾਡੇ ਮਾਰਫ਼ਤ ਮੰਤਰੀ ਜੀ ਨੂੰ ਸਦਨ ਦੀ ਟੇਬਲ ਤੇ ਰੱਖ ਕੇ ਇਹ ਦੇਣਾ ਵੀ ਚਾਹੁੰਦਾ ਹਾਂ ਕਿ ਜਿਨ੍ਹਾਂ ਕੋਲ ਪੰਜ ਏਕੜ, ਅੱਠ ਕਨਾਲ, ਪੰਜ ਵਿਸਵੇ, ਢਾਈ ਕਨਾਲਾਂ, ਚਾਰ ਕਨਾਲਾਂ, 34 ਮਰਲੇ ਜ਼ਮੀਨ ਸੀ, ਉਹ ਬੰਦੇ ਤਾਂ ਰਹਿ ਗਏ ਪ੍ਰੰਤੂ .27 ਜਾਂ .95 ਵਾਲੇ ਮਤਲਬ ਇੱਕ ਮਰਲੇ ਤੋਂ ਵੀ ਘੱਟ ਵਾਲੇ 27 ਬੰਦਿਆਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ। ਮੈਂ ਮੰਤਰੀ ਜੀ ਤੋਂ ਇਹ ਵਿਸ਼ਵਾਸ ਚਾਹੁੰਦਾ ਹਾਂ ...

**ਸ਼੍ਰੀ ਪਵਨ ਕੁਮਾਰ ਟੀਨੂ :** ** **

**ਸ਼੍ਰੀ ਬੁੱਧ ਰਾਮ :** ਕਿਰਪਾ ਕਰਕੇ ਜਿਨ੍ਹਾਂ ਬੰਦਿਆਂ ਨੇ ਝੋਲੀਆਂ ਭਰੀਆਂ ਹਨ ਔਰ ਗਲਤ ਨੌਕਰੀਆਂ ਦਿੱਤੀਆਂ ਹਨ, ਅਸੀਂ ਉਹ ਨੌਕਰੀਆਂ ਵਾਪਸ ਨਹੀਂ ਲੈਣਾ ਚਾਹੁੰਦੇ, ਇਸ ਦੀ ਇਨਕੁਆਇਰੀ ਕੀਤੀ ਜਾਵੇ ਅਤੇ ਜਿਹੜੇ ਯੋਗ ਬੰਦੇ ਹਨ, ਉਨ੍ਹਾਂ ਨੂੰ ਨੌਕਰੀ ਦਿੱਤੀ ਜਾਵੇ। 40 ਬੰਦਿਆਂ ਨੂੰ ਨੌਕਰੀ ਦਿੱਤੀ ਜਾਵੇ। ਮੈਂ

** Expunged as ordered by the Chair.

ਤੁਹਾਡੀ ਮਾਰਫਤ ਮੰਤਰੀ ਜੀ ਨੂੰ ਇਹ ਲਿਸਟ ਦੇਣਾ ਚਾਹੁੰਦਾ ਹਾਂ।

**ਮੰਤਰੀ :** ਸਪੀਕਰ ਸਾਹਿਬ, ਜਦੋਂ ਮਾਨਸਾ ਜ਼ਿਲ੍ਹੇ ਦੀ ਤਹਿਸੀਲ ਬੁਢਲਾਡਾ ਵਿੱਚ ਪਿਉਨਾ ਥਰਮਲ ਪਲਾਂਟ ਲਈ 882 ਕਿੱਲੇ ਜ਼ਮੀਨ ਗੋਬਿੰਦਪੁਰਾ, ਜਲਵਾਰਾ, ਸਿਰਸੀਵਾਲਾ ਔਰ ਬਰੇਟਾ ਦੀ ਲਈ ਗਈ ਸੀ ਤਾਂ ਸਰਕਾਰ ਨੇ ਇੱਕ ਪਾਲਿਸੀ ਬਣਾਈ ਸੀ। ਉਸ ਪਾਲਿਸੀ ਦੇ ਤਹਿਤ ਉਨ੍ਹਾਂ ਨੇ ਕੰਡੀਸ਼ਨਜ਼ ਰੱਖੀਆਂ ਕਿ ਕਨਾਲ ਤੋਂ ਘੱਟ ਜਿਸ ਬੰਦੇ ਦੀ .......

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

-----

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਆਈ.ਟੀ.ਆਈ. ਨਿਆੜੀ, ਤਹਿਸੀਲ ਧਾਰਕਲਾਂ ਦੀ ਉਸਾਰੀ

*498. **ਸ਼੍ਰੀ ਦਿਨੇਸ਼ ਸਿੰਘ :** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਿਹੜਾ ਆਈ.ਟੀ.ਆਈ. ਨਿਆੜੀ, ਤਹਿਸੀਲ ਧਾਰਕਲਾਂ ਵਿਖੇ ਸੈਂਕਸ਼ਨ ਹੋਇਆ ਸੀ, ਉਸ ਦੇ ਤਖਮੀਨੇ ਪਾਸ ਹੋ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਉਸ ਦੀ ਉਸਾਰੀ ਕਦੋਂ ਤੱਕ ਸ਼ੁਰੂ ਕਰ ਦਿੱਤੀ ਜਾਵੇਗੀ?

**ਸਰਦਾਰ ਚਰਨਜੀਤ ਸਿੰਘ ਚੰਨੀ :** ਆਈ.ਟੀ.ਆਈ. ਨਿਆੜੀ, ਤਹਿਸੀਲ ਧਾਰਕਲਾਂ ਦੇ ਤਖਮੀਨੇ ਪਾਸ ਹੋ ਗਏ ਹਨ ਪਰ ਇਸ ਆਈ.ਟੀ.ਆਈ. ਦੀ ਉਸਾਰੀ ਤੋਂ ਪਹਿਲਾਂ ਭਾਰਤ ਸਰਕਾਰ ਦੇ ਵਣ ਅਤੇ ਵਾਤਾਵਰਣ ਵਿਭਾਗ ਤੋਂ ਪ੍ਰਵਾਨਗੀ ਲੈਣੀ ਜ਼ਰੂਰੀ ਹੈ, ਜਿਸ ਲਈ ਕੇਸ ਭੇਜਿਆ ਹੋਇਆ ਹੈ। ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਇਸ ਆਈ.ਟੀ.ਆਈ. ਦੀ ਉਸਾਰੀ ਸ਼ੁਰੂ ਕਰ ਦਿੱਤੀ ਜਾਵੇਗੀ।

-----

### ਲੁਧਿਆਣਾ ਪੱਛਮੀ ਹਲਕੇ ਵਿਚ ਪੈਂਦੇ ਸਰਕਾਰੀ ਸਕੂਲਾਂ/ਕਾਲਜਾਂ ਵਿੱਚ ਅਧਿਆਪਕਾਂ/ਪ੍ਰੋਫੈਸਰਾਂ ਦੀ ਗਿਣਤੀ

*256. **ਸ਼੍ਰੀ ਭਾਰਤ ਭੂਸ਼ਣ ਆਸ਼ੂ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ

[ਸ਼੍ਰੀ ਭਾਰਤ ਭੂਸ਼ਣ ਆਸ਼ੂ]

ਦੱਸਣਗੇ ਕਿ :

(ੳ) ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਵਿਚ ਪੈਂਦੇ ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿਚ ਅਧਿਆਪਕਾਂ/ਪ੍ਰੋਫੈਸਰਾਂ ਦੀਆ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਅਤੇ ਵੇਰਵੇ ਕੀ ਹਨ?

(ਅ) ਕੀ ਇਹ ਠੀਕ ਹੈ ਕਿ ਭਾਗ (ੳ) ਵਿਚ ਵਰਣਿਤ ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿਚ ਬੁਨਿਆਦੀ ਢਾਂਚੇ ਦੀ ਬਹੁਤ ਵੱਡੀ ਘਾਟ ਹੈ ਜੇਕਰ ਅਜਿਹਾ ਹੋਵੇ ਤਾਂ ਇਸ ਘਾਟ ਨੂੰ ਪੂਰਾ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ?

**ਸ਼੍ਰੀਮਤੀ ਅਰੁਨਾ ਚੌਧਰੀ :** (ੳ) ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਪੈਂਦੇ ਸਰਕਾਰੀ ਸਕੂਲਾਂ ਵਿੱਚ ਕੁੱਲ 33 ਅਸਾਮੀਆਂ ਖਾਲੀ ਹਨ ਅਤੇ ਸਰਕਾਰੀ ਕਾਲਜਾਂ ਵਿਚ 57 ਲੈਕਚਰਾਰਾਂ ਦੀਆਂ ਆਸਾਮੀਆਂ ਖਾਲੀ ਹਨ। ਜਿਨ੍ਹਾ ਦਾ ਵੇਰਵਾ ਅਨੁਲੱਗ 'ੲ' ਅਤੇ 'ਸ' ਤੇ ਨੱਥੀ ਹੈ।

(ਅ ) ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿਚ ਬੁਨਿਆਦੀ ਢਾਂਚੇ ਦੀ ਘਾਟ ਬਾਰੇ ਸਰਕਾਰ ਦੁਆਰਾ ਚੁੱਕੇ ਗਏ ਕਦਮਾਂ ਦਾ ਵੇਰਵਾ ਅਨੁਲੱਗ 'ਹ' ਅਤੇ 'ਕ' ਤੇ ਨੱਥੀ ਹੈ।

**ਅਨੁਲਗ–'ੲ'**

**ਵਰਣਿਤ ਸਰਕਾਰੀ ਸਕੂਲਾਂ ਦੀਆਂ ਖਾਲੀ ਆਸਾਮੀਆਂ ਦਾ ਵੇਰਵਾ**

ਹਲਕਾ ਲੁਧਿਆਣਾ ਪੱਛਮੀ ਵਿਚ ਮਨਜੂਰਸ਼ੁਦਾ, ਭਰੀਆਂ ਅਤੇ ਖਾਲੀ ਆਸਾਮੀਆਂ ਦੀ ਗਿਣਤੀ

| ਵਿਸ਼ਾ | ਮਨਜੂਰਸ਼ੁਦਾ ਆਸਾਮੀਆਂ | ਭਰੀਆਂ ਆਸਾਮੀਆਂ | ਖਾਲੀ ਆਸਾਮੀਆਂ |
|---|---|---|---|
| ਲੈਕਚਰਾਰ ਹਿਸਟਰੀ | 1 | 0 | 1 |
| ਲੈਕਚਰਾਰ ਕਮਰਸ | 5 | 3 | 2 |
| ਪੰਜਾਬੀ ਮਾਸਟਰ | 6 | 3 | 3 |
| ਹਿੰਦੀ ਮਾਸਟਰ | 8 | 6 | 2 |
| ਐਸ.ਐਸ ਮਾਸਟਰ | 31 | 27 | 4 |

| | | | |
|---|---|---|---|
| ਮੈਥ ਮਾਸਟਰ | 2 | 1 | 1 |
| ਡੀ.ਪੀ.ਈ ਮਾਸਟਰ | 4 | 0 | 4 |
| ਸਾਇੰਸ ਮਾਸਟਰ | 3 | 2 | 1 |
| ਸੰਸਕ੍ਰਿਤ ਮਾਸਟਰ | 1 | 0 | 1 |
| ਮਿਊਜਿਕ ਮਾਸਟਰ | 4 | 2 | 2 |
| ਪੀ.ਟੀ.ਆਈ | 1 | 0 | 1 |
| ਸਿਲਾਈ ਟੀਚਰ | 1 | 0 | 1 |
| ਡਰਾਇੰਗ ਟੀਚਰ | 5 | 0 | 5 |
| ਈ.ਟੀ.ਟੀ | 32 | 27 | 5 |
| | 104 | 71 | 33 |

## ਅਨੁਲਗ–'ਸ'

## ਵਰਣਿਤ ਸਰਕਾਰੀ ਕਾਲਜਾਂ ਦੀਆਂ ਖਾਲੀ ਆਸਾਮੀਆਂ ਦਾ ਵੇਰਵਾ

| ਲੜੀ ਨੰਬਰ | ਕਾਲਜ ਦਾ ਨਾਂ | ਮਨਜ਼ੂਰਸ਼ੁਦਾ ਆਸਾਮੀਆਂ ਦੀ ਗਿਣਤੀ | ਖਾਲੀ ਆਸਾਮੀਆਂ ਦੀ ਗਿਣਤੀ |
|---|---|---|---|
| 1 | ਐਸ.ਸੀ.ਡੀ. ਸਰਕਾਰੀ ਕਾਲਜ (ਲੜਕੇ) ਲੁਧਿਆਣਾ | 126 | 08 |
| 2 | ਸਰਕਾਰੀ ਕਾਲਜ (ਲੜਕੀਆਂ) ਲੁਧਿਆਣਾ | 89 | 49 |

[ ਰਾਜ ਮੰਤਰੀ, ਸਿੱਖਿਆ ]

## ਅਨੁਲੱਗ–'ਹ'

## ਸਰਕਾਰੀ ਸਕੂਲਾਂ ਵਿਚ ਬੁਨਿਆਦੀ ਢਾਂਚੇ ਦੀ ਘਾਟ

| ਲੜੀ ਨੰ: | ਸਕੂਲ ਦਾ ਨਾਮ | ਕਮਰਿਆਂ ਦੀ ਘਾਟ | | | ਸਾਇੰਸ ਪ੍ਰਯੋਗ ਸ਼ਾਲਾ | ਵਿਸ਼ੇਸ਼ ਕਥਨ |
|---|---|---|---|---|---|---|
| | | ਲੋੜ | ਅਪਰੂਵਡ | ਅੰਤਿਮ ਲੋੜ | | |
| 1 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੀ.ਏ.ਯੂ | 6 | 0 | 6 | ... | ਵਿੱਤ ਵਿਭਾਗ ਤੋਂ ਬੁਨਿਆਦੀ ਢਾਂਚੇ ਦੀ ਘਾਟ ਨੂੰ ਪੂਰਾ ਕਰਨ ਹਿੱਤ ਫੰਡਜ ਦੀ ਮੰਗ ਕੀਤੀ ਗਈ ਹੈ। ਫੰਡਜ ਪ੍ਰਾਪਤ ਹੋਣ ਉਪਰੰਤ ਇਸ ਘਾਟ ਨੂੰ ਪੂਰਾ ਕਰ ਦਿੱਤਾ ਜਾਵੇਗਾ। |
| 2 | ਸਰਕਾਰੀ ਹਾਈ ਸਕੂਲ ਹੈਬੋਵਾਲ ਕਲਾਂ | 4 | 3 | 1 | 1 | |
| 3 | ਸਰਕਾਰੀ ਹਾਈ ਸਕੂਲ ਜਵੱਦੀ | 5 | 0 | 5 | ... | |
| 4 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਮਿਟਰੀ ਰੋਡ | 0 | 0 | 0 | 1 | |

## ਅਨੁਲਗ–'ਕ'

**ਸਰਕਾਰੀ ਕਾਲਜਾਂ ਵਿਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਹੇਠ ਲਿਖੇ ਅਨੁਸਾਰ ਗਰਾਂਟ ਜਾਰੀ ਕੀਤੀ ਗਈ।**

| ਲੜੀ ਨੰਬਰ | ਕਾਲਜ ਦਾ ਨਾਂ | ਜਾਰੀ/ਖਰਚ ਕੀਤੀ ਗਈ (ਲੱਖਾਂ ਵਿੱਚ) ਨੰਬਰ |
|---|---|---|
| 1 | ਐਸ.ਸੀ.ਡੀ. ਸਰਕਾਰੀ ਕਾਲਜ (ਲੜਕੇ) ਲੁਧਿਆਣਾ | 227.10 (ਇਕ ਕਰੋੜ ਰੁਪਏ ਦੀ ਰਾਸ਼ੀ ਰੂਸਾ ਸਕੀਮ ਅਧੀਨ ਜਾਰੀ ਕੀਤੀ ਗਈ ਹੈ) |
| 2 | ਸਰਕਾਰੀ ਕਾਲਜ (ਲੜਕੀਆਂ) ਲੁਧਿਆਣਾ | 249.33 (ਇਕ ਕਰੋੜ ਪੰਜਾਹ ਲੱਖ ਰੁਪਏ ਦੀ ਰਾਸ਼ੀ ਰੂਸਾ ਸਕੀਮ ਅਧੀਨ ਜਾਰੀ ਕੀਤੀ ਗਈ ਹੈ। |

----

## ਸਤਲੁਜ ਦਰਿਆ ਤੇ ਬਣੇ ਨਵੇਂ ਪੁਲ ਤੋਂ ਰਾਹੋਂ (ਨਵਾਂ ਸ਼ਹਿਰ) ਤੱਕ ਸੜਕ ਨੂੰ ਚੌੜਾ/ਮਜ਼ਬੂਤ ਕਰਨਾ

***468. ਸ਼੍ਰੀ ਅੰਗਦ ਸਿੰਘ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਤਲੁਜ ਦਰਿਆ ਉਤੇ ਨਵੇਂ ਬਣੇ ਪੁਲ ਤੋਂ ਰਾਹੋਂ (ਨਵਾਂ ਸ਼ਹਿਰ) ਤੱਕ ਪਹੁੰਚ ਸੜਕ ਨੂੰ ਚੌੜਾ ਅਤੇ ਮਜ਼ਬੂਤ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਤਜਵੀਜ਼ ਨੂੰ ਪੂਰਾ ਕਰਨ ਲਈ ਕਿੰਨਾ ਸਮਾਂ ਲੱਗੇਗਾ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** ਸ਼੍ਰੀਮਾਨ ਜੀ, ਹਾਂ ਜੀ, ਸਤਲੁਜ ਦਰਿਆ ਤੇ ਮੱਤੇਵਾੜਾ ਵਿਖੇ ਬਣੇ ਨਵੇਂ ਪੁਲ ਨੂੰ ਜੋੜਨ ਵਾਲੀ ਲੁਧਿਆਣਾ–ਰਾਹੋਂ ਸੜਕ ਨੂੰ ਪੀ.ਆਈ.ਡੀ.ਬੀ. ਦੇ ਫੰਡਾਂ ਰਾਹੀਂ ਚੌੜਾ/ਮਜ਼ਬੂਤ ਕਰਨ ਦੀ ਤਜਵੀਜ਼ ਹੈ। ਇਸ ਕੰਮ ਦੇ ਟੈਂਡਰ ਪ੍ਰਾਪਤ ਹੋ ਚੁੱਕੇ ਹਨ ਅਤੇ ਪੀ.ਆਈ.ਡੀ.ਬੀ. ਵੱਲੋਂ ਟੈਂਡਰ ਦੀ ਮਨਜ਼ੂਰੀ ਹੋਣ ਉਪਰੰਤ ਇਸ ਕੰਮ ਨੂੰ ਮੁਕੰਮਲ ਕਰਨ ਲਈ ਲਗਭਗ 18 ਮਹੀਨੇ ਦਾ ਸਮਾਂ ਲੱਗੇਗਾ।

-----

## ਸੀ.ਐਲ.ਯੂ. ਸਰਟੀਫਿਕੇਟ ਅਤੇ ਇਮਾਰਤ ਦਾ ਨਕਸ਼ਾ ਸਮਰੱਥ ਅਥਾਰਟੀ ਪਾਸੋਂ ਪਾਸ ਕਰਵਾਉਣਾ

***380. ਸ਼੍ਰੀ ਅਵਤਾਰ ਸਿੰਘ ਜੂਨੀਅਰ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਕੀ ਇਹ ਠੀਕ ਹੈ ਕਿ ਨਗਰ ਨਿਗਮ ਜਲੰਧਰ ਦੇ ਵਾਰਡ ਨੰਬਰ 40 ਵਿੱਚ ਨਾਗਰਾ ਫਾਟਕ ਤੋਂ ਸ਼ਿਵ ਨਗਰ ਫਾਟਕ ਦੇ ਵਿਚਕਾਰ ਸਥਿਤ ਨਾਗਰਾ ਪੈਲੇਸ ਨਾਂ ਦੀ ਇਕ ਇਮਾਰਤ ਦਾ ਸੀ.ਐਲ.ਯੂ. (ਭੌਂ ਵਰਤੋਂ ਦੀ ਤਬਦੀਲੀ) ਸਰਟੀਫਿਕੇਟ ਅਤੇ ਇਮਾਰਤ ਦਾ ਨਕਸ਼ਾ ਸਮਰੱਥ ਅਥਾਰਟੀ ਪਾਸੋਂ ਪਾਸ ਕਰਵਾਇਆ ਗਿਆ ਸੀ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ;

(ਅ) ਕੀ ਇਹ ਵੀ ਠੀਕ ਹੈ ਕਿ ਉਕਤ ਇਮਾਰਤ ਸਮਰੱਥ ਅਥਾਰਟੀ ਵਲੋਂ ਸੀਲ ਕਰ ਦਿੱਤੀ ਗਈ ਸੀ, ਜੇਕਰ ਅਜਿਹਾ ਹੋਵੇ ਤਾਂ ਉਕਤ ਇਮਾਰਤ ਦੀ ਮੌਜੂਦਾ ਸਥਿਤੀ ਕੀ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ :** (ੳ) ਨਗਰ ਨਿਗਮ, ਜਲੰਧਰ ਦੇ ਵਾਰਡ ਨੰ: 40 ਵਿੱਚ ਨਾਗਰਾ ਫਾਟਕ ਤੋਂ ਸ਼ਿਵ ਨਗਰ ਫਾਟਕ ਦੇ ਵਿਚਕਾਰ ਸਾਲ 2012 ਵਿੱਚ ਸ਼੍ਰੀ ਬਲਵੀਰ ਸਿੰਘ ਵਲੋਂ ਅਣ-ਅਧਿਕਾਰਤ ਤੌਰ ਤੇ ਸ਼ੈੱਡ ਦੀ ਉਸਾਰੀ ਕੀਤੀ ਗਈ ਸੀ। ਜਿਸ ਸਬੰਧੀ ਨਗਰ ਨਿਗਮ ਵੱਲੋਂ ਪੰਜਾਬ ਮਿਊਂਸਿਪਲ ਕਾਰਪੋਰੇਸ਼ਨ ਐਕਟ, 1976 ਦੀਆਂ ਧਾਰਾਵਾਂ 270 (1) ਅਤੇ 269 (1) ਅਧੀਨ ਨੋਟਿਸ ਜਾਰੀ ਕੀਤੇ ਗਏ ਸਨ ਅਤੇ ਮੀਮੋ ਨੰ: 12-ਡੀ ਮਿਤੀ 24.12.2012 ਰਾਹੀਂ ਡੈਮੋਲੀਸ਼ਨ ਨੋਟਿਸ ਜਾਰੀ ਕੀਤਾ ਗਿਆ ਸੀ। ਇਸ ਸਬੰਧੀ ਤਾਰਾ ਸਿੰਘ ਪੁੱਤਰ ਲੇਟ ਸ. ਗੁਰਬਖਸ਼ ਸਿੰਘ ਵਲੋਂ ਸ਼ਿਕਾਇਤ ਕੀਤੀ ਗਈ ਸੀ ਕਿ ਇਸ ਜਗ੍ਹਾ ਮੈਰਿਜ ਪੈਲੇਸ ਬਣਾਇਆ ਜਾ ਰਿਹਾ ਹੈ, ਇਹ ਨਾ ਬਨਣ ਦਿੱਤਾ ਜਾਵੇ। ਨਗਰ ਨਿਗਮ ਵਲੋਂ ਮਿਤੀ 18.3.2013 ਨੂੰ ਇਸ ਬਿਲਡਿੰਗ ਨੂੰ ਸੀਲ ਕਰ ਦਿੱਤਾ ਗਿਆ ਸੀ।

(ਅ) ਸ਼੍ਰੀ ਬਲਵੀਰ ਸਿੰਘ ਵਲੋਂ ਨਗਰ ਨਿਗਮ ਦਫ਼ਤਰ ਵਿੱਚ ਮਿਤੀ 24.2.2016 ਨੂੰ ਰਾਜ਼ੀਨਾਮਾ ਪੱਤਰ ਦੇ ਕੇ ਬੇਨਤੀ ਕੀਤੀ ਗਈ ਸੀ ਕਿ ਉਹ ਇਸ ਜਗ੍ਹਾ ਮੈਰਿਜ ਪੈਲੇਸ ਨਹੀਂ ਬਣਾਉਣਗੇ ਅਤੇ ਉਹ ਇਸ ਜਗ੍ਹਾ ਨੂੰ ਬੇਕਰੀ ਨਾਲ ਸਬੰਧਤ ਆਈਟਮਾਂ ਤਿਆਰ ਕਰਨ ਲਈ ਵਰਤਣਗੇ। ਉਸ ਵਲੋਂ ਬਿਲਡਿੰਗ ਨੂੰ ਲਗਾਈ ਗਈ ਸੀਲ ਖੋਲ੍ਹਣ ਲਈ ਬੇਨਤੀ ਕੀਤੀ ਗਈ ਅਤੇ ਬਣਦੀ ਰਾਜ਼ੀਨਾਮਾ ਫੀਸ ਨਗਰ ਨਿਗਮ ਖਜ਼ਾਨੇ ਵਿੱਚ ਜਮ੍ਹਾਂ ਕਰਵਾਉਣ ਲਈ ਸਹਿਮਤੀ ਦਿੱਤੀ ਗਈ।

ਨਗਰ ਨਿਗਮ ਵਲੋਂ ਇਸ ਉਸਾਰੀ ਨੂੰ ਬਾਈਲਾਜ ਅਤੇ ਮਾਸਟਰ ਪਲੈਨ ਅਨੁਸਾਰ ਘੋਖਦੇ ਹੋਏ ਦਫਤਰੀ ਹੁਕਮ ਮਿਤੀ 29.3.2016 ਅਨੁਸਾਰ ਰਾਜ਼ੀਨਾਮਾ ਫੀਸ ਰੁ: 7,57,016/- ਜਮ੍ਹਾਂ ਕਰਵਾਉਣ ਉਪਰੰਤ ਇਸ ਬਿਲਡਿੰਗ ਨੂੰ ਲਗਾਈ ਗਈ ਸੀਲ ਖੋਲ੍ਹ ਦਿੱਤੀ ਗਈ ਸੀ। ਮੌਕੇ ਤੇ ਇਸ ਬਿਲਡਿੰਗ ਦਾ ਢਾਂਚਾ ਖੜ੍ਹਾ ਹੈ ਅਤੇ ਇਸ ਵਿੱਚ ਕੋਈ ਕੰਮ ਨਹੀਂ ਚੱਲ ਰਿਹਾ ਹੈ।

----

## ਅਜਨਾਲਾ ਵਿੱਚ ਟਿਊਬਵੈੱਲਾਂ ਦੇ ਬਿਜਲੀ ਕੁਨੈਕਸ਼ਨਾਂ ਨੂੰ ਬਹਾਲ ਕਰਨਾ

***414. ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਵਿਧਾਨ ਸਭਾ ਚੋਣ ਹਲਕਾ ਅਜਨਾਲਾ ਵਿੱਚ ਪੈਂਦੇ ਅਜਿਹੇ ਪਿੰਡਾਂ ਦੀ ਕੁੱਲ ਗਿਣਤੀ ਕਿੰਨੀ ਹੈ, ਜਿਨ੍ਹਾਂ ਦੇ ਪੇਂਡੂ ਜਲ ਸਪਲਾਈ ਟਿਊਬਵੈੱਲਾਂ ਦੇ ਬਿਜਲੀ ਕੁਨੈਕਸ਼ਨ ਹੁਣ ਤੱਕ ਕੱਟੇ ਹੋਏ ਹਨ ਅਤੇ ਇਸ ਦੇ ਕਾਰਨ ਕੀ ਹਨ;

(ਅ) ਉਪਰੋਕਤ ਵਰਣਿਤ ਟਿਊਬਵੈੱਲਾਂ ਦੇ ਬਿਜਲੀ ਕੁਨੈਕਸ਼ਨਾਂ ਨੂੰ ਬਹਾਲ ਕਰਨ ਲਈ ਸਰਕਾਰ ਵਲੋਂ ਕੀ ਕਦਮ ਚੁੱਕੇ ਜਾ ਰਹੇ ਹਨ ਅਤੇ ਅਜਿਹਾ ਕਦੋਂ ਤੱਕ ਕਰ ਦਿੱਤਾ ਜਾਵੇਗਾ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** (ੳ) ਵਿਧਾਨ ਸਭਾ ਹਲਕਾ ਅਜਨਾਲਾ ਦੇ ਵਿਚ ਪੈਂਦੇ ਕੁੱਲ 178 ਪਿੰਡਾਂ ਨੂੰ 106 ਪਾਈਪਡ ਜਲ ਸਪਲਾਈ ਸਕੀਮਾਂ ਅਤੇ 37 ਹੈਂਡ ਪੰਪਾਂ ਰਾਹੀਂ ਪਾਣੀ ਦੀ ਸਪਲਾਈ ਮੁਹੱਈਆ ਕੀਤੀ ਜਾ ਰਹੀ ਹੈ। ਕਿਸੇ ਵੀ ਜਲ ਸਪਲਾਈ ਸਕੀਮ ਦਾ ਬਿਜਲੀ ਦਾ ਕੁਨੈਕਸ਼ਨ ਪੀ.ਐਸ.ਪੀ.ਸੀ.ਐਲ. ਵਲੋਂ ਨਹੀਂ ਕੱਟਿਆ ਗਿਆ ਹੈ।

(ਅ) ਕਿਉਂਜੋ ਕਿਸੇ ਵੀ ਜਲ ਸਪਲਾਈ ਸਕੀਮ ਦਾ ਬਿਜਲੀ ਦਾ ਕੁਨੈਕਸ਼ਨ ਪੀ.ਐਸ.ਪੀ.ਸੀ.ਐਲ. ਵਲੋਂ ਨਹੀਂ ਕੱਟਿਆ ਗਿਆ ਹੈ, ਇਸ ਲਈ ਮਹਿਕਮੇ ਨੂੰ ਇਸ ਬਾਬਤ ਕਿਸੇ ਵੀ ਕਾਰਵਾਈ ਨੂੰ ਕਰਨ ਦੀ ਲੋੜ ਨਹੀਂ ਹੋਈ ਹੈ।

----

## ਮਾਨਸਾ ਜ਼ਿਲ੍ਹੇ ਵਿੱਚ ਨਹਿਰੀ ਸਿੰਜਾਈ ਸਿਸਟਮ

***133. ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਮਾਨਸਾ ਜ਼ਿਲ੍ਹੇ ਵਿੱਚ ਨਹਿਰੀ ਸਿੰਜਾਈ ਸਿਸਟਮ (ਮਾਈਨਰਾਂ/ਰਜਵਾਹਿਆਂ) ਦੀਆਂ ਕਿੰਨੀਆਂ ਟੇਲਾਂ ਹਨ;

(ਅ) ਉਪਰੋਕਤ ਟੇਲਾਂ ਵਿਚੋਂ ਕਿੰਨੀਆਂ ਉੱਪਰ ਮੌਜੂਦਾ ਸਮੇਂ ਪਾਣੀ ਨਹੀਂ ਪਹੁੰਚ ਰਿਹਾ;

(ੲ) ਉਪਰੋਕਤ ਟੇਲਾਂ ਤੱਕ ਪਾਣੀ ਪਹੁੰਚਾਉਣ ਲਈ ਸਰਕਾਰ ਵਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ?

**ਰਾਣਾ ਗੁਰਜੀਤ ਸਿੰਘ :** (ੳ) ਮਾਨਸਾ ਜ਼ਿਲ੍ਹੇ ਵਿੱਚ ਨਹਿਰੀ ਸਿੰਜਾਈ ਸਿਸਟਮ (ਮਾਈਨਰਾਂ/ਰਜਵਾਹਿਆਂ) ਦੀਆਂ 80 ਨੰਬਰ ਟੇਲਾਂ ਪੈਂਦੀਆਂ ਹਨ।

(ਅ) ਉਪਰੋਕਤ ਟੇਲਾਂ ਵਿਚੋਂ ਸਾਰੀਆਂ ਟੇਲਾਂ ਤੇ ਮੌਜੂਦਾ ਸਮੇਂ ਪਾਣੀ ਪਹੁੰਚ ਰਿਹਾ ਹੈ।

(ੲ) ਟੇਲਾਂ ਤੱਕ ਪਾਣੀ ਪਹੁੰਚਾਉਣ ਲਈ ਮਨਰੇਗਾ ਅਧੀਨ ਜ਼ਰੂਰਤ ਅਨੁਸਾਰ ਅਤੇ ਲੇਬਰ ਦੀ ਉਪਲਬਧਤਾ ਨੂੰ ਮੁੱਖ ਰੱਖਦੇ ਹੋਏ ਕੰਮ ਕਰਵਾਇਆ ਗਿਆ ਹੈ / ਉਪਰਾਲੇ ਕੀਤੇ ਜਾ ਰਹੇ ਹਨ ਤਾਂ ਕਿ ਟੇਲਾਂ ਤੇ ਪੂਰਾ ਪਾਣੀ ਪਹੁੰਚਾਇਆ ਜਾ ਸਕੇ।

-----

## ਸਟਾਫ਼ ਦੀ ਕਮੀ ਅਤੇ ਮਸ਼ੀਨਾਂ ਦੀ ਪੂਰਤੀ ਕਰਨਾ

***462. ਸ਼੍ਰੀ ਅੰਗਦ ਸਿੰਘ :** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿਵਲ ਹਸਪਤਾਲ ਨਵਾਂ ਸ਼ਹਿਰ (ਸ.ਭ.ਸ ਨਗਰ) ਵਿਚ ਸਟਾਫ਼ ਦੀ ਕਮੀ ਅਤੇ ਲੋੜੀਂਦੀਆਂ ਸਿਹਤ ਸਬੰਧੀ ਮਸ਼ੀਨਾਂ ਦੀ ਪੂਰਤੀ ਲਈ ਸਰਕਾਰ ਦੀ ਕੋਈ ਤਜਵੀਜ਼ ਹੈ। ਜੇਕਰ ਅਜਿਹਾ ਹੋਵੇ ਤਾਂ ਕਿੰਨੇ ਸਮੇਂ ਵਿਚ ਪੂਰੀਆਂ ਹੋ ਜਾਣਗੀਆਂ?

**ਸ਼੍ਰੀ ਬ੍ਰਹਮ ਮਹਿੰਦਰਾ:** ਸਿਵਲ ਹਸਪਤਾਲ ਨਵਾਂ ਸ਼ਹਿਰ (ਸ.ਭ.ਸ ਨਗਰ) ਵਿਚ ਸਟਾਫ਼ ਦੀ ਸਥਿਤੀ ਅਨੁਲੱਗ-ੳ ਤੇ ਨੱਥੀ ਕੀਤੀ ਜਾਂਦੀ ਹੈ।

ਸਿਵਲ ਹਸਪਤਾਲ ਨਵਾਂ ਸ਼ਹਿਰ ਵਿਚ ਸਿਹਤ ਸਬੰਧੀ ਮਸ਼ੀਨਾਂ

ਹੇਠ ਲਿਖੇ ਅਨੁਸਾਰ ਮੁਹੱਈਆ ਕਰਨ ਦੀ ਤਜਵੀਜ਼ ਹੈ:-

1. ਓਪਰੇਸ਼ਨ ਥੀਏਟਰ ਟੇਬਲ- 1
2. ਅਲਾਈਜ਼ਾ ਰੀਡਰ- 1
3. ਸੈਲ ਕਾਊਂਟਰ- 1

ਸਰਕਾਰ ਬਦਲੀ ਅਤੇ ਤਾਜ਼ਾ ਭਰਤੀ ਦੀ ਪ੍ਰਕਿਰਿਆ ਰਾਹੀਂ ਸਟਾਫ਼ ਦੀ ਘਾਟ ਨੂੰ ਪੂਰਾ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ, ਜਿਥੋਂ ਤੱਕ ਜ਼ਰੂਰੀ ਮਸ਼ੀਨਰੀ ਦੀ ਉਪਲਬਧਤਾ ਦਾ ਸਵਾਲ ਹੈ, ਇਸ ਨੂੰ ਮੁਰੰਮਤ ਅਤੇ ਤਾਜ਼ਾ ਖਰੀਦ ਰਾਹੀਂ ਜਲਦੀ ਹੀ ਪੂਰਾ ਕਰ ਲਿਆ ਜਾਵੇਗਾ।

ਸਿਵਲ ਹਸਪਤਾਲ ਨਵਾਂ ਸ਼ਹਿਰ (ਸ.ਭ.ਸ. ਨਗਰ) ਵਿਖੇ ਮਨਜ਼ੂਰਸ਼ੁਦਾ/ ਭਰੀਆਂ/ ਖਾਲੀ ਆਸਾਮੀਆਂ ਦਾ ਵੇਰਵਾ :-

**ਅਨੁਲੱਗ ੳ**

**Posting Position of Staff in Civil Hospital, Nawanshahar**

| ਲੜੀ ਨੰ: | ਕੈਡਰ ਦਾ ਨਾਮ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਵਿਸ਼ੇਸ਼ ਕਥਨ |
|---|---|---|---|---|---|
| 1 | ਸੀਨੀਅਰ ਮੈਡੀਕਲ ਅਫਸਰ | 1 | 1 | 0 | |
| 2 | ਜਨਰਲ ਡਿਊਟੀ ਮੈਡੀਕਲ ਅਫਸਰ | 10 | 1 | 9 | |
| 3 | ਅੱਖਾਂ ਦੇ ਮਾਹਰ | 1 | 1 | 0 | |
| 4 | ਪੈਥੋਲੋਜਿਸਟ | 1 | 1 | 0 | |
| 5 | ਬੱਚਿਆਂ ਦੇ ਮਾਹਰ | 1 | 1 | 0 | |
| 6 | ਸਰਜਨ | 1 | 1 | 0 | |
| 7 | ਬੇਹੋਸ਼ੀ ਦੇ ਮਾਹਰ | 1 | 1 | 0 | |
| 8 | ਸਕਿਨ ਦੇ ਮਾਹਰ | 1 | 1 | 0 | |
| 9 | ਈ ਐਨ ਟੀ ਸਪੈਸ਼ਲਿਸਟ | 1 | 1 | 0 | |

[ਸਿਹਤ ਤੇ ਪਰਿਵਾਰ ਭਲਾਈ ਮੰਤਰੀ]

| | | | | | |
|---|---|---|---|---|---|
| 10 | ਮੈਡੀਕਲ ਸਪੈਸ਼ਲਿਸਟ | 1 | 1 | 0 | |
| 11 | ਹੱਡੀਆਂ ਦੇ ਮਾਹਰ | 2 | 2 | 0 | |
| 12 | ਔਰਤਾਂ ਦੇ ਮਾਹਰ | 1 | 1 | 0 | |
| 13 | ਰੇਡੀਓਲੋਜਿਸਟ | 1 | 1 | 0 | |
| 14 | ਮਾਨਸਿਕ ਰੋਗਾਂ ਦੇ ਮਾਹਰ | 1 | 1 | 0 | Mismatch. MO Surgeon working against this post |
| 15 | ਮੈਡੀਕਲ ਅਫਸਰ (ਡੈਂਟਲ) | 1 | 1 | 0 | Mismatch. MO Opthal working against this post |
| 16 | ਨਰਸਿੰਗ ਸਿਸਟਰ | 1 | 1 | 0 | |
| 17 | ਸਟਾਫ ਨਰਸ | 38 | 31 | 7 | |
| 18 | ਚੀਫ ਫਾਰਮਾਸਿਸਟ | 1 | 0 | 1 | |
| 19 | ਫਾਰਮਾਸਿਸਟ | 3 | 3 | 0 | |
| 20 | ਮੈਡੀਕਲ ਲੈਬੋਰਟਰੀ ਟੈਕਨੀਸ਼ੀਅਨ ਗ੍ਰੇਡ-1 | 1 | 1 | 0 | |

| | | | | |
|---|---|---|---|---|
| 21 | ਮੈਡੀਕਲ ਲੈਬੋਰਟਰੀ ਟੈਕਨੀਸ਼ੀਅਨ ਗ੍ਰੇਡ-2 | 4 | 3 | 1 |
| 22 | ਅਪਥਾਲਮਿਕ ਅਫਸਰ | 1 | 1 | 0 |
| 23 | ਸੀਨੀਅਰ ਰੇਡੀਓਗ੍ਰਾਫਰ | 1 | 1 | 0 |
| 24 | ਰੇਡੀਓਗ੍ਰਾਫਰ | 2 | 2 | 0 |
| 25 | ਕਲਰਕ | 3 | 1 | 2 |
| 26 | ਲੇਖਾਕਾਰ | 1 | 0 | 1 |
| 27 | ਅੰਕੜਾ ਸਹਾਇਕ | 1 | 0 | 1 |
| 28 | ਆਡੀਓਮੈਟਰੀ ਟੈਕਨੀਸ਼ੀਅਨ | 1 | 0 | 1 |
| 29 | ਮਾਨਸਿਕ ਸੋਸ਼ਲ ਵਰਕਰ | 1 | 1 | 0 |
| 30 | ਡਰਾਈਵਰ | 1 | 0 | 1 |
| 31 | ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ (ਫੀਮੇਲ) | 1 | 1 | 0 |
| 32 | ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) | 1 | 0 | 1 |
| 33 | ਮਲਟੀਪਰਪਜ਼ ਹੈਲਥ ਵਰਕਰ (ਮੇਲ) | 1 | 0 | 1 |
| 34 | ਦਰਜਾ-4 | 36 | 12 | 24 |

[ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ]

| | | | | |
|---|---|---|---|---|
| 35 | ਸਫਾਈ ਸੇਵਕ | 15 | 4 | 11 |
| 36 | ਮਾਲੀ | 1 | 0 | 1 |
| 37 | ਕੁੱਕ (ਨਸ਼ਾ ਛੁਡਾਓ ਅਧੀਨ) | 1 | 0 | 1 |
| | | 141 | 78 | 63 |

-----

## ਮਿਉਂਸਿਪਲ ਕਾਰਪੋਰੇਸ਼ਨ, ਮੋਹਾਲੀ ਵਿਖੇ ਕਮਰਸ਼ੀਅਲ ਪ੍ਰਾਪਰਟੀ ਟੈਕਸ ਲਗਾਉਣਾ

***477. ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਮਿਉਂਸਿਪਲ ਕਾਰਪੋਰੇਸ਼ਨ ਐਸ.ਏ.ਐਸ. ਨਗਰ ਮੋਹਾਲੀ ਵਿਖੇ ਕਮਰਸ਼ੀਅਲ ਨਾਨ-ਰੈਂਟਲ ਪ੍ਰਾਪਰਟੀ ਅਤੇ ਕਮਰਸ਼ੀਅਲ ਰੈਂਟਲ ਪ੍ਰਾਪਰਟੀ ਤੇ ਪ੍ਰਾਪਰਟੀ ਟੈਕਸ ਲਗਾਉਣ ਦਾ ਕੀ ਮਾਪਦੰਡ ਹੈ ;

(ਅ) ਕਮਰਸ਼ੀਅਲ ਨਾਨ-ਰੈਂਟਲ ਪ੍ਰਾਪਰਟੀ ਨਾਲੋਂ ਕਮਰਸ਼ੀਅਲ ਰੈਂਟਲ ਪ੍ਰਾਪਰਟੀ ਤੇ ਕਿੰਨੇ ਗੁਣਾ ਵੱਧ ਪ੍ਰਾਪਰਟੀ ਟੈਕਸ ਵਸੂਲਿਆ ਜਾਂਦਾ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ:** (ੳ) ਮਿਉਂਸਿਪਲ ਕਾਰਪੋਰੇਸ਼ਨ ਐਸ.ਏ.ਐਸ. ਨਗਰ ਵਿਖੇ ਕਮਰਸ਼ੀਅਲ ਨਾਨ-ਰੈਂਟਲ ਪ੍ਰਾਪਰਟੀ ਅਤੇ ਕਮਰਸ਼ੀਅਲ ਰੈਂਟਲ ਪ੍ਰਾਪਰਟੀ ਤੇ ਪ੍ਰਾਪਰਟੀ ਟੈਕਸ ਸਰਕਾਰ ਵਲੋਂ ਪ੍ਰਾਪਰਟੀ ਟੈਕਸ ਲਗਾਉਣ ਸਬੰਧੀ ਜਾਰੀ ਨੋਟੀਫਿਕੇਸ਼ਨ ਨੰ: 2/4/2014-5ਐਲ.ਜੀ3/379043/1 ਮਿਤੀ 31.12.2014 ਦੇ ਅਧਾਰ ਤੇ ਲਗਾਇਆ ਜਾਂਦਾ ਹੈ। ਇਸ ਨੋਟੀਫਿਕੇਸ਼ਨ ਦੀ ਕਾਪੀ ਨਾਲ ਨੱਥੀ ਕੀਤੀ ਜਾਂਦੀ ਹੈ। ਇਹ ਨੋਟੀਫਿਕੇਸ਼ਨ ਸਾਰੇ ਪੰਜਾਬ ਤੇ ਲਾਗੂ ਹੈ।

(ਅ) ਕਮਰਸ਼ੀਅਲ ਨਾਨ ਰੈਂਟਲ ਪ੍ਰਾਪਰਟੀ ਨਾਲੋਂ ਕਮਰਸ਼ੀਅਲ ਰੈਂਟਲ ਪ੍ਰਾਪਰਟੀ ਤੇ ਕਿੰਨਾ ਗੁਣਾਂ ਵੱਧ ਪ੍ਰਾਪਰਟੀ ਟੈਕਸ ਵਸੂਲਿਆ ਜਾਂਦਾ ਹੈ, ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਇਸ ਨਗਰ ਨਿਗਮ ਵਿਖੇ ਉਕਤ ਨੋਟੀਫਿਕੇਸ਼ਨ ਅਨੁਸਾਰ ਕਮਰਸ਼ੀਅਲ ਨਾਨ ਰੈਂਟਲ ਪ੍ਰਾਰਟੀ ਤੇ ਪ੍ਰਾਪਰਟੀ ਟੈਕਸ ਦੀਆਂ ਦਰਾਂ ਹੇਠ ਲਿਖੇ ਅਨੁਸਾਰ ਹਨ:-

| ਜ਼ਮੀਨ ਦਾ ਰਕਬਾ | ਏਰੀਆ ਕਲਾਸੀਫਿਕੇਸ਼ਨ | ਪ੍ਰਾਪਰਟੀ ਟੈਕਸ ਦੀਆਂ ਦਰਾਂ (ਪ੍ਰਤੀ ਵਰਗ ਫੁੱਟ) | ਟਿੱਪਣੀ |
|---|---|---|---|
| ਜੇਕਰ ਪਲਾਟ ਦਾ ਰਕਬਾ 100 ਵਰਗ ਫੁੱਟ ਜਾਂ ਉਸ ਤੋਂ ਘੱਟ ਹੈ। | ਏਰੀਆ –1<br>ਏਰੀਆ –2<br>ਏਰੀਆ –3 | 4.00 ਰੁਪਏ<br>2.00 ਰੁਪਏ<br>1.75 ਰੁਪਏ | ਕਾਲਮ ਨੰ: 3 ਵਿੱਚ ਦਰਸਾਏ ਰੇਟ ਗਰਾਉਂਡ ਫਲੋਰ ਤੇ ਉਸਾਰੇ ਹੋਏ ਏਰੀਏ ਦੇ ਹਨ। ਬੇਸਮੈਂਟ, ਪਹਿਲੀ ਮੰਜ਼ਿਲ, ਹੋਰ ਮੰਜ਼ਿਲਾਂ ਅਤੇ ਬਿਨਾਂ ਉਸਾਰੇ (ਵੇਕੈਂਟ ਏਰੀਏ ਲਈ ਰੇਟ ਕਾਲਮ ਨੰ: 3 ਵਿੱਚ ਦਰਸਾਏ ਰੇਟ ਦਾ 50% ਹਨ। |
| ਜੇਕਰ ਪਲਾਟ ਦਾ ਰਕਬਾ 100 ਵਰਗ ਫੁੱਟ ਤੋਂ ਜ਼ਿਆਦਾ ਜਾਂ 1000 ਵਰਗ ਫੁੱਟ ਤੱਕ ਹੈ। | ਏਰੀਆ –1<br>ਏਰੀਆ –2<br>ਏਰੀਆ –3 | 5.00 ਰੁਪਏ<br>3.00 ਰੁਪਏ<br>2.00 ਰੁਪਏ | |
| ਜੇਕਰ ਪਲਾਟ ਦਾ ਰਕਬਾ 1000 ਵਰਗ ਫੁੱਟ ਤੋਂ ਉਪਰ ਹੈ। | ਏਰੀਆ –1<br>ਏਰੀਆ –2<br>ਏਰੀਆ –3 | 6.00 ਰੁਪਏ<br>4.00 ਰੁਪਏ<br>3.00 ਰੁਪਏ | |

[ਸਥਾਨਕ ਸਰਕਾਰ ਮੰਤਰੀ]

ਕਮਰਸ਼ੀਅਲ ਰੈਂਟਲ ਪ੍ਰਾਪਰਟੀਆਂ ਤੇ ਪ੍ਰਾਪਰਟੀ ਟੈਕਸ ਸਾਲਾਨਾ ਕਿਰਾਏ ਦੀ 7.5% ਰਕਮ ਹੈ। ਅਜਿਹੀਆਂ ਪ੍ਰਾਪਰਟੀਆਂ ਤੇ ਪ੍ਰਾਪਰਟੀ ਟੈਕਸ ਦੀ ਰਕਮ ਪ੍ਰਾਪਰਟੀ ਦੇ ਮਾਲਕ ਵਲੋਂ ਪ੍ਰਾਪਤ ਕੀਤੇ ਜਾ ਰਹੇ ਕਿਰਾਏ ਤੇ ਨਿਰਭਰ ਕਰਦੀ ਹੈ। ਪ੍ਰਾਪਰਟੀ ਟੈਕਸ ਸੈਲਫ ਅਸੈਸਮੈਂਟ ਦੀਆਂ ਜੋ ਰਿਟਰਨਾਂ ਪਿਛਲੇ ਤਿੰਨ ਸਾਲਾਂ ਦੌਰਾਨ ਇਸ ਨਗਰ ਨਿਗਮ ਵਿਖੇ ਪ੍ਰਾਪਤ ਹੋਈਆਂ ਹਨ, ਉਨ੍ਹਾਂ ਤੋਂ ਅੰਦਾਜ਼ਾ ਲਗਦਾ ਹੈ ਕਿ ਕਮਰਸ਼ੀਅਲ ਰੈਂਟਲ ਪ੍ਰਾਪਰਟੀ ਤੇ ਪ੍ਰਾਪਰਟੀ ਟੈਕਸ ਦੀ ਰਕਮ ਕਮਰਸ਼ੀਅਲ ਨਾਨ-ਰੈਂਟਲ ਪ੍ਰਾਪਰਟੀ ਦੇ ਮੁਕਾਬਲੇ ਲਗਭਗ ਪੰਜ ਤੋਂ ਛੇ ਗੁਣਾ ਹੈ।

**GOVERNMENT OF PUNJAB**

**DEPARTMENT OF LOCAL GOVERNMENT**

**(LG-3 BRANCH)**

NOTIFICATION

Dated the 31st December, 2014

**No. 2/4/2014-5lg3/379043/1**.- In exercise of the powers conferred by sub-section (1) of section 97 of the Punjab Municipal Corporation Act 1976 (Punjab Act No. 42 of 1976), the Governor of Punjab is pleased to order that the tax on land and building with effect from the 1st day of April, 2014 shall be calculated in the manner and levied at the following rates specified below, namely:-

(1) Cities shall be categorized as under :-

(a) Cities of Amritsar, Jalandhar, Ludhiana, Patiala and Sahibzada Ajit Singh Nagar (Mohali) - A category

(b) All other Cities - B category.

(2) Each municipal area of A category Cities shall be classified in three areas ("Area 1", "Area 2" and "Area 3"). "Area 1" shall

include the posh area, "Area 2" shall be less posh/developed area, and balance area shall be classified as "Area 3". Municipal area of B category Cities shall be classified in two areas ("Area 1" and "Area 2"). "Area 1" shall include the posh/developed area, and balance area shall be classified as "Area 2". These classifications shall be finalized by a committee consisting of Secretary/Principal Secretary Local Government, Director Local Government (who shall be convener of the Committee), Mayor of the concerned City, Commissioner of the concerned Municipal Corporation and Deputy Commissioner of the concerned district in which the City falls. This classification shall be completed within a fortnight from the date of issue of this notification, and shall be published, in a Punjabi Newspaper and also placed on notice boards at various places in the Municipal area, by the Commissioner of the concerned Municipal Corporation.

(3) The rate of tax on a non-residential building under occupation of tenant(s) shall be seven and half per cent of the annual rent of the said property.

(4) The rates of tax in all cases, except those mentioned in clause(3) shall be as under:

[ ਸਥਾਨਕ ਸਰਕਾਰ ਮੰਤਰੀ ]

| Use | | Rate of tax as per classification and category (in rupees) | | | Remarks |
|---|---|---|---|---|---|
| | | Area classification | A category towns | B category towns | |
| **Residential houses** | For all, except single storey houses built on land area upto 125 square yards | Area 1 | 5.00 per square yard | 2.00 per square yard | These rates are for built up area of ground floor. For basement, first floor, other floors and vacant area, the rate will be fifty per cent of the rates specified in column No. 4 /5. |
| | | Area 2 | 3.00 per square yard | 1.00 per square yard | |
| | | Area 3 | 2.00 per square yard | - | |
| **Commercial buildings** | Having 100 square feet | Area 1 | 4.00 per square foot | 3.00 per square foot | These rates are for built up area of ground floor. For |

| | | | | | |
|---|---|---|---|---|---|
| **including Restaurants (except multiplexes, malls, marriage palaces)** | land or below | Area 2 | 2.00 per square foot | 1.20 per square foot | basement, first floor, other floors and vacant area, the rate will be fifty per cent of the rates specified in column No. 4 /5. |
| | | Area 3 | 1.75 per square foot | - | |
| | Having 1000 square feet land or below but beyond 100 square feet land | Area 1 | 5.00 per square foot | 4.00 per square foot | |
| | | Area 2 | 3.00 per square foot | 2.00 per square foot | |
| | | Area 3 | 2.00 per square foot | - | |
| | Having beyond 1000 square feet land | Area 1 | 6.00 per square foot | 5.00 per square foot | |
| | | Area 2 | 4.00 per square foot | 2.50 per square foot | |
| | | Area 3 | 3.00 per square foot | - | |

| | | | | | |
|---|---|---|---|---|---|
| **Flats** | Having more than 500 square feet super area | Area 1 | 5.00 per square Yard | 2.00 per square Yard | |
| | | Area 2 | 3.00 per square Yard | 1.00 per square Yard | |
| | | Area 3 | 2.00 per square Yard | - | |
| **Multiplex, Malls etc.** | - | For all Areas | 15.00 per square foot | 10 per square foot | These rates are for whole built-up area having distinct roof and/ or partition and for all floors. |
| **Marriage Palaces** | - | For all areas | 6.00 per square yard | 4.00 per square yard | These rates are for whole area of land. |

| | | | | | |
|---|---|---|---|---|---|
| **Hotels** | Having 15 rooms or below (without star, one star or two star) | Area 1 | 6.00 per square foot | 4.00 per square foot | These rates are for every built up area irrespective of floor. There will be no tax on vacant land and parking area |
| | | Area 2 | 5.00 per square foot | 3.00 per square foot | |
| | | Area 3 | 4.00 per square foot | - | |
| | Having beyond 15 rooms (without star of with star) | Area 1 | 9.00 per square foot | 8.00 per square foot | |
| | | Area 2 | 8.00 per square foot | 6.00 per square foot | |
| | | Area 3 | 7.00 per square foot | - | |
| Industrial (any manufac-turing unit), | Having 4000 square yards land or below | For all areas | 5.00 per square yard | 4.00 per square yard | These rates are for built up area of ground floor. For basement, first |

[ ਸਥਾਨਕ ਸਰਕਾਰ ਮੰਤਰੀ ]

| | | | | | |
|---|---|---|---|---|---|
| educational institutions, and godowns | Having Beyond 4000 square yards land | For all areas | 7.50 per square yard | 6.00 per square yard | floor, other floors and vacant area, the rate will be fifty per cent of the rates specified in column No. 4 /5. |

(5) The tax on a building, which has remained un-occupied and unproductive of rent throughout the year or the part period thereof shall be at half the rate of tax specified in clause (4);

(6) At the time of making calculations of tax -

(i) fraction of 0.5 or less to that of a rupee; and

(ii) fraction of 0.5 or less to that in area shall be ignored and fraction of more than 0.5 shall be considered as 1.0.

(7) If a building and/or land is used for multiple purposes, for which different rates of tax have been specified in clause (4), then the tax shall be calculated by applying specified relevant rate to the particular area of the building according to its use.

(8) Example for vacant area is as under :-

If the area of a residential plot is 1000 square yards, out of which 700 square yards is built on ground floor and 300 square yards is vacant, and the rate of tax on built-up area is five rupees per square yard, then the tax -

**(i) for 700 square yards (built-up area) will be Rs. 3500 (700 x 5); and**

**(ii) for 300 square yards (vacant area) will be Rs. 750 (300 x 2.50).**

(9) The decision of Secretary/Principal Secretary to Government of Punjab, Department of Local Government, with regard to clarification of classification of municipal area or use of a building shall be final.

(10) The following expressions used in this notification shall mean as under:-

(a) "Educational Institution" means such institution which

[ ਸਥਾਨਕ ਸਰਕਾਰ ਮੰਤਰੀ ]

provide instructional services to individuals or education-related services to individuals or other education related institutions;

(b) "Godown" means a warehouse, a storage house for goods and merchandise;

(c) "hotel" means an establishment that provides paid lodging for a short duration to tourists, which may or may not provide other services, such as a restaurant, swimming pool, childcare, or arrangements to hold conferences and meetings;

(d) "Marriage palace" means a building used for holding social functions, excluding hotel;

(e) "Multiplex" means an integrated entertainment and shopping complex/centre, having cinema hall, Theatre, Auditorium, Retail Shops, Commercial show rooms, Restaurants, Food plazas, Health club and Fitness Centre, Clubs, Call Centres, Corporate Offices, Convention Hall, Bank, Cyber Cafe, Video Games, Parlours, Pubs, Bowling Allies and Recreational activities and such like other buildings;

(f) "Restaurant" means a place where a person pays for sitting, eating meal and/or drinking; and

(g) "Malls" means shopping complex/centre, having shops, commercial show rooms, Restaurants, Food plazas, Health club and Fitness Centre, Clubs, Call Centres, Corporate Offices, Convention Hall, Bank, Cyber cafe, Video Games, Parlours, Pubs, Bowling Allies and Recreational activities or any of these categories.

Sd/-

Ashok Kumar Gupta, IAS

Secretary to Government, Punjab,

Department of Local Government.

Dated Chandigarh, the

30th December, 2014.

**Endst. No. 2/4/2014-5lg3/379043/2, dated Chandigarh the 31st Dec., 2014.**

A copy, with a spare copy, is forwarded to the Controller, Printing & Stationery, Punjab, Mohali, with the request to publish the notification in the Extraordinary Gazette of Punjab Government and supply 200 spare copies of the same for official use.

Sd/-

Special Secretary Local Government.

**Endst. No. 2/4/2014-5lg3/379043/3 , dated Chandigarh the 31st Dec, 2014.**

A copy each is forwarded to the following for information and necessary action :-

(1) Principal Secretary to Chief Minister, Punjab.

(2) Secretaries/Private Secretaries to all Ministers, Chief Parliamentary Secretaries in Punjab.

(3) Commissioner of all Divisions in the State of Punjab.

(4) Deputy Commissioners of all Districts in Punjab.

(5) Director, Local Government, Punjab. (He is requested to get the process of classification of municipal area completed within the stipulated time)

(6) Chief Executive Officer, Pb.Water Supply & Sewerage Board, Chandigarh.

(7) Director Information and Public Relations Punjab, Chandigarh.

(8) All officers in the Local Government Department, Punjab.

(9) General Manager, PMIDC, Chandigarh

[ ਸਥਾਨਕ ਸਰਕਾਰ ਮੰਤਰੀ ]

(10) Deputy Controller (Finance & Accounts) Local Government Deptt. Pb.

(11) Commissioners of all Municipal Corporations in the State.

(12) All Regional Deputy Director of Local Government in the State. (They are requested to get the process of classification of municipal area completed within the stipulated time)

(13) Executive Officers of all Municipal Councils/Nagar Panchayats in the State.

(14) Superintendents/Incharges of all Branches in the Secretariat and Directorate of Local Government Punjab.

Sd/-
Special Secretary, Local Government.

-----

**ਲੇਕ ਵਿਊ ਗੈਸਟ ਹਾਊਸ ਬਠਿੰਡਾ ਤੇ ਕੀਤੇ ਗਏ ਖਰਚੇ ਸਬੰਧੀ**

***46. ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਬਠਿੰਡਾ ਵਿਖੇ ਲੇਕ ਵਿਊ ਗੈਸਟ ਹਾਊਸ ਕਿਹੜੇ ਸਾਲ ਵਿੱਚ ਤਿਆਰ ਕੀਤਾ ਗਿਆ ਸੀ ਅਤੇ ਇਸ ਤੇ ਕਿੰਨੀ ਰਾਸ਼ੀ ਖਰਚ ਕੀਤੀ ਗਈ ਸੀ;

(ਅ) ਕੀ ਉਪਰੋਕਤ (ੳ) ਵਿੱਚ ਵਰਣਿਤ ਗੈਸਟ ਹਾਊਸ ਦੀ ਰੈਨੋਵੇਸ਼ਨ ਕਰਨ ਲਈ ਵਿਦੇਸ਼ੀ ਸਮਾਨ ਵੀ ਮੰਗਵਾ ਕੇ ਲਗਾਇਆ ਗਿਆ ਸੀ ਅਤੇ ਇਸ ਤੇ ਕਿੰਨਾ ਖਰਚ ਕੀਤਾ ਗਿਆ;

(ੲ) ਗੈਸਟ ਹਾਊਸ ਦੇ ਰੱਖ-ਰਖਾਅ ਅਤੇ ਸਾਂਭ-ਸੰਭਾਲ ਤੇ ਸਾਲ 2014-15, 2015-16 ਅਤੇ 2016-17 ਦੌਰਾਨ ਕਿੰਨਾ ਖਰਚਾ ਕੀਤਾ ਗਿਆ;

(ਸ) ਭਾਗ (ੳ) ਵਿੱਚ ਵਰਣਿਤ ਗੈਸਟ ਹਾਊਸ ਵਿਚ ਸਾਲ 2014-15, 2015-16 ਅਤੇ 2016-17 ਦੌਰਾਨ ਕਿੰਨੇ ਵਿਅਕਤੀ ਠਹਿਰੇ ਅਤੇ ਉਨ੍ਹਾਂ ਪਾਸੋਂ

ਕਿੰਨੀ ਰਕਮ ਬਤੌਰ ਰੈਂਟ ਚਾਰਜਿਜ਼ ਵਸੂਲ ਕੀਤੀ ਗਈ ਹੈ?

**ਰਾਣਾ ਗੁਰਜੀਤ ਸਿੰਘ :** (ੳ) ਬਠਿੰਡਾ ਵਿਖੇ ਲੇਕ ਵਿਊ ਗੈਸਟ ਹਾਊਸ ਸਾਲ 1979-80 ਵਿੱਚ ਤਿਆਰ ਕੀਤਾ ਗਿਆ ਸੀ ਅਤੇ ਇਸ ਤੇ ਲਗਭਗ 15 ਲੱਖ ਰੁਪਏ ਦੀ ਰਾਸ਼ੀ ਖਰਚ ਕੀਤੀ ਗਈ ਸੀ।

(ਅ) ਇਸ ਗੈਸਟ ਹਾਊਸ ਦੀ ਰੈਨੋਵੇਸ਼ਨ ਲਈ ਕੋਈ ਵੀ ਵਿਦੇਸ਼ੀ ਆਈਟਮ ਪੀ.ਐਸ.ਪੀ.ਸੀ.ਐਲ. ਵਲੋਂ ਇੰਪੋਰਟ ਨਹੀਂ ਕੀਤੀ ਗਈ। ਇਟਾਲਿਅਨ ਮਾਰਬਲ ਅਤੇ ਡੈਕੋਰੇਟਿਵ ਲਾਈਟਾਂ ਆਦਿ ਆਈਟਮਾਂ ਮਾਰਕੀਟ ਵਿਚੋਂ ਸਪੈਸੀਫਿਕੇਸ਼ਨਾਂ ਅਨੁਸਾਰ ਖਰੀਦ ਕੇ ਲਗਾਈਆਂ ਗਈਆਂ। ਸਾਲ 2015 ਵਿੱਚ ਇਸ ਨੂੰ ਰੈਨੋਵੇਟ ਕੀਤਾ ਗਿਆ ਸੀ ਅਤੇ ਇਸ ਉਪਰ ਤਕਰੀਬਨ 7.03 ਕਰੋੜ ਰੁਪਏ ਦੀ ਰਾਸ਼ੀ ਖਰਚ ਕੀਤੀ ਗਈ ਸੀ।

(ੲ) ਲੇਕ ਵਿਊ ਗੈਸਟ ਹਾਊਸ ਦੇ ਰੱਖ-ਰਖਾਅ ਅਤੇ ਸਾਂਭ-ਸੰਭਾਲ ਲਈ ਹੇਠ ਅਨੁਸਾਰ ਖਰਚਾ ਕੀਤਾ ਗਿਆ :

1) 2014-15 ਨਿੱਲ

2) 2015-16 21,40,486/-

3) 2016-17 37,37,571/-

| (ਸ) | **ਸਾਲ** | **ਮਹਿਮਾਨਾਂ ਦੀ ਗਿਣਤੀ** | **ਬਤੌਰ ਰੈਂਟ ਪ੍ਰਾਪਤ ਹੋਈ ਰਾਸ਼ੀ** |
|---|---|---|---|
| | 2014-15 | ਨਿੱਲ | ਨਿੱਲ |
| | 2015-16 | 10 | 5400.00 |
| | 2016-17 | 13 | 4290.00 |

-----

## UNSTARRED QUESTIONS AND ANSWERS

### ਸੀਨੀਅਰ ਸਿਟੀਜਨਜ਼ ਨੂੰ ਸਹੂਲਤਾਂ ਪ੍ਰਦਾਨ ਕਰਨਾ

**45. ਸ਼੍ਰੀ ਅਮਨ ਅਰੋੜਾ:** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਕੀ ਇਹ ਠੀਕ ਹੈ ਕਿ ਸੀਨੀਅਰ ਸਿਟੀਜ਼ਨਜ਼ ਐਕਟ, 2007 ਦੇ ਅਧੀਨ

[ ਸ਼੍ਰੀ ਅਮਨ ਅਰੋੜਾ ]

ਸਟੇਟ ਲੈਵਲ ਦੀ ਸੀਨੀਅਰ ਸਿਟੀਜਨਜ਼ ਕੌਂਸਲ ਜੂਨ, 2015 ਵਿੱਚ ਬਣਾਈ ਗਈ ਸੀ, ਜੇਕਰ ਅਜਿਹਾ ਹੈ ਤਾਂ ਕੀ ਉਸ ਦੀ ਹੁਣ ਤੱਕ ਕੋਈ ਮੀਟਿੰਗ ਹੋਈ ਹੈ, ਜੇਕਰ ਨਹੀਂ ਤਾਂ ਉਸਦੇ ਕੀ ਕਾਰਨ ਹਨ:

(ਅ) ਕੀ ਉਪਰੋਕਤ ਐਕਟ ਦੇ ਅਧੀਨ ਸੀਨੀਅਰ ਸਿਟੀਜਨਜ਼ ਦੀਆਂ ਜ਼ਿਲ੍ਹਾ ਪੱਧਰ ਦੀਆਂ ਕੌਂਸਲਜ਼ ਵੀ ਬਣਾਈਆਂ ਗਈਆਂ ਹਨ, ਜੇਕਰ ਅਜਿਹਾ ਹੈ ਤਾਂ ਉਨ੍ਹਾਂ ਦਾ ਜ਼ਿਲ੍ਹਾ ਵਾਰ ਵੇਰਵਾ ਕੀ ਹੈ;

(ੲ) ਕੀ ਸਰਕਾਰ ਕੋਈ ਸਟੇਟ ਕਮਿਸ਼ਨ ਫਾਰ ਸੀਨੀਅਰ ਸਿਟੀਜਨਜ਼ ਬਣਾਉਣ ਦਾ ਵਿਚਾਰ ਰੱਖਦੀ ਹੈ, ਜੇਕਰ ਰੱਖਦੀ ਹੈ ਤਾਂ ਕਦੋ ਤੱਕ;

(ਸ) ਕੀ ਸੀਨੀਅਰ ਸਿਟੀਜਨਜ਼ ਨੂੰ ਵਿਸ਼ੇਸ ਤਵੱਜੋ ਦੇਣ ਲਈ ਇਕ ਵੱਖਰਾ ਡਾਇਰੈਕਟੋਰੇਟ ਬਨਾਉਣ ਦਾ ਸਰਕਾਰ ਵਿਚਾਰ ਰੱਖਦੀ ਹੈ, ਜੇਕਰ ਰੱਖਦੀ ਹੈ ਤਾਂ ਕਦੋਂ ਤੋਂ;

(ਹ) ਕੀ ਹਰਿਆਣਾ ਦੇ ਪੈਟਰਨ (ਤਰਜ਼) ਤੇ ਸੀਨੀਅਰ ਸਿਟੀਜਨਜ਼ ਨੂੰ ਬੱਸਾਂ ਵਿੱਚ 50 ਪ੍ਰਤੀਸ਼ਤ ਕਿਰਾਏ ਦੀ ਰਿਆਇਤ ਦੇਣ ਦਾ ਸਰਕਾਰ ਕੋਈ ਵਿਚਾਰ ਰੱਖਦੀ ਹੈ, ਜੇਕਰ ਹੈ ਤਾਂ ਕਦੋਂ ਤੱਕ;

ਕ) ਸੀਨੀਅਰ ਸਿਟੀਜਨਜ਼ ਐਕਟ, 2007 ਦੀ ਧਾਰਾ (19) ਅਨੁਸਾਰ ਰਾਜ ਸਰਕਾਰ ਦੁਆਰਾ ਹਰ ਜ਼ਿਲ੍ਹੇ ਵਿੱਚ Old Age Home ਬਣਾਉਣ ਦਾ ਉਪਬੰਧ ਹੈ ਅਤੇ ਕੀ ਸਰਕਾਰ ਨੇ ਇਸ ਉਪਬੰਧ ਅਧੀਨ ਕੋਈ Old Age Home ਬਣਾਏ ਹਨ, ਜੇਕਰ ਬਣਾਏ ਹਨ ਤਾਂ ਉਨ੍ਹਾਂ ਦਾ ਵੇਰਵਾ ਕੀ ਹੈ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** (ੳ) ਹਾਂ ਜੀ। ਹੁਣ ਤੱਕ ਪ੍ਰਬੰਧਕੀ ਕਾਰਨਾਂ ਕਾਰਨ ਕੋਈ ਮੀਟਿੰਗ ਨਹੀਂ ਹੋਈ।

(ਅ) ਹਾਂ ਜੀ। ਜ਼ਿਲ੍ਹਾ ਪੱਧਰ ਤੇ ਡਿਪਟੀ ਕਮਿਸ਼ਨਰ ਇਸ ਕਮੇਟੀ ਦਾ ਚੇਅਰਮੈਨ ਹੈ। ਸੀਨੀਅਰ ਪੁਲਿਸ ਕਪਤਾਨ, ਸਿਵਲ ਸਰਜਨ, ਜ਼ਿਲ੍ਹਾ ਅਟਾਰਨੀ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਇਸ ਦੇ ਮੈਂਬਰ ਹਨ ਅਤੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਮੈਂਬਰ ਸਕੱਤਰ ਹੈ।

(ੲ) ਨਹੀਂ ਜੀ।

(ਸ) ਨਹੀਂ ਜੀ।

(ਹ) ਨਹੀਂ ਜੀ। ਕੇਵਲ 60 ਸਾਲ ਦੀ ਉਮਰ ਤੋਂ ਵੱਧ ਦੀਆਂ ਔਰਤਾਂ ਨੂੰ

ਸਰਕਾਰੀ ਬੱਸਾਂ ਵਿੱਚ 50% ਕਿਰਾਏ ਦੀ ਰਿਆਇਤ ਦਿੱਤੀ ਜਾਂਦੀ ਹੈ।

(ਕ) ਹਾਂ ਜੀ, ਪੰਜਾਬ ਸਰਕਾਰ ਵਲੋਂ ਇੱਕ Old Age Home ਹੁਸ਼ਿਆਰਪੁਰ ਵਿਖੇ ਸਥਾਪਿਤ ਕੀਤਾ ਗਿਆ ਹੈ।

-----

## ਲਾਟਰੀ ਸਕੀਮਾਂ ਨੂੰ ਲਾਗੂ ਕਰਨ ਸਬੰਧੀ ਨੋਟੀਫਿਕੇਸ਼ਨ

**22. ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਕੀ ਇਹ ਸਹੀ ਹੈ ਕਿ ਪੰਜਾਬ ਸਟੇਟ ਲਾਟਰੀਜ਼ ਰੂਲ 1988 ਤਹਿਤ ਲਾਟਰੀ ਸਕੀਮ ਲਾਗੂ ਕਰਨ ਤੋਂ ਪਹਿਲਾਂ ਨੋਟੀਫਿਕੇਸ਼ਨ ਜਾਰੀ ਕਰਨਾ ਹੁੰਦਾ ਹੈ; ਜੇਕਰ ਹਾਂ ਤਾਂ ਕੀ ਸਾਲ 2010-11 ਤੋਂ 2016-17 ਤੱਕ ਇਸ ਸਬੰਧੀ ਨੋਟੀਫਿਕੇਸ਼ਨਜ਼ ਜਾਰੀ ਕੀਤੇ ਗਏ ਸਨ; ਜੇਕਰ ਨਹੀਂ ਤਾਂ ਜ਼ਿੰਮੇਵਾਰ ਵਿਅਕਤੀਆਂ ਖਿਲਾਫ਼ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਗਈ ਹੈ;

(ਅ) ਕੀ ਸਾਲ 2010-11 ਤੋ 2014-15 ਤੱਕ ਇਸ ਸਬੰਧੀ ਆਡਿਟ ਕਰਵਾਇਆ ਗਿਆ ਹੈ, ਜੇਕਰ ਨਹੀ ਤਾਂ ਇਸ ਦੇ ਲਈ ਕਿਹੜੇ ਕਿਹੜੇ ਅਧਿਕਾਰੀ ਜ਼ਿੰਮੇਵਾਰ ਹਨ ਅਤੇ ਸਰਕਾਰ ਕੀ ਕਾਰਵਾਈ ਕਰ ਰਹੀ ਹੈ;

(ੲ) ਕੀ ਇਹ ਠੀਕ ਹੈ ਕਿ ਸਾਲ 2010-11 ਤੋਂ 2016-17 ਤੱਕ ਡਿਸਟ੍ਰੀਬਿਊਟਰ/ਏਜੰਟ ਨਿਯੁਕਤ ਕਰਨ ਵਿੱਚ ਨਿਯਮਾਂ ਦੀ ਉਲੰਘਣਾ ਕਾਰਨ ਸਰਕਾਰ ਨੂੰ ਵਿੱਤੀ ਨੁਕਸਾਨ ਹੋਇਆ ਹੈ; ਜੇਕਰ ਹਾਂ ਤਾਂ ਜ਼ਿੰਮੇਵਾਰ ਵਿਅਕਤੀਆਂ ਦੇ ਖਿਲਾਫ਼ ਕੀ ਕਾਰਵਾਈ ਕੀਤੀ ਗਈ ਹੈ?

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸ਼੍ਰੀਮਾਨ ਜੀ, (ੳ) ਪੰਜਾਬ ਸਟੇਟ ਲਾਟਰੀਜ਼ ਰੂਲਜ਼ 1988 ਸਬੰਧੀ ਕੋਈ ਰੂਲ ਨਹੀਂ ਹਨ।

(ਅ) ਹਾਂ ਜੀ। ਸਾਲ 2010-11 ਤੋ 2014-15 ਤੱਕ ਅਕਾਊਟੈਂਟ ਜਨਰਲ ਪੰਜਾਬ (ਆਡਿਟ) ਵਿਭਾਗ ਵੱਲੋਂ ਹਰ ਸਾਲ ਆਡਿਟ ਕਰਵਾਇਆ ਗਿਆ ਹੈ ਅਤੇ 5 ਸਾਲਾ ਪ੍ਰਫਾਰਮੈਂਸ ਆਡਿਟ ਵੀ ਕੀਤਾ ਗਿਆ ਹੈ।

(ੲ) ਜੀ ਨਹੀਂ। ਸਾਲ 2010-11 ਤੋ 2016-17 ਤੱਕ ਵੱਖ ਵੱਖ ਲਾਟਰੀ ਸਕੀਮਾਂ ਲਈ ਡਿਸਟ੍ਰੀਬਿਊਟਰ/ਏਜੰਟ ਦੀ ਨਿਯੁਕਤੀ ਵਿੱਚ ਕਿਸੇ ਤਰ੍ਹਾਂ ਦੀ ਕੋਈ ਉਲੰਘਣਾ ਨਹੀਂ ਕੀਤੀ ਗਈ।

-----

## ਪ੍ਰਾਇਮਰੀ ਸਕੂਲ, ਪਿੰਡ ਉਭਿਆ ਜ਼ਿਲ੍ਹਾ ਸੰਗਰੂਰ ਵਿੱਚ ਅਧਿਆਪਕਾਂ ਦੀ ਗਿਣਤੀ

63. **ਸਰਦਾਰ ਹਰਪਾਲ ਸਿੰਘ ਚੀਮਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਕੀ ਇਹ ਠੀਕ ਹੈ ਕਿ ਪਿੰਡ ਉਭਿਆ, ਜ਼ਿਲ੍ਹਾ ਸੰਗਰੂਰ ਵਿੱਚ ਕੋਈ ਸਰਕਾਰੀ ਪ੍ਰਾਇਮਰੀ ਸਕੂਲ ਹੈ; ਜੇਕਰ ਹੈ ਤਾਂ ਇਹ ਕਦੋਂ ਬਣਿਆ ਸੀ ਅਤੇ ਉਸ ਵਿੱਚ ਅਧਿਆਪਕਾਂ ਦੀ ਕਿੰਨੀ ਗਿਣਤੀ ਹੈ;

(ਅ) ਕੀ ਇਹ ਸਕੂਲ ਅਪਗ੍ਰੇਡ ਹੋ ਕੇ ਮਿਡਲ/ਹਾਈ ਸਕੂਲ ਬਣ ਸਕਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ਇਸ ਸਕੂਲ ਨੂੰ ਅੱਪ-ਗ੍ਰੇਡ ਕਰ ਦਿੱਤਾ ਜਾਵੇਗਾ?

**ਸ਼੍ਰੀਮਤੀ ਅਰੁਨਾ ਚੌਧਰੀ :** (ੳ) ਇਹ ਠੀਕ ਹੈ ਕਿ ਪਿੰਡ ਉਭਿਆ, ਜ਼ਿਲ੍ਹਾ ਸੰਗਰੂਰ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਹੈ। ਇਹ ਸਕੂਲ ਸਾਲ 1953 ਵਿੱਚ ਬਣਿਆ ਸੀ। ਇਸ ਸਮੇਂ ਇਸ ਸਕੂਲ ਵਿੱਚ ਅਧਿਆਪਕਾਂ ਦੀ ਗਿਣਤੀ ਚਾਰ ਹੈ।

(ਅ) ਨਹੀਂ ਜੀ, ਸਰਕਾਰੀ ਪ੍ਰਾਇਮਰੀ ਸਕੂਲ ਉਭਿਆ ਤੋਂ ਤਿੰਨ ਕਿਲੋਮੀਟਰ ਦੇ ਘੇਰੇ ਵਿੱਚ ਸਰਕਾਰੀ ਮਿਡਲ ਸਕੂਲ ਪਹਿਲਾਂ ਹੀ ਮੌਜੂਦ ਹੈ।

-----

## ਕੰਢੀ ਏਰੀਏ ਦੇ ਵਿਕਾਸ ਲਈ ਕੇਂਦਰ ਸਰਕਾਰ ਵਲੋਂ ਜਾਰੀ ਕੀਤੇ ਫੰਡ

49. **ਸ਼੍ਰੀ ਰਜਨੀਸ਼ ਕੁਮਾਰ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਕੰਡੀ ਏਰੀਏ ਦੇ ਵਿਕਾਸ ਲਈ ਕੇਂਦਰ ਸਰਕਾਰ ਦੁਆਰਾ ਸਾਲ 2008 ਤੋਂ ਸਾਲ 2017 ਤੱਕ (ਮਾਰਚ ਤੱਕ) ਜਾਰੀ ਕੀਤੇ ਗਏ ਫੰਡਾਂ ਦੇ ਸਾਲ ਵਾਰ ਵੇਰਵੇ ਕੀ ਹਨ;

(ਅ) ਉਪਰੋਕਤ ਜਾਰੀ ਕੀਤੇ ਫੰਡ ਦਾ ਕਿਸ-ਕਿਸ ਜ਼ਿਲ੍ਹੇ ਵਿੱਚ ਕਿੰਨਾ-ਕਿੰਨਾ ਖਰਚ ਕੀਤਾ ਗਿਆ, ਉਸ ਦੇ ਸਾਲ ਵਾਰ ਵੇਰਵੇ ਕੀ ਹਨ?

**ਸਰਦਾਰ ਮਨਪ੍ਰੀਤ ਸਿੰਘ ਬਾਦਲ :** (ੳ) ਕੰਡੀ ਏਰੀਏ ਦੇ ਵਿਕਾਸ ਲਈ ਕੇਂਦਰ ਸਰਕਾਰ ਦੁਆਰਾ 13ਵੇਂ ਵਿੱਤ ਕਮਿਸ਼ਨ (2010-11 ਤੋਂ 2014-15)

ਅਧੀਨ ਜਾਰੀ ਕੀਤੇ ਗਏ ਫੰਡਾਂ ਦੇ ਸਾਲਵਾਰ ਵੇਰਵੇ ਹੇਠ ਅਨੁਸਾਰ ਹਨ:

| **ਲੜੀ ਨੰ:** | **ਸਾਲ** | **ਕੇਂਦਰ ਸਰਕਾਰ ਦੁਆਰਾ ਜਾਰੀ ਕੀਤੀ ਰਾਸ਼ੀ** |
|---|---|---|
| 1 | 2008-2011 | ਕੋਈ ਰਾਸ਼ੀ ਪ੍ਰਾਪਤ ਨਹੀਂ ਹੋਈ |
| 2 | 2011-12 (8.12.2011) | 62.50 ਕਰੋੜ ਰੁਪਏ |
| 3 | 2012-13 (30.3.2013) | 62.50 ਕਰੋੜ ਰੁਪਏ |
| 4 | 2013-14 (3/10.7.2014) | 62.50 ਕਰੋੜ ਰੁਪਏ |
| 5 | 2014-2017 (ਮਾਰਚ 2017 ਤੱਕ) | ਕੋਈ ਰਾਸ਼ੀ ਪ੍ਰਾਪਤ ਨਹੀਂ ਹੋਈ |
| | **ਕੁੱਲ** | **187.50 ਕਰੋੜ ਰੁਪਏ** |

(ਅ) ਕੇਂਦਰ ਸਰਕਾਰ ਵਲੋਂ ਜਾਰੀ ਕੀਤੇ ਉਪਰੋਕਤ ਫੰਡਾਂ ਦੀ ਜ਼ਿਲ੍ਹਾਵਾਰ ਰਿਲੀਜ਼/ਖਰਚ ਕੀਤੀ ਰਾਸ਼ੀ ਦੇ ਸਾਲ ਵਾਰ ਵੇਰਵੇ ਹੇਠ ਅਨੁਸਾਰ ਹਨ:

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਰਿਲੀਜ਼/ਖਰਚ ਕੀਤੀ ਰਾਸ਼ੀ (ਰੁਪਏ ਕਰੋੜਾਂ ਵਿੱਚ) | | | | |
|---|---|---|---|---|---|---|
| | | 2011-12 | 2012-13 | 2013-14 | 2014-15 | 2011-2015 |
| 1. | ਅਜੀਤਗੜ੍ਹ (ਐਸ.ਏ.ਐਸ. ਨਗਰ) | 7.62 | 1.40 | 7.81 | 9.57 | 26.40 |
| 2. | ਹੁਸ਼ਿਆਰਪੁਰ | 10.67 | 14.72 | 30.93 | 22.21 | 78.53 |
| 3. | ਪਠਾਨਕੋਟ | 3.52 | 6.06 | 7.57 | 5.52 | 22.67 |
| 4. | ਸ਼ਹੀਦ ਭਗਤ ਸਿੰਘ ਨਗਰ | 2.06 | 4.17 | 5.54 | 4.43 | 16.20 |
| 5. | ਰੂਪਨਗਰ | 4.94 | 7.34 | 10.65 | 20.77 | 43.70 |
| | ਜੋੜ | 28.81 | 33.69 | 62.50 | 62.50 | 187.50 (100%) |

-----

## ਸਰਕਾਰੀ/ਗੈਰ-ਸਰਕਾਰੀ ਅਦਾਰਿਆਂ ਵੱਲ ਬਿਜਲੀ ਬਿਲਾਂ ਦੀ ਬਕਾਇਆ ਰਾਸ਼ੀ

**23. ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਕੀ ਇਹ ਠੀਕ ਹੈ ਕਿ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਲਿਮਟਿਡ (ਪਾਵਰਕੌਮ) ਮਿਤੀ 1.4.2010 ਤੋਂ 31.3.2017 ਤੱਕ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ/ਰਸੂਖਵਾਨਾਂ ਪਾਸੋਂ ਬਿਜਲੀ ਬਿਲਾਂ ਦੀ ਅਦਾਇਗੀ ਕਰਵਾਉਣ ਵਿੱਚ ਅਸਫਲ ਰਹੀ ਹੈ; ਜੇਕਰ ਅਜਿਹਾ ਹੈ ਤਾਂ ਇਹ ਪ੍ਰਾਪਤ ਕਰਨ ਯੋਗ ਰਾਸ਼ੀ ਕਿੰਨੀ ਹੈ ਅਤੇ ਰਕਮ ਵਸੂਲਣ ਲਈ ਕਾਰਵਾਈ ਨਾ ਕਰਨ ਵਾਲੇ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਕੀ ਕਾਰਵਾਈ ਕੀਤੀ ਜਾ ਰਹੀ ਹੈ;

(ਅ) ਕੀ ਇਹ ਠੀਕ ਹੈ ਕਿ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਲਿਮਟਿਡ (ਪਾਵਰਕੌਮ) ਨੇ ਸਾਲ 2011 ਤੋਂ 2015 ਤੱਕ ਖਪਤਕਾਰਾਂ ਨੂੰ ਵਿਆਜ ਦੀ ਰਕਮ ਦੀ ਅਦਾਇਗੀ ਨਹੀਂ ਕੀਤੀ; ਜੇਕਰ ਅਜਿਹਾ ਹੈ ਤਾਂ 31.3.2017 ਤੱਕ ਦੇਣ ਯੋਗ ਰਾਸ਼ੀ ਕਿੰਨੀ ਹੈ ਅਤੇ ਕਦੋਂ ਤੱਕ ਵਾਪਸ ਕਰ ਦਿੱਤੀ ਜਾਵੇਗੀ;

(ੲ) ਕੀ ਇਹ ਠੀਕ ਹੈ ਕਿ ਸਾਲ 2011 ਤੋਂ 31.3.2016 ਤੱਕ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵਲੋਂ ਮਨਜ਼ੂਰ ਕੀਤੇ ਗਏ ਟ੍ਰਾਂਸਮਿਸ਼ਨ ਅਤੇ ਵੰਡ ਘਾਟੇ ਦੀ ਦਰ ਤੋਂ ਵਾਧੂ ਘਾਟਿਆਂ ਕਾਰਨ ਬਿਜਲੀ ਵਿਅਰਥ ਗਈ ਹੈ; ਜੇਕਰ ਹਾਂ ਤਾਂ ਕਿੰਨੇ ਮਿਲੀਅਨ ਯੂਨਿਟ ਬਿਜਲੀ ਵਿਅਰਥ ਗਈ ਹੈ ਅਤੇ ਇਸ ਦੀ ਕੁੱਲ ਕੀਮਤ ਕਿੰਨੀ ਹੈ; ਹੋਏ ਵਿਤੀ ਨੁਕਸਾਨ ਲਈ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਸਰਕਾਰ ਵਲੋਂ ਕੀ ਕਾਰਵਾਈ ਕੀਤੀ ਜਾ ਰਹੀ ਹੈ?

**ਰਾਣਾ ਗੁਰਜੀਤ ਸਿੰਘ :** (ੳ) ਮਿਤੀ 31.3.2017 ਨੂੰ ਖਪਤਕਾਰਾਂ ਵੱਲ ਹੇਠ ਲਿਖੇ ਅਨੁਸਾਰ ਬਿਜਲੀ ਦੇ ਬਿਲਾਂ ਦੀ ਬਕਾਇਆ ਰਕਮ ਖੜ੍ਹੀ ਸੀ, ਜਿਸ ਵਿੱਚ ਜ਼ਿਆਦਾਤਰ ਹੇਠ ਲਿਖੇ ਅਨੁਸਾਰ ਸਰਕਾਰੀ/ਗੈਰ ਸਰਕਾਰੀ ਵਿਭਾਗਾਂ ਵੱਲ ਬਕਾਇਆ ਰਕਮ ਖੜ੍ਹੀ ਹੈ:-

| | | |
|---|---|---|
| 1. | ਸਰਕਾਰੀ ਵਿਭਾਗ (ਪੰਜਾਬ) | = 756.26 ਕਰੋੜ ਰੁਪਏ |
| 2. | ਅਦਾਲਤੀ ਕੇਸ/ਡੀ.ਐਸ.ਸੀ. | = 312.25 ਕਰੋੜ ਰੁਪਏ |
| 3. | ਹੋਰ ਦੂਜੇ (ਪੀ.ਡੀ.ਸੀ.ਓ.) | = 530.65 ਕਰੋੜ ਰੁਪਏ |
| | ਜੋੜ | = 1599.16 ਕਰੋੜ ਰੁਪਏ |

ਸਰਕਾਰੀ ਵਿਭਾਗਾਂ ਵੱਲ ਬਕਾਇਆ ਖੜ੍ਹੀ ਰਕਮ ਵਾਟਰ ਸਪਲਾਈ, ਹਸਪਤਾਲ, ਡਿਸਪੈਂਸਰੀ, ਵਿਦਿਅਕ ਸੰਸਥਾਵਾਂ, ਸਿਵਲ ਪ੍ਰਸ਼ਾਸਨ ਅਤੇ ਪੁਲਿਸ ਮਹਿਕਮਾ ਆਦਿ ਜ਼ਰੂਰੀ ਸੇਵਾਵਾਂ ਦੀ ਹੈ। ਇਹ ਰਕਮ ਜਮ੍ਹਾਂ ਕਰਵਾਉਣ ਲਈ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਅਤੇ ਸਬੰਧਿਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨਾਲ ਪੱਤਰ ਵਿਹਾਰ ਕੀਤਾ ਜਾਂਦਾ ਹੈ। ਹੋਰ ਖਪਤਕਾਰਾਂ ਵੱਲ ਬਕਾਇਆ ਖੜ੍ਹੀ ਰਕਮ ਉਗਰਾਹੁਣ ਲਈ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਸਮੇਂ ਸਿਰ ਕੀਤੀ ਜਾਂਦੀ ਹੈ।

(ਅ) ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਲਿਮਟਿਡ (ਪਾਵਰਕੌਮ) ਵੱਲੋਂ 31.3.2017 ਤੱਕ ਬਣਦੇ ਵਿਆਜ ਦੀ ਰਕਮ 145.42 ਕਰੋੜ (15.83 ਕਰੋੜ ਟੈਕਸ ਕੱਟਣ ਤੋਂ ਬਾਅਦ) ਦੀ ਅਦਾਇਗੀ ਖਪਤਕਾਰਾਂ ਨੂੰ ਕੀਤੀ ਜਾ ਚੁੱਕੀ ਹੈ।

(ੲ) ਸਾਲ 2011 ਤੋਂ 31.3.2016 ਤੱਕ ਟਰਾਂਸਮਿਸ਼ਨ ਅਤੇ ਵੰਡ ਘਾਟੇ ਦੀ ਦਰ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵਲੋਂ ਮਿੱਥੇ ਟੀਚਿਆਂ ਤੋਂ ਘੱਟ ਰਹੀ ਹੈ। ਜਿਸ ਕਾਰਨ ਬਿਜਲੀ ਵਿਅਰਥ ਨਹੀਂ ਗਈ।

-----

## ਪਿੰਡ ਸ਼ਾਦੀਹਰੀ ਜ਼ਿਲ੍ਹਾ ਸੰਗਰੂਰ ਵਿੱਚ ਐਸ.ਸੀ.(ਐਲ.ਓ.) ਕੋਆਪ੍ਰੇਟਿਵ ਸੁਸਾਇਟੀ ਸਬੰਧੀ

**62. ਸਰਦਾਰ ਹਰਪਾਲ ਸਿੰਘ ਚੀਮਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

1. ਕੀ ਇਹ ਠੀਕ ਹੈ ਕਿ ਪਿੰਡ ਸ਼ਾਦੀਹਰੀ ਜ਼ਿਲ੍ਹਾ ਸੰਗਰੂਰ ਵਿੱਚ ਐਸ.ਸੀ.(ਐਲ.ਓ.) ਕੋਆਪ੍ਰੇਟਿਵ ਸੁਸਾਇਟੀ ਲਿਮ. ਸ਼ਾਦੀਹਰੀ ਦੀ ਕੋਈ ਸੁਸਾਇਟੀ ਪੰਜਾਬ ਸੁਸਾਇਟੀ ਐਕਟ 1961 ਅਧੀਨ ਸਥਾਪਤ ਹੈ;

2. ਜੇਕਰ ਹੈ ਤਾਂ ਸੁਸਾਇਟੀ ਨਾਲ ਸਬੰਧਿਤ ਦਸਤਾਵੇਜ, ਮੈਂਬਰਾਂ ਦੀ ਗਿਣਤੀ, ਮਰ ਚੁੱਕੇ ਮੈਂਬਰਾਂ ਦੀ ਗਿਣਤੀ ਅਤੇ ਉਨ੍ਹਾਂ ਦੀ ਜਗ੍ਹਾ ਤੇ ਨਵੇਂ ਨਾਮਜ਼ਦ ਮੈਂਬਰਾਂ ਦੀ ਗਿਣਤੀ ਕਿੰਨੀ ਕਿੰਨੀ ਹੈ;

3. ਕੀ ਸੁਸਾਇਟੀ ਨਾਲ ਸਬੰਧਿਤ ਜ਼ਮੀਨ ਮੈਂਬਰਾਂ ਦੇ ਨਾਮ ਹੋ ਸਕਦੀ ਹੈ, ਜੇਕਰ ਹੋ ਸਕਦੀ ਹੈ ਤਾਂ ਕਿੰਨੇ ਸਮੇਂ ਵਿੱਚ ਕਰ ਦਿੱਤੀ ਜਾਵੇਗੀ?

**ਕੈਪਟਨ ਅਮਰਿੰਦਰ ਸਿੰਘ :** ਹਾਂ ਜੀ। ਐਸ.ਸੀ.(ਐਲ.ਓ.) ਕੋਆਪਰੇਟਿਵ ਸੁਸਾਇਟੀ ਲਿਮਟਿਡ ਸ਼ਾਦੀਹਰੀ ਪੰਜਾਬ ਕੋਆਪ੍ਰੇਟਿਵ ਸੁਸਾਇਟੀਜ਼ ਐਕਟ, 1961 ਅਧੀਨ ਰਜਿਸਟਰ ਕੀਤੀ ਹੋਈ ਹੈ। ਇਸ ਸੁਸਾਇਟੀ ਦੇ 13 ਮੈਂਬਰ ਸਨ, ਜਿਨ੍ਹਾਂ ਵਿਚੋਂ 12 ਮੈਂਬਰਾਂ ਦੀ ਮੌਤ ਹੋ ਚੁੱਕੀ ਹੈ। 9 ਨਵੇਂ ਮੈਂਬਰਾਂ ਨੂੰ ਸੁਸਾਇਟੀ ਤੇ ਨਾਮਜ਼ਦ ਕੀਤਾ ਗਿਆ ਹੈ। ਸੁਸਾਇਟੀ ਨਾਲ ਸਬੰਧਿਤ ਜ਼ਮੀਨ ਮੈਂਬਰਾਂ ਨੂੰ ਪ੍ਰਵਾਨਿਤ ਪ੍ਰੀਕ੍ਰਿਆ ਰਾਹੀਂ ਮਾਲ ਵਿਭਾਗ ਦੀ ਸਹਿਮਤੀ ਉਪਰੰਤ ਤਬਦੀਲ ਕੀਤੀ ਜਾ ਸਕਦੀ ਹੈ।

-----

## ਰਾਜ ਵਿੱਚ ਨਵੇਂ ਸੈਨਿਕ ਸਕੂਲ ਖੋਲ੍ਹਣਾ

**47. ਮਾਸਟਰ ਬਲਦੇਵ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਕੀ ਇਹ ਠੀਕ ਹੈ ਕਿ ਰਾਜ ਸਰਕਾਰ ਦੋ ਹੋਰ ਨਵੇਂ ਸੈਨਿਕ ਸਕੂਲ ਖੋਲ੍ਹਣ ਜਾ ਰਹੀ ਹੈ ਜਦੋਂ ਕਿ ਕਪੂਰਥਲਾ ਵਿਖੇ ਚੱਲ ਰਹੇ ਸੈਨਿਕ ਸਕੂਲ ਦੀ ਇਮਾਰਤ ਨੂੰ ਬਚਾਉਣ ਲਈ ਕੋਈ ਉਪਰਾਲਾ ਨਹੀਂ ਕੀਤਾ ਜਾ ਰਿਹਾ ਜੋ ਕਿ ਮਹਾਰਾਜਾ ਜਗਤਜੀਤ ਸਿੰਘ ਦੇ 200 ਏਕੜ ਵਿੱਚ ਬਣੇ ਮਹਿਲ ਨੂੰ ਸਾਲ 1961 ਵਿੱਚ ਪੰਜਾਬ ਸਰਕਾਰ ਦੁਆਰਾ 16 ਲੱਖ ਵਿੱਚ ਖਰੀਦ ਕੇ ਚਾਲੂ ਕੀਤਾ ਸੀ;

(ਅ) ਕੀ ਇਹ ਵੀ ਠੀਕ ਹੈ ਕਿ 1997 ਵਿੱਚ ਗਵਰਨਰਜ਼ ਮੀਟਿੰਗ ਦੌਰਾਨ ਇਸ ਸਕੂਲ ਦੇ ਰੂਲਜ਼ ਐਂਡ ਰੈਗੂਲੇਸ਼ਨਜ਼ ਤਿਆਰ ਕਰਨ ਅਤੇ ਦਾਖਲਾ ਪਾਲਿਸੀ ਤਿਆਰ ਕਰਨ ਲਈ ਮਨਿਸਟਰੀ ਆਫ ਡਿਫੈਂਸ ਨਾਲ ਐਮ.ਓ.ਯੂ. ਪੰਜਾਬ ਸਰਕਾਰ ਵਲੋਂ ਦਸਤਖਤ ਕੀਤਾ ਜਾਣਾ ਸੀ ਜੋ ਨਹੀਂ ਕੀਤਾ ਗਿਆ ਅਤੇ ਨਾ ਹੀ ਡੇਢ ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ ਜਿਸ ਕਰਕੇ ਭਾਰਤ ਸਰਕਾਰ ਨੇ ਗ੍ਰਾਂਟ ਜਾਰੀ ਨਹੀਂ ਕੀਤਾ;

(ੲ) ਪੰਜਾਬ ਸਰਕਾਰ ਸੈਨਿਕ ਸਕੂਲ ਕਪੂਰਥਲਾ ਵਿਖੇ ਪੜ੍ਹ ਰਹੇ 618 ਬੱਚਿਆਂ ਦਾ ਭਵਿੱਖ ਬਚਾਉਣ ਲਈ ਕੀ ਕਦਮ ਉਠਾ ਰਹੀ ਹੈ?

**ਕੈਪਟਨ ਅਮਰਿੰਦਰ ਸਿੰਘ :** (ੳ) ਹਾਂ ਜੀ। ਰਾਜ ਸਰਕਾਰ ਵਲੋਂ ਦੋ ਹੋਰ ਨਵੇਂ ਸੈਨਿਕ ਸਕੂਲ ਖੋਲ੍ਹਣ ਦੀ ਤਜਵੀਜ਼ ਵਿਚਾਰ ਅਧੀਨ ਹੈ। ਸੈਨਿਕ ਸਕੂਲ, ਕਪੂਰਥਲਾ ਦੀ ਇਮਾਰਤ ਨੂੰ ਸੁਰੱਖਿਅਤ ਰੱਖਣ ਅਤੇ ਬਚਾਉਣ ਲਈ ਲੋੜੀਂਦਾ ਬਜਟ ਉਪਬੰਧ ਵੀ ਕੀਤਾ ਜਾ ਰਿਹਾ ਹੈ।

(ਅ) ਹਾਂ ਜੀ।

(ੲ) ਰੱਖਿਆ ਮੰਤਰਾਲੇ ਨੇ ਟੀਚਿੰਗ ਫੈਕਲਟੀ ਦੇ ਤੌਰ ਤੇ ਸਮਰੱਥ ਸਟਾਫ ਤੈਨਾਤ ਕੀਤਾ ਹੈ ਅਤੇ ਸਕੂਲ ਅਥਾਰਟੀਜ਼ ਵਲੋਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਅਧਿਐਨ ਅਤੇ ਸ਼ਖਸੀਅਤ ਵਿਕਾਸ ਲਈ ਬਹੁਤ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ।

-----

## ਸਰਕਾਰੀ ਅਤੇ ਗੈਰ ਸਰਕਾਰੀ ਕਾਲਜਾਂ ਦੀ ਗਿਣਤੀ

**21. ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਰਾਜ ਵਿਚ ਸਰਕਾਰੀ ਅਤੇ ਗੈਰ ਸਰਕਾਰੀ ਕਾਲਜਾਂ ਦੀ ਜ਼ਿਲ੍ਹਾ ਵਾਰ ਗਿਣਤੀ ਕਿੰਨੀ ਹੈ ਅਤੇ ਵਿਸ਼ੇਵਾਰ ਮਨਜ਼ੂਰਸ਼ੁਦਾ ਅਸਾਮੀਆਂ ਵਿਚੋਂ ਕਿੰਨੀਆਂ ਭਰੀਆਂ ਹਨ ਅਤੇ ਕਿੰਨੀਆਂ ਅਸਾਮੀਆਂ ਖਾਲੀ ਹਨ, ਵੇਰਵਾ ਦਿਤਾ ਜਾਵੇ;

(ਅ) ਕੀ ਇਹ ਸਹੀ ਹੈ ਕਿ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਦੇ ਨਿਯਮਾਂ ਤਹਿਤ ਕਾਲਜਾਂ ਵਿਚ ਮਨਜ਼ੂਰ ਅਸਾਮੀਆਂ ਵਿਚੋ ਸਿਰਫ 10 ਪ੍ਰਤੀਸ਼ਤ ਅਸਾਮੀਆਂ ਹੀ ਕੱਚੀ ਭਰਤੀ ਰਾਹੀਂ ਪੁਰ ਕੀਤੀਆਂ ਜਾ ਸਕਦੀਆਂ ਹਨ; ਜੇਕਰ ਹਾਂ ਤਾਂ ਕਮਿਸ਼ਨ ਵਲੋਂ ਜਾਰੀ ਹਦਾਇਤਾਂ ਦੀ ਉਲੰਘਣਾ ਕਰਨ ਲਈ ਜ਼ਿੰਮੇਵਾਰ ਅਧਿਕਾਰੀਆਂ/ਕਰਮਚਾਰੀਆਂ ਖਿਲਾਫ਼ ਕੀ ਕਾਰਵਾਈ ਕੀਤੀ ਗਈ ਹੈ;

(ੲ) ਸਰਕਾਰੀ ਅਤੇ ਗੈਰ ਸਰਕਾਰੀ ਕਾਲਜਾਂ ਵਿਚ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦੀਆਂ ਖਾਲੀ ਪਈਆਂ ਆਸਾਮੀਆਂ ਨੂੰ ਪੱਕੇ ਤੌਰ ਤੇ ਪੁਰ ਕਰਨ ਲਈ ਸਰਕਾਰ ਵਲੋਂ ਕੀ ਉਪਰਾਲਾ ਕੀਤਾ ਜਾ ਰਿਹਾ ਹੈ; ਵੇਰਵਾ ਦਿੱਤਾ ਜਾਵੇ?

**ਸ਼੍ਰੀਮਤੀ ਅਰੁਨਾ ਚੌਧਰੀ :** (ੳ) ਰਾਜ ਵਿਚ ਸਰਕਾਰੀ ਕਾਲਜਾਂ ਦੀ ਗਿਣਤੀ 48 ਹੈ ਅਤੇ ਗੈਰ ਸਰਕਾਰੀ ਏਡਿਡ ਕਾਲਜਾਂ ਦੀ ਗਿਣਤੀ 136 ਹੈ। ਸਰਕਾਰੀ ਕਾਲਜਾਂ ਵਿਚ ਵਿਸ਼ੇਵਾਰ 1873 ਮਨਜੂਰਸ਼ੁਦਾ ਅਸਾਮੀਆਂ ਵਿੱਚੋਂ 604 ਅਸਾਮੀਆਂ ਭਰੀਆਂ ਹਨ ਅਤੇ 1269 ਅਸਾਮੀਆਂ ਖਾਲੀ ਹਨ। ਗੈਰ ਸਰਕਾਰੀ ਏਡਿਡ ਕਾਲਜਾਂ ਵਿਚ ਵਿਸ਼ੇਵਾਰ 3430 ਮਨਜੂਰਸ਼ੁਦਾ ਅਸਾਮੀਆਂ ਵਿਚੋਂ 1967 ਅਸਾਮੀਆਂ ਭਰੀਆਂ ਹਨ ਅਤੇ 1463 ਅਸਾਮੀਆਂ ਖਾਲੀ ਹਨ। ਵਿਸ਼ੇਵਾਰ ਸਰਕਾਰੀ ਕਾਲਜਾਂ ਅਤੇ ਏਡਿਡ ਕਾਲਜਾਂ ਵਿਚ ਲੈਕਚਰਾਰਾਂ ਦੀ ਗਿਣਤੀ ਦੇ ਵੇਰਵੇ ਨਾਲ ਨੱਥੀ* ਹਨ।

*Placed in the Reviser Branch.

[ ਰਾਜ ਮੰਤਰੀ, ਸਿੱਖਿਆ ]

(ਅ) ਹਾਂ ਜੀ, ਇਹ ਸਹੀ ਹੈ। ਸਰਕਾਰੀ ਕਾਲਜਾਂ ਵਿੱਚ ਲੈਕਚਰਾਰਾਂ ਦੀ ਰੈਗੂਲਰ ਭਰਤੀ ਤੇ ਮਾਨਯੋਗ ਹਾਈ ਕੋਰਟ ਵੱਲੋਂ ਸਟੇਅ ਹੈ। ਇਸ ਲਈ ਵਿਭਾਗ ਵੱਲੋਂ ਇਨ੍ਹਾਂ ਕਾਲਜਾਂ ਵਿੱਚ ਪਾਰਟ ਟਾਈਮ ਅਤੇ ਗੈਸਟ ਫੈਕਲਟੀ ਅਧਿਆਪਕ ਕੱਚੇ ਤੌਰ ਤੇ ਰੱਖੇ ਗਏ ਹਨ ਤਾਂ ਜੋ ਵਿਦਿਆਰਥੀਆਂ ਦੀ ਪੜ੍ਹਾਈ ਦਾ ਕੋਈ ਨੁਕਸਾਨ ਨਾ ਹੋਵੇ। ਇਹ ਸਟਾਫ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਿਦਿਆਰਥੀ ਹਿੱਤ ਵਿੱਚ ਰੱਖਿਆ ਗਿਆ ਹੈ। ਇਸ ਲਈ ਯੂ.ਜੀ.ਸੀ. ਵੱਲੋਂ ਬਣਾਏ ਕਿਸੇ ਨਿਯਮ ਦੀ ਉਲੰਘਣਾ ਨਹੀਂ ਹੋਈ।

(ੲ) ਸਰਕਾਰੀ ਕਾਲਜਾਂ ਵਿੱਚ ਪ੍ਰਿੰਸੀਪਲਾਂ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਪੁਰ ਕਰਨ ਲਈ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਦੀ ਪ੍ਰਕ੍ਰਿਆ ਆਰੰਭ ਕੀਤੀ ਜਾ ਚੁੱਕੀ ਹੈ। ਏਡਿਡ ਕਾਲਜਾਂ ਵਿੱਚ ਪ੍ਰਿੰਸੀਪਲਾਂ ਦੀਆਂ ਪੋਸਟਾਂ ਸਮੇਂ-ਸਮੇਂ ਖਾਲੀ ਹੋਣ ਉਪਰੰਤ ਭਰ ਲਈਆਂ ਜਾਂਦੀਆਂ ਹਨ। ਸਰਕਾਰੀ ਕਾਲਜਾਂ ਵਿੱਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਨੂੰ ਪੱਕੇ ਤੌਰ ਤੇ ਮਾਨਯੋਗ ਹਾਈ ਕੋਰਟ ਵੱਲੋਂ ਲੱਗੀ ਸਟੇਅ ਖਤਮ ਹੋਣ ਉਪਰੰਤ ਭਰ ਲਿਆ ਜਾਵੇਗਾ। ਇਹ ਸਟੇਅ ਖਤਮ ਕਰਵਾਉਣ ਲਈ ਵਿਭਾਗ ਵੱਲੋਂ ਮਾਨਯੋਗ ਹਾਈਕੋਰਟ ਵਿਖੇ ਅਰਜ਼ੀਆਂ ਦਾਇਰ ਕੀਤੀਆਂ ਗਈਆਂ ਹਨ। ਏਡਿਡ ਕਾਲਜਾਂ ਵਿੱਚ ਅਧਿਆਪਕਾਂ ਦੀਆਂ 900 ਪੋਸਟਾਂ ਮਾਨਯੋਗ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਭਰੀਆਂ ਜਾ ਰਹੀਆਂ ਹਨ।

-----

## ਜੰਗੀ ਸ਼ਹੀਦਾਂ ਨੂੰ ਜੰਗੀ ਅਵਾਰਡ ਦੇਣਾ

**90. ਸਰਦਾਰ ਪਿਰਮਲ ਸਿੰਘ ਧੌਲਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਾਦਲ ਸਰਕਾਰ ਨੇ 1962, 1965 ਅਤੇ 1971 ਦੇ ਜੰਗੀ ਸ਼ਹੀਦਾਂ ਨੂੰ ਜੰਗੀ ਅਵਾਰਡ ਦੇ ਤੌਰ ਤੇ 10 ਏਕੜ ਜ਼ਮੀਨ ਦੇਣ ਜਾਂ ਇਸ ਦੇ ਬਦਲੇ ਰਾਸ਼ੀ ਦੇਣ ਸਬੰਧੀ ਕੋਈ ਨੋਟੀਫਿਕੇਸ਼ਨ ਜਾਰੀ ਕੀਤਾ ਸੀ; ਜੇਕਰ ਅਜਿਹਾ ਹੋਵੇ ਤਾਂ ਕਿੰਨੇ ਜੰਗੀ ਪਰਿਵਾਰਾਂ ਨੂੰ ਇਹ ਅਵਾਰਡ ਦਿੱਤਾ ਜਾ ਚੁੱਕਾ ਹੈ ਅਤੇ ਬਾਕੀ ਦੇ ਬਚਦੇ ਜੰਗੀ ਪਰਿਵਾਰਾਂ ਨੂੰ ਕਦੋਂ ਤੱਕ ਇਹ ਲਾਭ ਦਿੱਤੇ ਜਾਣ ਦੀ ਸੰਭਾਵਨਾ ਹੈ?

**ਕੈਪਟਨ ਅਮਰਿੰਦਰ ਸਿੰਘ :** ਹਾਂ ਜੀ। ਰਾਜ ਦੇ ਮਾਲ, ਪੁਨਰਵਾਸ ਅਤੇ ਡਿਜ਼ਾਸਟਰ ਮੈਨੇਜਮੈਂਟ ਵਿਭਾਗ ਵੱਲੋਂ ਲੋੜੀਂਦੀਆਂ ਨੋਟੀਫਿਕੇਸ਼ਨਾਂ ਮਿਤੀ 19.10.2016 ਅਤੇ ਮਿਤੀ 24.11.2016 ਨੂੰ ਜਾਰੀ ਕਰ ਦਿੱਤੀਆਂ ਗਈਆਂ

ਸਨ। ਹੁਣ ਤੱਕ ਇਕ ਲਾਭਪਾਤਰੀ ਨੂੰ ਇਸ ਸਕੀਮ ਅਧੀਨ ਲਾਭ ਦਿੱਤਾ ਜਾ ਚੁੱਕਾ ਹੈ।

ਬਾਕੀ ਰਹਿੰਦੇ ਲਾਭਪਾਤਰੀਆਂ ਨੂੰ ਚਾਲੂ ਵਿੱਤੀ ਸਾਲ ਦੌਰਾਨ ਜ਼ਮੀਨ ਬਦਲੇ ਨਕਦ ਰਾਸ਼ੀ ਦੇਣ ਸਬੰਧੀ ਸਕੀਮ ਚਾਲੂ ਰੱਖਣ ਲਈ ਇਸ ਵਿਭਾਗ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਸਮਾਂ ਆਉਣ ਤੇ ਇਸ ਤੇ ਲੋੜੀਂਦੀ ਕਾਰਵਾਈ ਕਰ ਲਈ ਜਾਵੇਗੀ।

-----

## ਕੈਂਪਰ(ਦੀਵਾਨਗੜ੍ਹ) ਜ਼ਿਲ੍ਹਾ ਸੰਗਰੂਰ ਵਿੱਚ ਸਕੂਲ ਦੀ ਜ਼ਮੀਨ ਤੇ ਨਜਾਇਜ਼ ਕਬਜਾ

**61. ਸਰਦਾਰ ਹਰਪਾਲ ਸਿੰਘ ਚੀਮਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕੈਂਪਰ (ਦੀਵਾਨਗੜ੍ਹ) ਜ਼ਿਲ੍ਹਾ ਸੰਗਰੂਰ ਵਿੱਚ ਕੋਈ ਸਕੂਲ ਹੈ; ਜੇਕਰ ਹੈ ਤਾਂ ਸਕੂਲ ਵਿੱਚ ਕਿੰਨੀ ਜ਼ਮੀਨ ਖੇਡ ਮੈਦਾਨ ਲਈ ਹੈ ਅਤੇ ਕੀ ਖੇਡ ਮੈਦਾਨ ਉੱਤੇ ਕੋਈ ਨਜਾਇਜ਼ ਕਬਜ਼ਾ ਵੀ ਹੋਇਆ ਹੋਇਆ ਹੈ?

**ਸ਼੍ਰੀਮਤੀ ਅਰੁਨਾ ਚੌਧਰੀ :** ਇਹ ਠੀਕ ਹੈ ਕਿ ਕੈਂਪਰ (ਦੀਵਾਨਗੜ੍ਹ) ਜ਼ਿਲ੍ਹਾ ਸੰਗਰੂਰ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਹੈ। ਸਕੂਲ ਵਿੱਚ ਖੇਡ ਮੈਦਾਨ ਲਈ 35'×80'=2800 ਵਰਗ ਫੁਟ ਜ਼ਮੀਨ ਹੈ। ਖੇਡ ਮੈਦਾਨ ਉੱਤੇ ਕੋਈ ਨਜਾਇਜ਼ ਕਬਜ਼ਾ ਨਹੀਂ ਹੈ।

-----

## ਐਕਸਪਰਟ ਜਾਂ ਲੈਬਾਰਟਰੀ ਤੋਂ ਹੱਥ ਲਿਖਤ ਦੀ ਅਸਲੀਅਤ ਜਾਣਨ ਲਈ ਜਾਂਚ ਕਰਵਾਉਣਾ

**89. ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਕੀ ਇਹ ਠੀਕ ਹੈ ਕਿ 23.3.2009 ਨੂੰ ਭੁਪਿੰਦਰ ਕੁਮਾਰ ਪੁੱਤਰ ਮੋਹਨ ਲਾਲ ਵਾਸੀ ਬਾਲਿਆਂਵਾਲੀ, ਥਾਣਾ ਬਾਲਿਆਂਵਾਲੀ, ਜ਼ਿਲ੍ਹਾ ਬਠਿੰਡਾ ਨੇ ਕੋਈ ਜ਼ਹਿਰੀਲੀ ਚੀਜ਼ ਖਾ ਕੇ ਆਤਮ ਹੱਤਿਆ ਕਰ ਲਈ ਸੀ;

(ਅ) ਕੀ ਉਪਰੋਕਤ ਮ੍ਰਿਤਕ ਦਾ ਕੋਈ ਹੱਥ ਲਿਖਿਆ ਸੁਸਾਇਡ ਨੋਟ ਮਿਲਿਆ ਸੀ; ਜੇਕਰ ਮਿਲਿਆ ਸੀ ਤਾਂ ਕੀ ਉਸ ਦੀ ਕਿਸੇ ਐਕਸਪਰਟ ਜਾਂ ਲੈਬਾਰਟਰੀ

[ਸਰਦਾਰ ਨਾਜਰ ਸਿੰਘ ਮਾਨਸ਼ਾਹੀਆ]

ਤੋਂ ਇਸ ਦੀ ਅਸਲੀਅਤ ਜਾਣਨ ਲਈ ਜਾਂਚ ਕਰਵਾਈ ਗਈ ਸੀ; ਜੇਕਰ ਨਹੀਂ ਤਾਂ ਉਸ ਦੇ ਕੀ ਕਾਰਨ ਹਨ;

(ੲ) ਕੀ ਇਹ ਠੀਕ ਹੈ ਕਿ ਆਤਮ ਹੱਤਿਆ ਕਰਨ ਉਪਰੰਤ ਐਫ.ਆਈ.ਆਰ. ਕਰਨੀ ਕਾਨੂੰਨ ਮੁਤਾਬਿਕ ਜ਼ਰੂਰੀ ਹੁੰਦੀ ਹੈ; ਜੇਕਰ ਹਾਂ ਤਾਂ ਬਾਲਿਆਂਵਾਲੀ ਦੇ ਸਬੰਧ ਵਿੱਚ ਹੋਈ ਐਫ.ਆਈ.ਆਰ. ਦੇ ਵੇਰਵੇ ਕੀ ਹਨ;

(ਸ) ਕੀ ਐਸ.ਐਚ.ਓ. ਨੂੰ ਆਪਣੇ ਪੱਧਰ ਤੇ ਆਤਮ ਹੱਤਿਆ ਦੇ ਕੇਸ ਵਿੱਚ ਚੱਲ ਰਹੀ ਕਾਰਵਾਈ ਨੂੰ ਬੰਦ ਕਰਨ ਦਾ ਅਧਿਕਾਰ ਹੈ?

**ਕੈਪਟਨ ਅਮਰਿੰਦਰ ਸਿੰਘ :** (ੳ) ਹਾਂ ਜੀ।

(ਅ) ਮ੍ਰਿਤਕ ਦੇ ਭਰਾ ਹੇਮ ਰਾਜ ਪੁੱਤਰ ਮੋਹਣ ਲਾਲ ਵਾਸੀ ਬਾਲਿਆਂਵਾਲੀ ਵੱਲੋਂ ਕਥਿਤ ਲਿਖਿਆ ਹੋਇਆ ਸੁਸਾਇਡ ਨੋਟ ਪੇਸ਼ ਕੀਤਾ ਗਿਆ ਸੀ ਪਰੰਤੂ ਮ੍ਰਿਤਕ ਦੀ ਪਤਨੀ ਆਸ਼ਾ ਰਾਣੀ ਵਲੋਂ ਦਿੱਤੇ ਬਿਆਨ ਮੁਤਾਬਿਕ ਕਥਿਤ ਸੁਸਾਇਡ ਨੋਟ ਵਾਲੀ ਲਿਖਾਈ ਉਸ ਦੇ ਮ੍ਰਿਤਕ ਪਤੀ ਭੁਪਿੰਦਰ ਕੁਮਾਰ ਦੀ ਨਹੀਂ ਸੀ। ਇਸ ਕਾਰਨ ਕਰਕੇ ਐਫ.ਆਈ.ਆਰ. ਦਰਜ ਨਹੀਂ ਕੀਤੀ ਗਈ ਸੀ।

(ਅ) ਕਾਬਲੇ ਦਸਤ ਅੰਦਾਜੀ ਜੁਰਮਾਂ ਵਿੱਚ ਐਫ.ਆਈ.ਆਰ. ਦਰਜ ਕਰਨੀ ਜ਼ਰੂਰੀ ਹੈ ਪਰ ਇਸ ਕੇਸ ਵਿੱਚ ਤਫਤੀਸ਼ੀ ਅਫ਼ਸਰ ਵਲੋਂ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਅਧਾਰ ਤੇ 174 ਸੀ.ਆਰ.ਪੀ.ਸੀ. ਤਹਿਤ ਕਾਰਵਾਈ ਕੀਤੀ ਗਈ ਸੀ।

(ਸ) ਨਹੀਂ ਜੀ, ਇਸ ਤਰ੍ਹਾਂ ਦੇ ਕੇਸ ਬੰਦ ਕਰਨ ਦੇ ਐਸ.ਐਚ.ਓ. ਕੋਲ ਅਧਿਕਾਰ ਨਹੀਂ ਹਨ। ਇਹ ਕੇਸ ਐਸ.ਡੀ.ਐਮ. ਫੂਲ, ਬਠਿੰਡਾ ਦੇ ਦਫ਼ਤਰ ਵਿੱਚ ਲੰਬਿਤ ਹੈ। ਅਗਲੀ ਕਾਰਵਾਈ ਐਸ.ਡੀ.ਐਮ. ਫੂਲ, ਬਠਿੰਡਾ ਵਲੋਂ ਦਿੱਤੀ ਜਾਣ ਵਾਲੀ ਅੰਤਿਮ ਰਿਪੋਰਟ ਦੇ ਅਧਾਰ ਤੇ ਕੀਤੀ ਜਾਵੇਗੀ।

-----

## ਪਿੰਡ ਉਭਿਆ ਜ਼ਿਲ੍ਹਾ ਸੰਗਰੂਰ ਵਿਖੇ ਨਵੀਂ ਸੁਸਾਇਟੀ ਬਣਾਉਣਾ

**64. ਸਰਦਾਰ ਹਰਪਾਲ ਸਿੰਘ ਚੀਮਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਕੀ ਇਹ ਠੀਕ ਹੈ ਕਿ ਪਿੰਡ ਕੋਹਰੀਆਂ, ਜ਼ਿਲ੍ਹਾ ਸੰਗਰੂਰ ਵਿੱਚ ਕੋਈ ਕੋਆਪਰੇਟਿਵ ਸੁਸਾਇਟੀ ਹੈ; ਜੇਕਰ ਹੈ ਤਾਂ ਇਹ ਕਿੰਨੇ ਪਿੰਡਾਂ ਦੀ ਬਣੀ ਹੋਈ ਹੈ?

(ਅ) ਕੀ ਪਿੰਡ ਉਭਿਆ ਜ਼ਿਲ੍ਹਾ ਸੰਗਰੂਰ ਦੀ ਨਵੀ ਸੁਸਾਇਟੀ ਬਣਾਈ ਜਾ ਸਕਦੀ ਹੈ; ਜੇਕਰ ਬਣਾਈ ਜਾ ਸਕਦੀ ਹੈ ਤਾਂ ਇਹ ਕਦੋਂ ਤੱਕ ਬਣੇਗੀ?

**ਕੈਪਟਨ ਅਮਰਿੰਦਰ ਸਿੰਘ:** (ੳ) ਹਾਂ ਜੀ। ਦਿ ਕੋਹਰੀਆਂ ਮਲਟੀਪਰਪਜ਼ ਕੋਆਪਰੇਟਿਵ ਐਗਰੀਕਲਚਰ ਸਰਵਿਸ ਸੋਸਾਇਟੀ ਲਿਮ., ਪਿੰਡ ਕੋਹਰੀਆਂ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ ਵਿਖੇ ਮੌਜੂਦ ਹੈ। ਪਿੰਡ ਕੋਹਰੀਆਂ ਅਤੇ ਉਭਿਆ ਇਸ ਸੋਸਾਇਟੀ ਦੇ ਕਾਰਜ ਖੇਤਰ ਵਿਚ ਪੈਂਦੇ ਹਨ।

(ਅ) ਹਾਂ ਜੀ। ਸਰਕਾਰ ਦੀ ਪਾਲਿਸੀ ਅਨੁਸਾਰ, ਜੇਕਰ ਅਤੇ ਜਦੋਂ, 300 ਐਕਟਿਵ ਮੈਂਬਰ ਉਪਲਬਧ ਹੋਣਗੇ, ਇੱਕ ਨਵੀਂ ਪ੍ਰਾਇਮਰੀ ਕੋਆਪਰੇਟਿਵ ਐਗਰੀਕਲਚਰ ਸੋਸਾਇਟੀ ਸਥਾਪਿਤ ਕੀਤੀ ਜਾ ਸਕਦੀ ਹੈ।

-----

## ਮੈਡੀਕਲ ਕਾਲਜ ਅਤੇ ਹਸਪਤਾਲਾਂ ਦੀ ਗਿਣਤੀ

**25. ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਇਸ ਸਮੇਂ ਰਾਜ ਵਿੱਚ ਸਰਕਾਰੀ, ਪ੍ਰਾਈਵੇਟ ਮੈਡੀਕਲ ਹਸਪਤਾਲ ਅਤੇ ਕਾਲਜਾਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਕਾਲਜਾਂ ਨੂੰ ਸਰਕਾਰ ਵੱਲੋਂ ਗਰਾਂਟ ਦੇਣ ਦਾ ਤਰੀਕਾ ਕੀ ਹੈ; ਅਤੇ ਸਾਲ 2014-15, 2015-16, 2016-17 ਦੌਰਾਨ ਕਿੰਨੀ ਰਾਸ਼ੀ ਜਾਰੀ ਕੀਤੀ ਗਈ ਹੈ;

(ਅ) ਰਾਜ ਦੇ ਇਨ੍ਹਾਂ ਹਸਪਤਾਲ ਅਤੇ ਕਾਲਜਾਂ ਵਿੱਚ ਨਿਯੁਕਤੀ ਕਿਹੜੇ ਸੇਵਾ ਨਿਯਮਾਂ ਤਹਿਤ ਕੀਤੀ ਜਾ ਰਹੀ ਹੈ ਅਤੇ ਮਿਤੀ 31-3-2017 ਤੱਕ ਕਿੰਨੀਆਂ ਮਨਜੂਰਸ਼ੁਦਾ ਅਸਾਮੀਆਂ ਵਿਚੋਂ ਕਿੰਨੀਆਂ ਆਸਾਮੀਆਂ ਖਾਲੀ ਹਨ;

(ੲ) ਮਿਤੀ 31.3.2017 ਤੱਕ ਮੈਡੀਕਲ/ ਪੈਰਾ ਮੈਡੀਕਲ/ ਕਲੈਰੀਕਲ, ਦਰਜਾ ਚਾਰ ਸਟਾਫ਼ ਵੱਲੋਂ ਵੱਖ ਵੱਖ ਅਦਾਲਤਾਂ ਵਿੱਚ ਕਿੰਨੇ ਕੇਸ ਦਾਇਰ ਕੀਤੇ ਗਏ ਹਨ, ਵੇਰਵਾ ਦਿੱਤਾ ਜਾਵੇ;

(ਸ) ਕੀ ਸਰਕਾਰ ਵੱਲੋਂ ਰਾਜ ਵਿੱਚ ਚੱਲ ਰਹੇ ਪ੍ਰਾਈਵੇਟ ਹਸਪਤਾਲ ਅਤੇ ਕਾਲਜਾਂ ਦੇ ਵਿੱਚ ਸਿਖਿਆਰਥੀਆਂ ਦੀ ਗਿਣਤੀ ਅਨੁਸਾਰ ਲੋੜੀਂਦਾ ਸਟਾਫ ਅਤੇ ਸਾਜੋ ਸਮਾਨ ਲਈ ਸਾਲ 2014-15 ਤੋਂ 2016-17 ਤੱਕ ਪੰਜਾਬ ਮੈਡੀਕਲ ਕੌਂਸਲ ਜਾਂ ਕਿਸੇ ਹੋਰ ਏਜੰਸੀ ਰਾਹੀਂ ਪੜਤਾਲ ਕਰਵਾਈ ਸੀ; ਜੇਕਰ ਅਜਿਹਾ ਹੈ ਤਾਂ ਵੇਰਵਾ ਦਿੱਤਾ ਜਾਵੇ?

**ਸ਼੍ਰੀ ਬ੍ਰਹਮ ਮਹਿੰਦਰਾ:** (ੳ) ਇਸ ਸਮੇਂ ਰਾਜ ਵਿੱਚ 9 ਮੈਡੀਕਲ ਕਾਲਜ ਚੱਲ ਰਹੇ ਹਨ, ਜਿਨ੍ਹਾਂ ਵਿਚੋਂ 2 ਕਾਲਜ (ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਅਤੇ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ) ਸਰਕਾਰੀ ਹਨ। ਇੱਕ (ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਦੇ ਅਧੀਨ) ਯੂਨੀਵਰਸਿਟੀ ਕਾਲਜ, ਅਤੇ 06 ਪ੍ਰਾਈਵੇਟ ਮੈਡੀਕਲ ਕਾਲਜ ਹਨ। ਤਿੰਨ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਗਰਾਂਟਾਂ ਦੀ ਪ੍ਰੋਵੀਜ਼ਨ ਬਜਟ ਰਾਹੀਂ ਕਰਵਾਈ ਜਾਂਦੀ ਹੈ ਅਤੇ ਬਿਲ ਖਜ਼ਾਨਾ ਦਫ਼ਤਰ ਰਾਹੀਂ ਭੇਜੇ ਜਾਂਦੇ ਹਨ।

ਸਾਲ 2014-15, 2015-16, 2016-17 ਦੌਰਾਨ ਸਰਕਾਰੀ ਮੈਡੀਕਲ ਕਾਲਜਾਂ ਨੂੰ ਹੇਠ ਲਿਖੀ ਰਾਸ਼ੀ ਜਾਰੀ ਕੀਤੀ ਗਈ ਹੈ:-

| ਸਾਲ | ਕੁੱਲ ਅਲਾਟ ਕੀਤਾ ਗਿਆ ਬਜਟ |
|---|---|
| 2014-15 | 7,83,79,000 |
| 2015-16 | 42,72,00,000 |
| 2016-17 | 48,00,00,000 |

ਪ੍ਰਾਈਵੇਟ ਮੈਡੀਕਲ ਕਾਲਜਾਂ ਨੂੰ ਕੋਈ ਗ੍ਰਾਂਟ ਜਾਰੀ ਨਹੀਂ ਕੀਤੀ ਗਈ ਹੈ।

(ਅ) ਪੰਜਾਬ ਰਾਜ ਦੇ ਸਰਕਾਰੀ ਮੈਡੀਕਲ ਕਾਲਜਾਂ ਅਤੇ ਨਾਲ ਲਗਦੇ ਹਸਪਤਾਲਾਂ ਵਿਚ ਡਾਕਟਰਾਂ ਦੀ ਭਰਤੀ ਪੰਜਾਬ ਮੈਡੀਕਲ ਐਜੂਕੇਸ਼ਨ ਸਰਵਿਸਿਜ਼ (ਗਰੁੱਪ ਏ) ਰੂਲਜ਼, 2016 ਅਤੇ ਪੈਰਾ ਮੈਡੀਕਲ ਸਟਾਫ਼ ਦੀ ਭਰਤੀ ਡਰਾਫਟ ਰੂਲਾਂ ਅਨੁਸਾਰ ਕੀਤੀ ਜਾ ਰਹੀ ਹੈ। ਜਿਨ੍ਹਾਂ ਅਸਾਮੀਆਂ ਦਾ ਸਿਹਤ ਵਿਭਾਗ ਨਾਲ ਕਾਮਨ ਕਾਡਰ ਹੈ ਉਨ੍ਹਾਂ ਦੀ ਨਿਯੁਕਤੀ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਨਿਰਧਾਰਤ ਰੂਲਾਂ ਅਨੁਸਾਰ ਕੀਤੀ ਜਾਂਦੀ ਹੈ। ਇਨ੍ਹਾਂ ਸਰਕਾਰੀ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ ਵਿਚ ਗਰੁੱਪ ਏ, ਬੀ, ਸੀ ਅਤੇ ਡੀ ਦੀਆਂ ਕੁੱਲ 4696 ਅਸਾਮੀਆਂ ਮਨਜ਼ੂਰਸ਼ੁਦਾ ਹਨ ਅਤੇ ਇਨ੍ਹਾਂ ਵਿਚੋਂ 1846 ਅਸਾਮੀਆਂ ਖਾਲੀ ਹਨ।

(ੲ) ਮਿਤੀ 31.03.2017 ਤੱਕ ਮੈਡੀਕਲ/ ਪੈਰਾ ਮੈਡੀਕਲ/ ਕਲੈਰੀਕਲ, ਦਰਜਾ ਚਾਰ ਸਟਾਫ਼ ਵੱਲੋਂ ਵੱਖ-ਵੱਖ ਅਦਾਲਤਾਂ ਵਿੱਚ ਕੁੱਲ 74 ਕੋਰਟ ਕੇਸ ਦਾਇਰ ਕੀਤੇ ਗਏ ਹਨ, ਵੇਰਵਾ ਅਨੁਲੱਗ-1 ਤੇ ਰੱਖਿਆ ਜਾਂਦਾ ਹੈ।

(ਸ) ਹਾਂ ਜੀ। ਰਾਜ ਵਿੱਚ ਚੱਲ ਰਹੇ ਪ੍ਰਾਈਵੇਟ ਹਸਪਤਾਲ ਅਤੇ ਸਾਜੋ ਸਮਾਨ

ਲਈ ਸਾਲ 2014-15 ਤੋਂ 2016-17 ਤੱਕ ਕੀਤੀਆਂ ਪੜਤਾਲਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

(i) ਸਰਕਾਰ ਵੱਲੋ ਚਿੰਤਪੁਰਣੀ ਮੈਡੀਕਲ ਕਾਲਜ ਅਤੇ ਹਸਪਤਾਲ, ਪਿੰਡ ਬੁੰਗਲ ਜ਼ਿਲ੍ਹਾ ਪਠਾਨਕੋਟ ਦੀ ਮਿਤੀ 18.11.2016 ਅਤੇ 11.03.2017 ਨੂੰ ਪੜਤਾਲ ਕਰਵਾਈ ਸੀ। ਗਿਆਨ ਸਾਗਰ ਮੈਡੀਕਲ ਕਾਲਜ ਅਤੇ ਹਸਪਤਾਲ ਪਿੰਡ ਰਾਮਨਗਰ, ਬਨੂੰੜ, ਜ਼ਿਲ੍ਹਾ ਪਟਿਆਲਾ ਦੀ ਪੜਤਾਲ ਮਿਤੀ 01.03.2017 ਨੂੰ ਕਰਵਾਈ ਗਈ ਸੀ।

(ii) ਗਿਆਨ ਸਾਗਰ ਮੈਡੀਕਲ/ ਡੈਂਟਲ/ ਨਰਸਿੰਗ ਅਤੇ ਫੀਜਿਓਥੈਰੇਪੀ ਕਾਲਜ ਅਤੇ ਹਸਪਤਾਲ, ਪਿੰਡ ਰਾਮਨਗਰ, ਬਨੂੜ, ਜ਼ਿਲ੍ਹਾ ਪਟਿਆਲਾ ਨੂੰ ਇੰਸਪੈਕਸ਼ਨ ਕਮੇਟੀ ਵਲੋਂ ਦਰਸਾਈਆਂ ਗਈਆਂ ਖਾਮੀਆਂ ਦੇ ਮੱਦੇਨਜ਼ਰ ਸ਼ੋ-ਕਾਜ ਨੋਟਿਸ ਜਾਰੀ ਕੀਤਾ ਗਿਆ ਸੀ। ਕਾਲਜ ਵਲੋਂ ਪੇਸ਼ ਕੀਤਾ ਜਵਾਬ ਤਸੱਲੀਬਖਸ਼ ਨਹੀਂ ਸੀ। ਇਸ ਲਈ ਵਿਦਿਆਰਥੀਆਂ ਦੇ ਭਵਿੱਖ ਅਤੇ ਮਰੀਜ਼ਾਂ ਦੀ ਸਿਹਤ ਸਹੂਲਤਾਂ ਨੂੰ ਧਿਅਨ ਵਿੱਚ ਰੱਖਦੇ ਹੋਏ ਉਕਤ ਕਾਲਜਾਂ ਦਾ ਸਰਕਾਰ ਵਲੋਂ ਜਾਰੀ ਇਤਰਾਜ਼ਹੀਣਤਾ ਸਰਟੀਫਿਕੇਟ/ਅਸੈਂਸ਼ੀਆਲਟੀ ਸਰਟੀਫਿਕੇਟ ਵਾਪਸ ਲੈ ਲਿਆ ਗਿਆ। ਵਿਦਿਆਰਥੀਆਂ ਨੂੰ ਰਾਜ ਵਿੱਚ ਚਲਦੇ ਹੋਰ ਕਾਲਜਾਂ ਵਿੱਚ ਸ਼ਿਫਟ ਕਰਨ ਦੀ ਪ੍ਰੀਕ੍ਰਿਆ ਸ਼ੁਰੂ ਕਰ ਦਿੱਤੀ ਗਈ ਹੈ ਜੋ ਕਿ ਮਿਤੀ 12.06.2017 ਤੋਂ ਮਿਤੀ 22.06.2017 ਤੱਕ ਮੁਕੰਮਲ ਹੋ ਜਾਵੇਗੀ।

(iii) ਸਰਕਾਰ ਵੱਲੋ ਚਿੰਤਪੁਰਣੀ ਮੈਡੀਕਲ ਕਾਲਜ ਅਤੇ ਹਸਪਤਾਲ, ਪਿੰਡ ਬੁੰਗਲ, ਜ਼ਿਲ੍ਹਾ ਪਠਾਨਕੋਟ ਨੂੰ ਇੰਸਪੈਕਸਨ ਕਮੇਟੀ ਵੱਲੋ ਪਾਈਆਂ ਗਈਆਂ ਕਮੀਆਂ ਦੇ ਅਧਾਰ ਤੇ ਸ਼ੋ-ਕਾਜ ਨੋਟਿਸ ਜਾਰੀ ਕੀਤਾ ਗਿਆ ਸੀ। ਕਾਲਜ ਵਲੋਂ ਪੇਸ਼ ਕੀਤਾ ਜਵਾਬ ਸਰਕਾਰ ਦੇ ਵਿਚਾਰ ਅਧੀਨ ਹੈ।

| **ਲੜੀ ਨੰ:** | **ਸਰਕਾਰੀ ਮੈਡੀਕਲ ਕਾਲਜ, ਪਟਿਆਲਾ** |
|---|---|
| 1 | ਸਿਵਲ ਰਿਟ ਪਟੀਸ਼ਨ ਨੰ: 26429/2013<br>ਡਾ: ਇਕਬਾਲ ਸਿੰਘ ਬਨਾਮ ਪੰਜਾਬ ਸਰਕਾਰ |
| 2 | ਸਿਵਲ ਰਿਟ ਪਟੀਸ਼ਨ ਨੰ: 7466/2016 ਡਾ: ਅਸ਼ੋਕ ਕੁਮਾਰ, ਰਿਟਾਇਰਡ ਪ੍ਰੋਫੈਸਰ ਬਨਾਮ ਪੰਜਾਬ ਸਰਕਾਰ |
| 3 | ਸਿਵਲ ਰਿਟ ਪਟੀਸ਼ਨ ਨੰ: 9600/2016 ਡਾ: ਹਰਸਿਮਰਨ ਸਿੰਘ, ਸਹਾਇਕ ਪ੍ਰੋਫੈਸਰ ਬਨਾਮ ਪੰਜਾਬ ਸਰਕਾਰ |

[ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ]

| | |
|---|---|
| 4 | ਸਿਵਲ ਰਿਟ ਪਟੀਸ਼ਨ ਨੰ: 17708/2016 ਡਾ: ਅਰੁਣਜੀਤ ਕੌਰ ਬਨਾਮ ਪੰਜਾਬ ਸਰਕਾਰ |
| 5 | ਸਿਵਲ ਰਿਟ ਪਟੀਸ਼ਨ ਨੰ: 21499/2016 ਡਾ: ਗੁਰਪ੍ਰੀਤ ਸਿੰਘ ਬਨਾਮ ਪੰਜਾਬ ਸਰਕਾਰ |
| 6 | ਸਿਵਲ ਰਿਟ ਪਟੀਸ਼ਨ ਨੰ: 316/2017 ਡਾ: ਅਮਨਦੀਪ ਕੌਰ, ਸੀਨੀਅਰ ਰੈਜੀਡੈਂਟ ਬਨਾਮ ਪੰਜਾਬ ਸਰਕਾਰ |
| 7 | ਸਿਵਲ ਰਿਟ ਪਟੀਸ਼ਨ ਨੰ: 9941/2016 ਡਾ: ਗੁਰਪ੍ਰੀਤ ਕੌਰ ਬਨਾਮ ਪੰਜਾਬ ਸਰਕਾਰ |
| 8 | ਸਿਵਲ ਰਿਟ ਪਟੀਸ਼ਨ ਨੰ: 26050/2015 ਡਾ: ਵਿਨੇ ਮੋਹਨ ਬਨਾਮ ਪੰਜਾਬ ਸਰਕਾਰ |
| 9 | ਸਿਵਲ ਰਿਟ ਪਟੀਸ਼ਨ ਨੰ: 184/2016 ਡਾ: ਬਾਬਿਕਾ ਬਨਾਮ ਪੰਜਾਬ ਸਰਕਾਰ |
| 10 | ਸਿਵਲ ਰਿਟ ਪਟੀਸ਼ਨ ਨੰ: 12741/2016 ਡਾ: ਨਵਨੀਤ ਕੌਰ ਬਨਾਮ ਪੰਜਾਬ ਸਰਕਾਰ |
| 11 | ਸਿਵਲ ਰਿਟ ਪਟੀਸ਼ਨ ਨੰ: 27266/2016 ਡਾ: ਆਸੀਸ਼ ਬਨਾਮ ਪੰਜਾਬ ਸਰਕਾਰ |
| 12 | ਸਿਵਲ ਰਿਟ ਪਟੀਸ਼ਨ ਨੰ: 20141/2016 ਡਾ: ਜਸਪ੍ਰੀਤ ਕੌਰ ਬਨਾਮ ਪੰਜਾਬ ਸਰਕਾਰ |
| 13 | ਸਿਵਲ ਰਿਟ ਪਟੀਸ਼ਨ ਨੰ: 11361/2015 ਡਾ: ਪਰਮਿੰਦਰ ਕੌਰ ਬਨਾਮ ਪੰਜਾਬ ਸਰਕਾਰ |
| 14 | ਸਿਵਲ ਰਿਟ ਪਟੀਸ਼ਨ ਨੰ: 8303/2015 ਡਾ: ਕੁਲਦੀਪ ਸਿੰਘ ਬਨਾਮ ਪੰਜਾਬ ਸਰਕਾਰ |
| 15 | ਸਿਵਲ ਰਿਟ ਪਟੀਸ਼ਨ ਨੰ: 1747/2016 ਡਾ: ਰਾਜੇਸ਼ ਕੁਮਾਰ ਬਨਾਮ ਪੰਜਾਬ ਸਰਕਾਰ |
| 16 | ਸਿਵਲ ਰਿਟ ਪਟੀਸ਼ਨ ਨੰ: 14585/2016 ਡਾ: ਗੁਣਜੀਤ ਸਿੰਘ ਸੰਧੂ ਬਨਾਮ ਪੰਜਾਬ ਸਰਕਾਰ |

| | |
|---|---|
| 17 | ਸਿਵਲ ਰਿਟ ਪਟੀਸ਼ਨ ਨੰ: 18742/2016 ਸ਼੍ਰੀ ਨਵੀਨ ਕੁਮਾਰ, ਲੈਕਚਰਾਰ ਬਨਾਮ ਪੰਜਾਬ ਸਰਕਾਰ |
| 18 | ਡਾ: ਨਰਿੰਦਰ ਕੌਰ, ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ |
| 19 | ਡਾ: ਪਿਆਰਾ ਲਾਲ ਗਰਗ, ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ |
| 20 | ਸ਼੍ਰੀ ਮੁਖਤਿਆਰ ਸਿੰਘ, ਡਿਸਟ੍ਰਿਕਟ ਕੋਰਟ ਪਟਿਆਲਾ |
| 21 | ਸੀ.ਐਸ./190/2017 ਸ਼੍ਰੀ ਸਵਿੰਦਰਪਾਲ ਗੋਇਲ ਬਨਾਮ ਪੰਜਾਬ ਸਰਕਾਰ |
| 22 | ਸਿਵਲ ਰਿਟ ਪਟੀਸ਼ਨ ਨੰ: 479/3218 ਅਤੇ ਸੀ.ਓ.ਸੀ.ਪੀ. 153/17 ਰਣਜੀਤ ਸਿੰਘ ਐਮ.ਐਲ.ਟੀ. (ਠੇਕੇ ਤੇ) ਬਨਾਮ ਪੰਜਾਬ ਸਰਕਾਰ |
| 23 | ਸਿਵਲ ਰਿਟ ਪਟੀਸ਼ਨ ਨੰ: 15086/13 ਸ਼ਿਖਾ ਐਮ.ਐਲ.ਟੀ. ਬਨਾਮ ਪੰਜਾਬ ਸਰਕਾਰ |
| 24 | ਸੀ.ਐਸ. 1775/15 ਰਾਮ ਲਾਲ ਮਿਊਜ਼ਿਅਮ ਕੀਪਰ ਬਨਾਮ ਪੰਜਾਬ ਸਰਕਾਰ |
| 25 | ਆਰ.ਐਸ.ਏ., 1019/16 ਰਾਜਪਾਲ ਸਿੰਘ ਐਸ.ਐਮ.ਐਲ.ਟੀ. ਬਨਾਮ ਪੰਜਾਬ ਸਰਕਾਰ |
| 26 | ਸਿਵਲ ਰਿਟ ਪਟੀਸ਼ਨ 3419 ਆਫ 2011 ਕਿਰਨ ਬਾਲਾ ਸਹਾਇਕ ਲਾਇਬ੍ਰੇਰੀਅਨ (ਠੇਕੇ ਤੇ) ਬਨਾਮ ਪੰਜਾਬ ਸਰਕਾਰ |
| 27 | ਸਿਵਲ ਰਿਟ ਪਟੀਸ਼ਨ ਨੰ: 23589 ਆਫ 2014 ਜੀਤ ਸਿੰਘ ਲਾਇਬ੍ਰੇਰੀਅਨ ਬਨਾਮ ਪੰਜਾਬ ਸਰਕਾਰ |
| 28 | ਸਿਵਲ ਰਿਟ ਪਟੀਸ਼ਨ ਨੰ: 19230 ਆਫ 2016 ਵਿਜੇ ਕੁਮਾਰ ਮਿਊਜ਼ਿਅਮ ਕੀਪਰ ਬਨਾਮ ਪੰਜਾਬ ਸਰਕਾਰ |
| 29 | ਸਿਵਲ ਰਿਟ ਪਟੀਸ਼ਨ ਨੰ: 23117 ਭਗਵਾਨ ਸਿੰਘ ਐਮ.ਐਲ.ਟੀ. ਬਨਾਮ ਪੰਜਾਬ ਸਰਕਾਰ |

[ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ]

| | |
|---|---|
| 30 | ਐਲ.ਪੀ.ਏ., ਨੰ:196/17 ਰਾਮ ਸਰਨ ਵਾਰਡ ਅਟੈਂਡੈਂਟ ਬਨਾਮ ਪੰਜਾਬ ਸਰਕਾਰ |
| 31 | ਐਲ.ਪੀ.ਏ. ਨੰ: 297/17 ਸਵਰਨ ਸਿੰਘ ਚੌਕੀਦਾਰ ਬਨਾਮ ਪੰਜਾਬ ਸਰਕਾਰ |
| 32 | ਸਿਵਲ ਰਿਟ ਪਟੀਸ਼ਨ 11982 ਆਫ 6 ਧਰਮ ਸਿੰਘ ਬਨਾਮ ਪੰਜਾਬ ਸਰਕਾਰ |
| 33 | ਸਿਵਲ ਰਿਟ ਪਟੀਸ਼ਨ ਨੰ: 14755 ਆਫ 2016 ਰਾਮ ਕਰਨ ਬਨਾਮ ਪੰਜਾਬ ਸਰਕਾਰ |
| 34 | ਸਿਵਲ ਰਿਟ ਪਟੀਸ਼ਨ ਨੰ: 12591 ਆਫ 16 ਮਨਜੀਤ ਕੌਰ ਬਨਾਮ ਪੰਜਾਬ ਸਰਕਾਰ |
| 35 | ਸਿਵਲ ਰਿਟ ਪਟੀਸ਼ਨ ਨੰ: 12643 ਆਫ 16 ਪੁਸ਼ਪਾ ਬਨਾਮ ਪੰਜਾਬ ਸਰਕਾਰ |
| 36 | ਸਿਵਲ ਰਿਟ ਪਟੀਸ਼ਨ ਨੰ: 19658 ਆਫ 2016 ਰਵਿੰਦਰ ਸਿੰਘ ਬਨਾਮ ਪੰਜਾਬ ਸਰਕਾਰ |
| | **ਰਾਜਿੰਦਰਾ ਹਸਪਤਾਲ, ਪਟਿਆਲਾ** |
| 37 | ਸੀ.ਐਸ./1307 ਆਫ ਬਲਜਿੰਦਰ ਸਿੰਘ ਸਟੇਟ ਆਫ ਪੰਜਾਬ |
| 38 | ਸੀ.ਐਸ. 870 ਆਫ 2016 ਵਿਕਰਮ ਸਿੰਘ ਬਨਾਮ ਸਟੇਟ ਆਫ ਪੰਜਾਬ |
| 39 | ਸਿਵਲ ਸੂਟ ਸ਼੍ਰੀਮਤੀ ਰਾਜ ਕੌਰ ਬਨਾਮ (ਪੂਜਾ) ਪੰਜਾਬ ਸਰਕਾਰ |
| 40 | ਲੇਬਰ ਕੋਰਟ ਕੇਸ ਰਘੂਵਿੰਦਰ ਝਾਂ |
| 41 | ਸਿਵਲ ਕੋਰਟ ਕੇਸ ਸ਼੍ਰੀ ਰਨਦੀਪ ਕੁਮਾਰ ਬਨਾਮ ਪੰਜਾਬ ਸਰਕਾਰ |
| 42 | ਸਿਵਲ ਕੋਰਟ ਕੇਸ ਸ਼੍ਰੀਮਤੀ ਹਰਵਿੰਦਰ ਕੌਰ ਬਨਾਮ ਪੰਜਾਬ ਸਰਕਾਰ |
| 43 | ਸ਼੍ਰੀਮਤੀ ਮਨਜੀਤ ਕੌਰ ਬਨਾਮ ਯੂਨੀਨੋਰ ਆਫ ਇੰਡੀਆ ਅਤੇ ਹੋਰ |
| 44 | ਰਾਜਵਿੰਦਰ ਸਿੰਘ ਅਤੇ ਜਸਵੰਤ ਸਿੰਘ ਬਨਾਮ ਪੰਜਾਬ ਸਰਕਾਰ |

| | |
|---|---|
| 45 | ਕੋਰਟ ਕੇਸ ਸ਼੍ਰੀ ਗੁਰਮੇਲ ਸਿੰਘ ਬਨਾਮ ਪੰਜਾਬ ਸਰਕਾਰ |
| 46 | ਕੋਰਟ ਕੇਸ ਹੇਮਲਤਾ ਬਨਾਮ ਪੰਜਾਬ ਸਰਕਾਰ |
| 47 | ਸ਼੍ਰੀ ਸੁਖਵਿੰਦਰ ਬਨਾਮ ਪੰਜਾਬ ਸਰਕਾਰ |
| 48 | ਗਿਆਨ ਚੰਦ ਵਰਸਿਸ ਸਟੇਟ ਆਫ ਪੰਜਾਬ |
| 49 | ਗਿਆਨ ਚੰਦ ਵਰਸਿਸ ਸਟੇਟ ਆਫ ਪੰਜਾਬ |
| 50 | ਸੋਹਣ ਸਿੰਘ ਰਾਣਾ ਵਰਸਿਜ ਸਟੇਟ ਆਫ ਪੰਜਾਬ |
| 51 | ਜਸਵੰਤ ਸਿੰਘ ਬਨਾਮ ਸਟੇਟ ਆਫ ਪੰਜਾਬ |
| 52 | ਰਾਜਵਿੰਦਰ ਸਿੰਘ ਬਨਾਮ ਸਟੇਟ ਆਫ ਪੰਜਾਬ |
| | **ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ** |
| 53 | ਨਰਿੰਦਰ ਕੌਰ ਬਨਾਮ ਪੰਜਾਬ ਸਰਕਾਰ |
| 54 | ਰੂਥਪਾਲ ਬਨਾਮ ਪੰਜਾਬ ਸਰਕਾਰ |
| 55 | ਕੰਚਨ ਬਨਾਮ ਪੰਜਾਬ ਸਰਕਾਰ |
| 56 | ਬਲਦੇਵ ਰਾਜ ਬਨਾਮ ਪੰਜਾਬ ਸਰਕਾਰ |
| | **ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ** |
| 57 | ਸੀ.ਏ. 581 ਆਫ 2015 ਉਰਮਿਲ ਜੋਸ਼ੀ ਵਰਸਿਜ ਪੰਜਾਬ ਸਟੇਟ |
| 58 | ਸੀ.ਏ. 582 ਆਫ 2015 ਹਰਮਿੰਦਰ ਕੌਰ ਵਰਸਿਜ਼ ਪੰਜਾਬ ਸਟੇਟ |
| 59 | ਸੀ.ਐਮ. 628 ਆਫ 2015 ਹਰਮਿੰਦਰ ਕੌਰ ਵਰਸਿਜ਼ ਪੰਜਾਬ ਸਟੇਟ |
| 60 | ਸਿਵਲ ਸੂਟ ਨੰ: 2436 ਆਫ 2016 ਡਾ. ਹਰਚਰਨ ਸਿੰਘ ਵਰਸਿਜ਼ ਪੰਜਾਬ ਸਟੇਟ |
| 61 | ਸੀ.ਏ. 105 ਆਫ 2017 ਡਾ. ਐਸ.ਐਸ. ਸ਼ੇਰਗਿੱਲ ਵਰਸਿਜ਼ ਪੰਜਾਬ ਸਟੇਟ |
| 62 | ਸਿਵਲ ਸੂਟ ਨੰ: 3002 ਆਫ 2014 ਡਾ. ਗੁਰਿੰਦਰਜੀਤ ਕੌਰ ਵਰਸਿਜ਼ ਪੰਜਾਬ ਸਟੇਟ |

[ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ]

| | |
|---|---|
| 63 | ਸੀ.ਏ. ਆਰ ਡਬਲਿਊ ਨੰ: 352 ਆਫ 2016 ਡਾ: ਆਰ.ਪੀ.ਐਸ. ਬੋਪਾਰਾਏ ਵਰਸਿਜ ਪੰਜਾਬ ਸਟੇਟ |
| 64 | ਸੀ.ਡਬਲਿਊ.ਪੀ. ਨੰ: 15206 ਆਫ 2013 ਡਾ. ਮਰਿਦੂਲਾ ਮਹਾਜਨ ਵਰਸਿਜ਼ ਪੰਜਾਬ ਸਟੇਟ |
| 65 | ਸਿਵਲ ਰਿਟ ਪਟੀਸ਼ਨ ਨੰ: 26050 ਆਫ 2015 ਡਾ: ਵਿਨੈ ਮੋਹਨ ਐਂਡ ਅਦਰਜ਼ ਵਰਸਿਜ਼ ਸਟੇਟ ਆਫ ਪੰਜਾਬ ਐਂਡ ਅਦਰਜ਼ |
| 66 | ਸਿਵਲ ਰਿਟ ਪਟੀਸ਼ਨ ਨੰ: 184 ਆਫ 2016 ਡਾ: ਬਬੀਕਾ ਮਹਿੰਦਰੂ ਐਂਡ ਅਦਰਜ਼ ਵਰਸਿਜ਼ ਸਟੇਟ ਆਫ ਪੰਜਾਬ ਐਂਡ ਅਦਰਜ਼ |
| 67 | ਸਿਵਲ ਰਿਟ ਪਟੀਸ਼ਨ ਨੰ: 9941 ਆਫ 2015 ਡਾ: ਗੁਰਪ੍ਰੀਤ ਸਿੰਘ ਐਂਡ ਅਦਰਜ਼ ਵਰਸਿਜ਼ ਸਟੇਟ ਆਫ ਪੰਜਾਬ ਐਂਡ ਅਦਰਜ਼ |
| 68 | ਸਿਵਲ ਰਿਟ ਪਟੀਸ਼ਨ ਨੰ: 27023 ਆਫ 2014 ਡਾ: ਮਧੂਲਿਕਾ ਗੰਭੀਰ ਬਨਾਮ ਪੰਜਾਬ ਸਰਕਾਰ |
| 69 | ਸਿਵਲ ਰਿਟ ਪਟੀਸ਼ਨ ਨੰ: 1431 ਆਫ 2016 ਡਾ: ਉਪਾਸਨਾ ਬਨਾਮ ਪੰਜਾਬ ਸਰਕਾਰ |
| 70 | ਸਿਵਲ ਰਿਟ ਪਟੀਸ਼ਨ ਨੰ: 17708 ਆਫ 2016 ਡਾ: ਅਨੂਜੀਤ ਕੌਰ ਰੰਧਾਵਾ ਬਨਾਮ ਪੰਜਾਬ ਸਰਕਾਰ |
| 71 | ਸਿਵਲ ਰਿਟ ਪਟੀਸ਼ਨ ਨੰ: 21449 ਆਫ 2016 ਡਾ: ਗੁਰਪ੍ਰੀਤ ਸਿੰਘ ਬਨਾਮ ਪੰਜਾਬ ਸਰਕਾਰ |
| 72 | ਸਿਵਲ ਰਿਟ ਪਟੀਸ਼ਨ ਨੰ: 27320 ਆਫ 2015 ਡਾ. ਲੀਨਾ ਮਹਾਜਨ ਬਨਾਮ ਪੰਜਾਬ ਸਰਕਾਰ |
| 73 | ਸਿਵਲ ਰਿਟ ਪਟੀਸ਼ਨ ਨੰ: 1551 ਆਫ 2013 ਸ਼੍ਰੀਮਤੀ ਮਨਦੀਪ ਕੌਰ ਬਨਾਮ ਪੰਜਾਬ ਸਰਕਾਰ ਅਤੇ ਹੋਰ |

-----

## ANNOUNCEMENT BY THE SPEAKER WELCOMING SARDAR SUKHDEV SINGH DHINDSA FORMER UNION MINISTER

**ਮਾਨਯੋਗ ਸਪੀਕਰ:** ਏਜੰਡੇ ਦੀ ਅਗਲੀ ਆਈਟਮ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਸਦਨ ਨੂੰ ਸੂਚਿਤ ਕਰਦਾ ਹਾਂ ਕਿ ਸਰਦਾਰ ਸੁਖਦੇਵ ਸਿੰਘ ਢੀਂਡਸਾ, ਸਾਬਕਾ ਕੇਂਦਰੀ ਵਜ਼ੀਰ ਅਤੇ ਮੌਜੂਦਾ ਮੈਂਬਰ ਪਾਰਲੀਮੈਂਟ ਜੋ ਅੱਜ ਸਾਡੀ ਵਿਧਾਨ ਸਭਾ ਦੇ ਅੰਦਰ ਸੈਸ਼ਨ ਦੇਖਣ ਆਏ ਹਨ, ਮੈਂ ਉਨ੍ਹਾਂ ਦਾ ਸਵਾਗਤ ਕਰਦਾ ਹਾਂ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਮੰਤਰੀ ਸਾਹਿਬ ਕੋਲੋਂ ਸਪੱਸ਼ਟੀਕਰਨ ਲਵੋ ਜੀ।

**ਮਾਨਯੋਗ ਸਪੀਕਰ:** ਚੌਧਰੀ ਦਰਸ਼ਨ ਲਾਲ ਜੀ।

-----

## MATTERS RAISED DURING ZERO HOUR

**ਚੌਧਰੀ ਦਰਸ਼ਨ ਲਾਲ:** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਪਵਿੱਤਰ ਸਦਨ ਦੇ ਵਿਚ ਮਾਨਯੋਗ ਹੈਲਥ ਮੰਤਰੀ ਜੀ ਦੇ ਧਿਆਨ ਵਿਚ ਪਿਛਲੀ ਸਰਕਾਰ ਵੇਲੇ ਇਸ ਮਹਿਕਮੇ ਵੱਲੋਂ ਕੀਤੇ ਗਏ ਗਬਨ ਨੂੰ ਲਿਆਉਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਇਹ ਪਾਣੀ ਦੇ ਟਿਊਬਵੈੱਲਾਂ ਦੇ ਬੋਰ ਕਰਨ ਬਾਰੇ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਚੌਧਰੀ ਸਾਹਿਬ, ਤੁਸੀਂ ਇੱਕ ਮਿੰਟ ਲਈ ਬੈਠੋ ਜੀ। ਹਾਂ ਜੀ, ਸਰਦਾਰ ਸੁਖਬੀਰ ਸਿੰਘ ਬਾਦਲ ਸਾਹਿਬ ਜੀ।

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਮੈਨੂੰ ਕੋਈ ਸੱਤ ਕੁ ਸਾਲ ਹੋਏ ਹਨ, ਕੋਈ ਜ਼ਿਆਦਾ ਲੰਮਾ ਸਮਾਂ ਇਸ ਹਾਊਸ ਵਿਚ ਆਏ ਨੂੰ ਨਹੀਂ ਹੋਇਆ। ਸਪੀਕਰ ਸਾਹਿਬ, ਹਾਊਸ ਦੀ ਇੱਕ ਮਰਿਆਦਾ ਹੁੰਦੀ ਹੈ, ਇਕ ਲਹਿਜ਼ਾ ਹੁੰਦਾ ਹੈ ਜਿਸ ਵਿੱਚ ਮੰਤਰੀ ਰਿਪਲਾਈ ਕਰਦੇ ਹਨ, ਇੱਕ ਡੈਕੋਰਮ ਹੁੰਦਾ ਹੈ। ਆਪਾਂ ਕੋਈ ਦੁਸ਼ਮਣ ਨਹੀਂ ਹਾਂ। ਭਾਵੇਂ ਆਪਾਂ ਇਲੈਕਸ਼ਨ ਅਲੱਗ

[ ਸਰਦਾਰ ਸੁਖਬੀਰ ਸਿੰਘ ਬਾਦਲ ]
ਅਲੱਗ ਲੜ ਕੇ ਆਏ ਹਾਂ ਪਰ ਫਿਰ ਵੀ there is a decorum of the House.

**Mr. Speaker :** Thank you so much.

**ਸਰਦਾਰ ਸੁਖਬੀਰ ਸਿੰਘ ਬਾਦਲ :** ** ** ਸਾਨੂੰ ਤਿੰਨ ਚਾਰ ਦਿਨਾਂ ਵਿਚ ਕੋਈ ਫਰਕ ਨਹੀਂ ਪੈਂਦਾ, ਜਨਤਾ ਦੀ ਲੜਾਈ ਅਸੀਂ ਸ਼ਹਿਰਾਂ ਪਿੰਡਾਂ ਵਿਚ ਜਾ ਕੇ ਲੜ ਸਕਦੇ ਹਾਂ। ਇੱਥੇ ਆਉਂਦੇ ਹਾਂ because this is a part of democracy and we have a right. ਅਸੀਂ ਕੁਐਸਚਨ ਪੁੱਛ ਸਕਦੇ ਹਾਂ, ਅਸੀਂ ਜਵਾਬ ਲੈ ਸਕਦੇ ਹਾਂ, ਜੇ ਜਵਾਬ ਨਹੀਂ ਦੇਣਾ ਤਾਂ ਪੋਲਾਈਟਲੀ ਮਨਿਸਟਰ ਕਹਿ ਦੇਵੇ ਕਿ ਮੈਂ ਜਵਾਬ ਨਹੀਂ ਦੇ ਸਕਦਾ।

**Mr. Speaker :** Thank you so much.

**Sardar Sukhbir Singh Badal:** But this is not the way the Minister should behave in this House.

**Mr. Speaker :** Thank you so much. ਹਾਂ ਜੀ, ਫੂਲਕਾ ਜੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਬੜਾ ਹੀ ਅਨਫਾਰਚੂਨੇਟ ਹੈ ਕਿ ਜਿਸ ਤਰ੍ਹਾਂ ਦੇ ਰਿਮਾਰਕਸ ਆਪੋਜ਼ੀਸ਼ਨ ਵਾਸਤੇ ਮੰਤਰੀ ਜੀ ਕੋਲੋਂ ਦਿੱਤੇ ਜਾਂਦੇ ਹਨ। ਅੱਜ ਵੀ ਜਦੋਂ ਮੈਂ ਬੈਠਾ ਕਲੀਅਰ ਸੁਣ ਰਿਹਾ ਸੀ ਤਾਂ ਇਨ੍ਹਾਂ ਕਿਹਾ ਕਿ "ਇਹੋ ਜਿਹੇ ਮੈਂਬਰਾਂ ਨੂੰ"। ਪਹਿਲੀ ਗੱਲ, ਅਜਿਹੇ ਲਫਜ਼, ਅਜਿਹੇ ਰਿਮਾਰਕਸ ਨਹੀਂ ਆਉਣੇ ਚਾਹੀਦੇ। ਦੂਜੀ ਗੱਲ, ਅੱਜ ਜਦੋਂ ਆਪੋਜ਼ੀਸ਼ਨ ਨੇ ਵਾਕ ਆਊਟ ਕੀਤਾ ਤਾਂ ਮੰਤਰੀ ਜੀ ਨੇ ਕਿਹਾ ** ** ਤਾਂ ਵਾਪਸ ਨਾ ਆਇਓ। ਜੇ ਅਸੀਂ ਦਿਖਾਉਣ ਲੱਗੇ ** ** ਅਸੀਂ ਕਿੱਥੇ ਹਾਂ? ** ** ਕਿੱਥੇ ਹਾਂ, ਜਿੱਥੇ ਇਨ੍ਹਾਂ ਨੇ ਪੱਗਾਂ ਰੋਲ਼ੀਆਂ, ਗਲ਼ਾਂ ਦੇ ਵਿੱਚ ਟਾਇਰ ਪਾਏ ਉਥੇ ** ** ਦਾ ਦਿਖਾਇਆ।

**ਮਾਨਯੋਗ ਸਪੀਕਰ:** ਪਲੀਜ਼, ਤੁਸੀਂ ਬੈਠੋ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਤੁਹਾਡਾ ਫਰਜ਼ ਬਣਦਾ ਹੈ, ਇਹ ਬੈਠਣ ਵਾਲੀ ਗੱਲ ਨਹੀਂ ਹੈ। ** **

**ਮਾਨਯੋਗ ਸਪੀਕਰ:** ਮੈਂ ਇਸ ਬਾਰੇ ਬਾਅਦ ਵਿਚ ਗੱਲ ਕਰਾਂਗਾ।

---

** Expunged as ordered by the Chair.

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਤੁਸੀਂ ਮੰਤਰੀ ਜੀ ਨੂੰ ਕਹੋ ਕਿ ਮੰਤਰੀ ਜੀ ਨੇ ਜੋ ਇੱਥੇ ਇਸ ਤਰ੍ਹਾਂ ਕਿਹਾ ਹੈ ਉਸ ਬਾਰੇ ਮੰਤਰੀ ਜੀ ਨੂੰ ਮਾਫੀ ਮੰਗਣੀ ਚਾਹੀਦੀ ਹੈ।

**ਮਾਨਯੋਗ ਸਪੀਕਰ:** ਪਲੀਜ਼, ਤੁਸੀਂ ਬੈਠੋ। ਤੁਸੀਂ ਗੱਲ ਕਹਿ ਲਈ ਹੈ। ਤੁਸੀਂ ਬੈਠੋ ਜੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਕਸਟੋਡੀਅਨ ਹੋ। (ਵਿਘਨ)

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਮੈਂ ਵੀ ਕਹਿਣਾ ਚਾਹੁੰਦਾ ਹਾਂ...

**ਮਾਨਯੋਗ ਸਪੀਕਰ:** ਤੁਸੀਂ ਆਪਣੀ ਗੱਲ ਕਹਿ ਲਈ ਹੈ, ਇਸ ਕਰਕੇ ਮੰਤਰੀ ਜੀ ਨੂੰ ਬੋਲ ਲੈਣ ਦਿਉ।(....ਵਿਘਨ) ਤੁਸੀਂ ਕੀ ਗੱਲ ਕਹਿਣਾ ਚਾਹੁੰਦੇ ਹੋ, ਅਸੀਂ ਉਹ ਸੁਣ ਲਈ ਹੈ। ਪਲੀਜ਼, ਤੁਸੀਂ ਬੈਠੋ। ਪਹਿਲਾਂ ਮੰਤਰੀ ਜੀ ਦੀ ਗੱਲ ਸੁਣ ਲਈਏ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਸਰਦਾਰ ਸੁਖਬੀਰ ਬਾਦਲ ਸਾਹਿਬ ਨੇ ਸੱਤ ਸਾਲ ਅਸੈਂਬਲੀ ਵਿਚ ਲਗਾਏ ਹਨ ਤੇ ਮੈਂ 22 ਸਾਲ ਲਗਾਏ ਹਨ। ਸਪੀਕਰ ਸਾਹਿਬ, ਕਿਉਂਕਿ ਆਪੋਜ਼ੀਸ਼ਨ ਇੱਜ਼ਤ ਮੰਗਦੀ ਹੈ, ਅਸੀਂ ਇੱਜ਼ਤ ਦਿੰਦੇ ਹਾਂ। ਇਹ ਇਨ੍ਹਾਂ ਦਾ ਰਾਈਟ ਹੈ ਤੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਨ੍ਹਾਂ ਨੂੰ ਹੱਥਾਂ ਤੇ ਨਹੀਂ ਆਪਣੀਆਂ ਅੱਖਾਂ ਤੇ ਚੁੱਕ ਕੇ ਰੱਖਾਂਗੇ। ਜਮਹੂਰੀਅਤ ਦੇ ਦੋ ਪਹੀਏ ਹਨ, ਜੇ ਇੱਕ ਪਹੀਆ ਨਾ ਚੱਲੇ, ਜੇ ਆਪੋਜ਼ੀਸ਼ਨ ਨਾ ਹੋਵੇ ਤਾਂ ਅਸੀਂ ਵੀ ਇਥੇ ਬੈਠੇ ਫਬਦੇ ਨਹੀਂ। ਸਪੀਕਰ ਸਾਹਿਬ, ਜਿਹੜੀ ਤਨਕੀਦ ਹੁੰਦੀ ਹੈ, ਕ੍ਰਿਟੀਸਿਜ਼ਮ ਹੁੰਦੀ ਹੈ, ਅਸੀਂ ਉਸ ਕ੍ਰਿਟੀਸਿਜ਼ਮ ਨੂੰ ਵੈਲਕਮ ਕਰਦੇ ਹਾਂ। ਸਪੀਕਰ ਸਾਹਿਬ, ਕਈ ਵਾਰੀ ਜਦੋਂ ਸਵਾਲ ਪੁੱਛੇ ਜਾਂਦੇ ਹਨ ਤਾਂ ਇਸ ਵਤਨ ਦੀ ਮੁਹੱਬਤ, ਪੰਜਾਬ ਨਾਲ ਪਿਆਰ ਹੋਣ ਕਾਰਨ ਕਈ ਵਾਰੀ ਜੋਸ਼ ਵਿਚ ਆ ਕੇ ਕੀਤੇ ਗਏ ਕ੍ਰਿਟੀਸਿਜ਼ਮ ਦੀ ਵੀ ਅਸੀਂ ਕਦਰ ਕਰਦੇ ਹਾਂ ਕਿਉਂਕਿ ਆਪੋਜ਼ੀਸ਼ਨ ਵੱਲੋਂ ਕਈ ਵਾਰੀ ਲਫਜ਼ਾਂ ਦੀ ਜਿਹੜੀ ਚੋਣ ਹੁੰਦੀ ਹੈ, ਉਹ ਗਲਤ ਵੀ ਹੋ ਜਾਂਦੀ ਹੈ, ਅਸੀਂ ਉਸ ਨੂੰ ਵੀ ਵੈਲਕਮ ਕਰਦੇ ਹਾਂ ਪਰ ਸਪੀਕਰ ਸਾਹਿਬ, ਮੈਂ ਬੜੇ ਅਦਬ ਨਾਲ ਆਪੋਜ਼ੀਸ਼ਨ ਦੇ ਸਾਰੇ ਮੈਂਬਰਾਂ ਨੂੰ ਕਹਾਂਗਾ ਕਿ ਤੁਹਾਡੀ ਜ਼ਾਤ ਦੇ ਮੁਤੱਲਕ ਜਿਸ ਦਾ ਜੀਅ ਕਰਦਾ ਹੈ...(ਵਿਘਨ..) ਜਾਂ ਤਾਂ ਇਹ ਕਹਿਣ ਕਿ ਅਸੀਂ ਚੇਅਰ ਦੀ ਤੌਹੀਨ ਨਹੀਂ ਕਰਾਂਗੇ। ਮੇਰੀ 22 ਸਾਲ ਦੀ ਟਰਮ ਵਿੱਚ ਚੇਅਰ ਦੀ ਕਦੇ ਤੌਹੀਨ

[ਵਿੱਤ ਮੰਤਰੀ]

ਨਹੀਂ ਹੋਈ...(ਵਿਘਨ) ਸਪੀਕਰ ਸਾਹਿਬ, ਜੇ ਇੱਜ਼ਤ ਲੈਣੀ ਹੈ ਤਾਂ ਪਹਿਲਾਂ ਇੱਜ਼ਤ ਦਿਓ।(ਵਿਘਨ, ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਸਨ।)

**ਮਾਨਯੋਗ ਸਪੀਕਰ :** ਪਹਿਲਾਂ ਗੱਲ ਸੁਣ ਤਾਂ ਲਓ। ਮੰਤਰੀ ਜੀ ਦੀ ਗੱਲ ਪੂਰੀ ਹੋ ਲੈਣ ਦਿਓ ਫੇਰ ਤੁਸੀਂ ਉਠ ਕੇ ਆਪਣੀ ਗੱਲ ਕਰੋ।(ਵਿਘਨ, ਸ਼ੋਰ) ਤੁਸੀਂ ਬਾਅਦ ਵਿੱਚ ਆਪਣੀ ਗੱਲ ਕਹਿ ਦੇਣਾ। ਹੁਣ ਸੁਖਬੀਰ ਜੀ ਖੜ੍ਹੇ ਹਨ, ਉਨ੍ਹਾਂ ਨੂੰ ਆਪਣੀ ਗੱਲ ਕਹਿ ਲੈਣ ਦਿਓ। ਪਲੀਜ਼, ਬਾਕੀ ਸਾਰੇ ਬੈਠੋ।

**ਸਰਦਾਰ ਸੁਖਬੀਰ ਸਿੰਘ ਬਾਦਲ :** ਮੇਰੇ ਮਾਨਯੋਗ ਭਰਾ, ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਪਿਛਲੇ 22 ਸਾਲ ਦੀ ਗੱਲ ਕੀਤੀ ਹੈ, ਇਹ ਪਿਛਲੇ 5 ਸਾਲ ਦਾ ਜ਼ਿਕਰ ਨਹੀਂ ਕਰ ਸਕੇ ਕਿਉਂਕਿ ਇਹ ਹਾਊਸ ਵਿੱਚ ਨਹੀਂ ਸਨ। ਮੈਂ ਕੱਲ੍ਹ ਵੀ ਤੁਹਾਡੇ ਦਫਤਰ ਵਿੱਚ ਆ ਕੇ ਤੁਹਾਡੇ ਕੋਲ ਬੇਨਤੀ ਕੀਤੀ ਸੀ, ਜੋ ਸਪੀਕਰ ਸਾਹਿਬ ਦੀ ਤੌਹੀਨ ਪਿਛਲੇ 5 ਸਾਲਾਂ ਵਿੱਚ ਕੀਤੀ ਗਈ, ਜਿਹੜੀ ਕੁਰਸੀ ਤੇ ਤੁਸੀਂ ਬੈਠੇ ਹੋ, ਉਸ ਕੁਰਸੀ ਤੇ ਅਟਵਾਲ ਸਾਹਿਬ ਸਨ, ਕਿਵੇਂ ਉਨ੍ਹਾਂ ਦੀ ਕੁਰਸੀ ਤੇ ਕਬਜ਼ਾ ਕੀਤਾ, ਸਾਰਾ ਕੁਝ ਇਹ ਕਰਦੇ ਸੀ। ਮੈਂ ਕਹਿੰਦਾ ਹਾਂ ਕਿ ਅਸੀਂ ਤਾਂ ਬੜੀ ਸ਼ਾਂਤੀਪੂਰਵਕ ਤੁਹਾਡੇ ਨਾਲ ਗੱਲ ਕਰ ਰਹੇ ਹਾਂ....(ਵਿਘਨ, ਸ਼ੋਰ) ਅਸੀਂ ਮਰਿਆਦਾ ਨੂੰ ਧਿਆਨ ਵਿੱਚ ਰੱਖ ਕੇ ਗੱਲ ਕਰ ਰਹੇ ਹਾਂ, ਸਾਡੀ ਕੋਈ ਅਜਿਹੀ ਮਨਸ਼ਾ ਨਹੀਂ ਹੈ....

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੋਂ ਕੁਝ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ, ਜਿਸ ਕਰਕੇ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ਪਲੀਜ਼ ਬੈਠੋ।(ਵਿਘਨ, ਸ਼ੋਰ)

**ਸਰਦਾਰ ਸੁਖਬੀਰ ਸਿੰਘ ਬਾਦਲ :** ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਬੈਠੇ ਹਨ, ਤੁਸੀਂ ਦੱਸ ਦਿਓ। ਇਸ਼ੂ ਸਪੀਕਰ ਦੀ ਚੇਅਰ ਦਾ ਨਹੀਂ ਹੈ, ਇਸ਼ੂ ਇਹ ਹੈ ਕਿ ਮਨਿਸਟਰ ਅਜਿਹਾ ਬਿਹੇਵ ਕਰ ਰਿਹਾ ਹੈ। ਮਨਿਸਟਰ ਆਪੋਜੀਸ਼ਨ ਨੂੰ ਕਹਿੰਦਾ ਹੈ ਕਿ ** ** ਮਨਿਸਟਰ ਅਜਿਹਾ ਕਿਵੇਂ ਕਹਿ ਸਕਦਾ ਹੈ?

---

** Expunged as ordered by the Chair.

**ਮਾਨਯੋਗ ਸਪੀਕਰ :** ਸੁਖਬੀਰ ਜੀ, ਤੁਸੀਂ ਆਪਣੀ ਗੱਲ ਕਹਿ ਦਿੱਤੀ ਹੈ, ਹੁਣ ਤੁਸੀਂ ਬੈਠੋ।(ਵਿਘਨ, ਸ਼ੋਰ)

**ਸਰਦਾਰ ਸੁਖਬੀਰ ਸਿੰਘ ਬਾਦਲ :** ਕੀ ਮਨਿਸਟਰ ਅਜਿਹਾ ਕਹਿ ਸਕਦਾ ਹੈ? ਮੰਤਰੀ ਕਿਸ ਬੇਸ ਤੇ ਅਜਿਹਾ ਕਹਿ ਸਕਦਾ ਹੈ?(ਵਿਘਨ, ਸ਼ੋਰ) ** **

**ਮਾਨਯੋਗ ਸਪੀਕਰ :** ਸੁਖਜਿੰਦਰ ਜੀ, ਤੁਸੀਂ ਬੋਲੋ।(ਵਿਘਨ, ਸ਼ੋਰ) ਜਿਹੜੇ ਰਿਮਾਰਕਸ ਦਿੱਤੇ ਜਾ ਰਹੇ ਹਨ, ਇਹ ਐਕਸਪੰਜ ਕੀਤੇ ਜਾਣ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੋਂ ਕੁਝ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ – ਭਾਰਤੀ ਜਨਤਾ ਪਾਰਟੀ ਦੇ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ਜਿਸ ਕਰਕੇ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ :** ਸਪੀਕਰ ਸਾਹਿਬ, ਸਰਦਾਰ ਸੁਖਬੀਰ ਸਿੰਘ ਬਾਦਲ ਨੇ ਇਹ ਗੱਲ ਕਹੀ ਹੈ ਕਿ ਪਿਛਲੇ ਪੰਜ ਸਾਲ ਸਰਦਾਰ ਮਨਪ੍ਰੀਤ ਸਿੰਘ ਬਾਦਲ ਇੱਥੇ ਨਹੀਂ ਸਨ ਅਤੇ ਸਪੀਕਰ ਦੀ ਚੇਅਰ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਮੈਂ ਇਨ੍ਹਾਂ ਨੂੰ ਪਿਛੇ ਲੈ ਕੇ ਜਾਣਾ ਚਾਹੁੰਦਾ ਹਾਂ। ਅੱਜ ਵੱਡੇ ਬਾਦਲ ਸਾਹਿਬ ਇਥੇ ਨਹੀਂ ਬੈਠੇ। ਇਸੇ ਤੁਹਾਡੀ ਚੇਅਰ ਤੇ ਸਰਦਾਰ ਸੁਰਜੀਤ ਸਿੰਘ ਮਿਨਹਾਸ ਦੀ ਪੱਗ ਸਰਦਾਰ ਪਰਕਾਸ਼ ਸਿੰਘ ਬਾਦਲ ਤੇ ਇਨ੍ਹਾਂ ਸਾਰਿਆਂ ਨੇ ਲਾਹੀ ਸੀ। ਹੋਰ ਕਿਸੇ ਨੇ ਨਹੀਂ ਲਾਹੀ, ਇਹ ਤੁਹਾਡੇ ਬਜ਼ੁਰਗਾਂ ਨੇ ਲਾਹੀਆਂ ਹਨ।(ਟਰੇਜ਼ਰੀ ਬੈਂਚਿਜ਼ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਹ ਪ੍ਰਥਾਵਾਂ ਤੁਸੀਂ ਲਾਗੂ ਕੀਤੀਆਂ ਹਨ। ਸਰਦਾਰ ਬਲਵਿੰਦਰ ਸਿੰਘ ਭੂੰਦੜ ਅਤੇ ਇਸੇ ਹੀ ਹਾਊਸ ਦੇ ਸਪੀਕਰ ਰਹੇ ਹਨ, ਸਰਦਾਰ ਰਵੀਇੰਦਰ ਸਿੰਘ, ਉਨ੍ਹਾਂ ਨੇ ਫੜ੍ਹ ਕੇ ਅਤੇ ਇਨ੍ਹਾਂ ਸਾਰਿਆਂ ਨਾਲ ਰਲ੍ਹ ਕੇ ਸਪੀਕਰ ਦੇ ਥੱਪੜ ਮਾਰੇ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੋਂ ਕੁਝ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ–ਭਾਰਤੀ ਜਨਤਾ ਪਾਰਟੀ ਦੇ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਬੋਲ ਰਹੇ ਸਨ, ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ ਅਤੇ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ਬੈਠੋ ਜੀ।(ਵਿਘਨ, ਸ਼ੋਰ)

**ਸਰਦਾਰ ਸੁਖਬੀਰ ਸਿੰਘ ਬਾਦਲ :** ਸਪੀਕਰ ਸਾਹਿਬ, ਇਕ ਮਨਿਸਟਰ ਨੇ ਅਜਿਹਾ ਕਿਹਾ ਹੈ....

---

** Expunged as ordered by the Chair.

**ਮਾਨਯੋਗ ਸਪੀਕਰ :** ਉਹ ਆਲਰੇਡੀ ਐਕਸਪੰਜ ਹੋ ਚੁੱਕਿਆ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਕੇ ** ** ਦੇ ਨਾਅਰੇ ਲਗਾਉਣ ਲੱਗ ਪਏ।)

**ਮਾਨਯੋਗ ਸਪੀਕਰ:** ਉਹ ਐਕਸਪੰਜ ਹੋ ਗਿਆ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਸਦਨ ਵਿੱਚ ਹਾਜ਼ਰ ਸਾਰੇ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਕੇ ਮਾਨਯੋਗ ਸਪੀਕਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ:** ਕੰਵਰ ਸੰਧੂ ਜੀ, ਤੁਸੀਂ ਦੱਸੋ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਜਿਹੜਾ ਮੁੱਦਾ ਇਸ ਵੇਲੇ ਵਿਚਾਰ ਅਧੀਨ ਹੈ ਜਿਸ ਤੇ ਐਜੀਟੇਸ਼ਨ ਹੋ ਰਹੀ ਹੈ, ਮੇਰੀ ਤੁਹਾਨੂੰ ਗੁਜਾਰਿਸ਼ ਹੈ ਕਿ ਇਹ ਸਾਰਾ ਹੀ ਮਸਲਾ, ਜਿਹੜੀਆਂ ਪ੍ਰੋਸੀਡਿੰਗਜ਼ ਤੇ ਆਬਜੈਕਸ਼ਨ ਹੋ ਰਿਹਾ ਹੈ, ਇਸ ਨੂੰ ਜੇਕਰ ਪਾਰਲੀਮੈਂਟਰੀ ਮਨਿਸਟਰ ਤਸਦੀਕ ਕਰਨ ਅਤੇ ਇਸ ਨੂੰ ਪ੍ਰਿਵਿਲੇਜ ਕਮੇਟੀ ਨੂੰ ਦੇ ਦਿਉ। ਇਸ ਤੇ ਕੋਈ ਫੈਸਲਾ ਦੇ ਦਿਉ ਤਾਂ ਕਿ ਕਮੇਟੀ ਵਿੱਚ ਇਸ ਗੱਲ ਦਾ ਫੈਸਲਾ ਤਾਂ ਹੋ ਜਾਵੇ।

**ਮਾਨਯੋਗ ਸਪੀਕਰ:** ਨਾਅਰੇ ਰਿਕਾਰਡ ਨਾ ਕੀਤੇ ਜਾਣ। ਕਾਲ ਅਟੈਂਸ਼ਨ ਨੋਟਿਸ ਵਲੋਂ ਸਰਦਾਰ ਬਰਿੰਦਰਮੀਤ ਸਿੰਘ ਪਾਹੜਾ ਜੀ।

-----

## CALLING ATTENTION NOTICES UNDER RULE 66

### (Serial No. 15)

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ ਖੁਰਾਕ ਵਿਭਾਗ ਦੇ ਵਿਚ ਆਟਾ ਦਾਲ ਸਕੀਮ ਅਧੀਨ ਫੂਡ ਸਕੈਮ ਨਾਲ ਸਬੰਧਤ ਹੈ। ਵਿਭਾਗ ਵਲੋਂ ਹੁਣ ਕੀਤੀ ਗਈ ਇਨੁਕਆਇਰੀ ਰਾਹੀਂ ਪਤਾ ਲੱਗਿਆ ਹੈ ਕਿ ਕਈ ਪਿੰਡਾਂ ਵਿੱਚ ਲਾਭਪਾਤਰੀਆਂ ਦੇ ਜਾਅਲੀ ਅੰਗੂਠੇ ਲਗਵਾ ਕੇ ਆਟਾ ਦਾਲ ਸਕੀਮ ਅਧੀਨ ਅਨਾਜ ਦਾ ਗਬਨ ਕੀਤਾ ਗਿਆ

** Expunged as ordered by the Chair.

ਹੈ ਜੋ ਕਿ ਤਕਰੀਬਨ 10 ਕਰੋੜ ਰੁਪਏ ਦਾ ਫੂਡ ਸਕੈਮ ਹੈ ਅਤੇ ਇਸ ਵਿਚ ਲਗਭਗ 45,000 ਕੁਇੰਟਲ ਕਣਕ ਜੋ ਕਿ ਗਰੀਬਾਂ ਨੂੰ ਅੰਮ੍ਰਿਤਸਰ ਜ਼ਿਲ੍ਹੇ ਵਿਚ ਦਿੱਤੀ ਜਾਣੀ ਸੀ, ਸ਼ਾਮਲ ਹੈ। ਮਾਮਲੇ ਦਾ ਜਿਵੇਂ ਕਿ ਇਨਕੁਆਇਰੀ ਅਧੀਨ ਪਤਾ ਚੱਲਿਆ ਹੈ ਕਿ ਜਿਨ੍ਹਾਂ ਲਾਭਪਾਤਰੀਆਂ ਦੇ ਅੰਗੂਠੇ ਲਗਵਾਏ ਜਾਂਦੇ ਸਨ, ਉਨ੍ਹਾਂ ਵਿਚੋਂ ਤਕਰੀਬਨ 80% ਪੜ੍ਹੇ ਲਿਖੇ ਹਨ। ਇਸ ਪੜਤਾਲ ਉਪਰੰਤ ਸਰਕਾਰ ਵਲੋਂ ਵੱਡੇ ਪੱਧਰ ਤੇ ਇੰਸਪੈਕਟਰ ਅਤੇ ਸਬ ਇੰਸਪੈਕਟਰ ਵੀ ਮੁਅੱਤਲ ਕੀਤੇ ਗਏ ਹਨ। ਇਸ ਫੂਡ ਸਕੈਮ ਨੂੰ ਲੈ ਕੇ ਆਮ ਲੋਕਾਂ ਵਿਚ ਬੜਾ ਰੋਹ ਅਤੇ ਬੇਚੈਨੀ ਪਾਈ ਜਾ ਰਹੀ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਸਰਕਾਰ ਅਤੇ ਮਾਨਯੋਗ ਸਪੀਕਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਸਿਹਤ ਤੇ ਪਰਿਵਾਰ ਭਲਾਈ ਅਤੇ ਖੋਜ ਤੇ ਮੈਡੀਕਲ ਸਿੱਖਿਆ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਦੇ ਵੱਖ ਵੱਖ ਕੇਂਦਰਾਂ ਵਿਚ ਅਕਤੂਬਰ, 2015 ਤੋਂ ਮਾਰਚ, 2017 ਤੱਕ ਆਟਾ ਦਾਲ ਸਕੀਮ ਅਧੀਨ ਵੰਡੀ ਜਾਣ ਵਾਲੀ ਕਣਕ ਦੀ ਸਹੀ ਵੰਡ ਨਾ ਹੋਣ ਬਾਰੇ ਸ਼ਿਕਾਇਤ ਪ੍ਰਾਪਤ ਹੋਈ ਸੀ। ਖੁਰਾਕ ਅਤੇ ਸਿਵਲ ਸਪਲਾਈਜ਼ ਵਿਭਾਗ ਵਲੋਂ ਪੜਤਾਲ ਕਰਵਾਈ ਗਈ। ਪੜਤਾਲੀਆ ਅਫ਼ਸਰ ਦੀ ਰਿਪੋਰਟ ਦੇ ਅਧਾਰ ਤੇ 4 ਸਹਾਇਕ ਖੁਰਾਕ ਸਪਲਾਈ ਅਫ਼ਸਰਾਂ ਅਤੇ 14 ਨਿਰੀਖਕਾਂ ਨੂੰ ਤੁਰੰਤ ਪ੍ਰਭਾਵ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਸਾਰੇ 22 ਦੋਸ਼ੀ ਅਧਿਕਾਰੀਆਂ, ਸਮੇਤ ਡਿਪਟੀ ਡਾਇਰੈਕਟਰ, ਖੁਰਾਕ ਤੇ ਸਿਵਲ ਸਪਲਾਈਜ਼ (ਹੁਣ ਵਾਪਸ ਜ਼ਿਲ੍ਹਾ ਕੰਟਰੋਲਰ ਬਣਾਇਆ ਗਿਆ ਹੈ), ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ, ਖੁਰਾਕ ਤੇ ਸਿਵਲ ਸਪਲਾਈਜ਼ ਅਫ਼ਸਰ, ਸਹਾਇਕ ਖੁਰਾਕ ਤੇ ਸਿਵਲ ਸਪਲਾਈਜ਼ ਅਫ਼ਸਰ ਅਤੇ ਨਿਰੀਖਕ, ਜੋ ਕਿ ਰਿਪੋਰਟ ਅਨੁਸਾਰ ਦੋਸ਼ੀ ਪਾਏ ਗਏ ਸਨ, ਵਿਰੁੱਧ ਪ੍ਰਸ਼ਾਸਨਿਕ ਕਾਰਵਾਈ ਆਰੰਭੀ ਗਈ ਹੈ। ਇਸ ਰਿਪੋਰਟ ਦੇ ਸਿੱਟਿਆਂ ਅਨੁਸਾਰ 45,000 ਕੁਇੰਟਲ ਕਣਕ ਦਾ ਨੁਕਸਾਨ ਪਾਇਆ ਗਿਆ ਹੈ, ਜਿਸ ਦੀ ਅੰਦਾਜ਼ਨ ਕੀਮਤ 10 ਕਰੋੜ

** Expunged as ordered by the Chair.

ਰੁਪਏ ਬਣਦੀ ਹੈ। ਸਰਕਾਰ ਵਲੋਂ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ :** ਮਾਨਯੋਗ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਇਨਕੁਆਇਰੀ, ਜਿਸ ਵਿੱਚ ਮੈਂ ਮੰਗ ਕੀਤੀ ਹੈ ਕਿ ਮੰਤਰੀ ਸਾਹਿਬ ਅਤੇ ਸਬੰਧਤ ਦੋਸ਼ੀ ਅਫ਼ਸਰਾਂ ਨੂੰ ਬਣਦੀ ਸਜ਼ਾ ਕਿੰਨੇ ਟਾਈਮ ਵਿੱਚ ਦਿੱਤੀ ਜਾਵੇਗੀ? ਇਸ ਨੂੰ ਸਮਾਂਬੱਧ ਕੀਤਾ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਇਹ ਮਾਮਲਾ ਬੜਾ ਗੰਭੀਰ ਹੈ। ਪਿਛਲੀ ਸਰਕਾਰ ਵਲੋਂ ਪੰਜਾਬ ਦੇ ਗਰੀਬ ਲੋਕਾਂ ਨਾਲ ਬਹੁਤ ਵੱਡਾ ਧੋਖਾ ਕੀਤਾ ਗਿਆ ਹੈ। ਇਹ ਕਣਕ ਜਿਹੜੀ ਗਰੀਬਾਂ ਤੱਕ ਜਾਣੀ ਸੀ, ਬੜੀ ਹੇਰਾ-ਫੇਰੀ ਨਾਲ ਇਸ ਨੂੰ ਵੇਚਿਆ ਗਿਆ। ਗਰੀਬਾਂ ਤੱਕ ਇਹ ਕਣਕ ਪਹੁੰਚਣ ਹੀ ਨਹੀਂ ਦਿੱਤੀ ਗਈ। Every person identified under the priority household is entitled to get 5 KG of coarse food grains or wheat or rice per month. Those families are entitled to receive 35 KG food per month. ਸਪੀਕਰ ਸਾਹਿਬ, ਇਸ ਸਕੈਮ ਦੇ ਵਿਚ ਬਹੁਤ ਵੱਡੇ ਵੱਡੇ ਅਫ਼ਸਰ ਇਨਵਾਲਵਡ ਹਨ। ਜਿਵੇਂ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਇਸ ਸਕੈਮ ਦਾ ਮੈਗਨੀਟਿਊਡ ਬਹੁਤ ਵੱਡਾ ਹੈ। ਇਹ ਉਹ ਸਕੈਮ ਹੈ, ਜਿਹੜਾ ਪਿਛਲੇ ਹਾਊਸ ਵਿਚ ਸਾਡੇ ਮਾਨਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਸ਼੍ਰੀ ਸੁਨੀਲ ਜਾਖੜ ਜੀ ਨੇ ਵੀ ਰੇਜ਼ ਕੀਤਾ ਸੀ। ਜਿਸ ਵਿਚ ਸਕੂਟਰ, ਮੋਟਰ ਸਾਈਕਲਾਂ ਦੇ ਨੰਬਰ ਦਿਖਾਏ ਗਏ ਹਨ ਜੋ ਕਿ ਅਸਲ ਵਿੱਚ ਟਰੱਕਾਂ ਦੇ ਨੰਬਰ ਹਨ। ਇਹ ਬਹੁਤ ਵੱਡਾ ਸਕੈਂਡਲ ਹੈ। ਸੀ.ਐਮ. ਸਾਹਿਬ ਨੇ ਵੀ ਐਸ਼ੋਰੈਂਸ ਦਿੱਤੀ ਹੈ, ਇਸ ਦੀ ਹਰ ਤਰ੍ਹਾਂ ਨਾਲ ਪੂਰੀ ਇਨਕੁਆਇਰੀ ਕੀਤੀ ਜਾਵੇਗੀ।

-----

**(ਕ੍ਰਮ ਨੰ: 16 ਅਤੇ 24)**

**ਸਰਦਾਰ ਗੁਰਕੀਰਤ ਸਿੰਘ ਕੋਟਲੀ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਬਹੁਤ ਅਹਿਮ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਨੋਟਿਸ ਮਿਤੀ 13.6.2017 ਰਾਹੀਂ ਕਲਰਕ ਅਤੇ ਕਲਰਕ-ਕਮ-ਡਾਟਾ ਐਂਟਰੀ ਓਪਰੇਟਰ ਦੀਆਂ ਆਸਾਮੀਆਂ ਲਈ ਪੰਜਾਬੀ ਟਾਈਪ ਦਾ ਟੈਸਟ 'ਯੂਨੀਕੋਡ ਕੰਪਲੈਂਟ ਫੌਂਟ ਰਾਵੀ' ਤੇ ਲੈਣਾ ਜ਼ਰੂਰੀ ਕਰ ਦਿੱਤਾ ਗਿਆ ਹੈ, ਜਿਸ ਕਰਕੇ ਜਿਹੜੇ ਉਮੀਦਵਾਰ ਪੰਜਾਬੀ ਦੇ ਹੋਰ

ਫੌਂਟ ਜਿਵੇਂ 'ਅਸੀਸ' ਜਾਂ 'ਜੌਏ' ਤੇ ਤਿਆਰੀ ਕਰ ਰਹੇ ਸਨ, ਉਨ੍ਹਾਂ ਵਾਸਤੇ ਇਸ ਸਮੇਂ 'ਰਾਵੀ' ਫੌਂਟ ਤੇ ਤਿਆਰੀ ਕਰਕੇ ਟਾਈਪ ਦਾ ਟੈਸਟ ਦੇਣਾ ਅਸੰਭਵ ਹੈ। ਇਸ ਸਥਿਤੀ ਨੂੰ ਦੇਖਦੇ ਹੋਏ ਪੰਜਾਬ ਦੇ ਲੱਖਾਂ ਉਮੀਦਵਾਰ ਜਿਹੜੇ ਕਿ ਸਰਕਾਰ ਵੱਲੋਂ ਪਹਿਲਾਂ ਪ੍ਰਵਾਨਿਤ ਫੌਂਟਸ ਜਿਵੇਂ 'ਅਸੀਸ' ਜਾਂ 'ਜੌਏ' ਤੇ ਤਿਆਰੀ ਕਰ ਰਹੇ ਸਨ, ਉਨ੍ਹਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਇਸ ਲੋਕ ਹਿਤ ਦੇ ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਸਰਕਾਰ ਅਤੇ ਮਾਨਯੋਗ ਸਪੀਕਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਸਿਹਤ ਤੇ ਪਰਿਵਾਰ ਭਲਾਈ ਅਤੇ ਖੋਜ ਤੇ ਮੈਡੀਕਲ ਸਿੱਖਿਆ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਾਹਿਬ, ਇਹ ਦੋ ਕਾਲ ਅਟੈਂਸ਼ਨਜ਼ ਹਨ, ਮੈਂ ਇਨ੍ਹਾਂ ਦਾ ਕੰਬਾਈਂਡ ਰਿਪਲਾਈ ਦੇ ਰਿਹਾ ਹਾਂ ਜੀ। ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਇਸ ਦਾ ਰਿਪਲਾਈ ਦੇਣਾ ਸੀ ਪਰ ਕੁਝ ਕਾਰਨਾਂ ਕਰਕੇ ਉਹ ਆ ਨਹੀਂ ਸਕੇ। ਇਸ ਕਰਕੇ ਮੈਂ ਜਵਾਬ ਦੇ ਰਿਹਾ ਹਾਂ। ਭਾਰਤ ਸਰਕਾਰ ਅਤੇ ਰਾਜ ਸਰਕਾਰ ਦੀ ਈ-ਗਵਰਨੈਂਸ ਵਿਚ 'ਯੂਨੀਕੋਡ ਕੰਪਲੈਂਟ' ਤਰੀਕੇ ਵਿਚ ਪਹਿਲ ਕਦਮੀ ਕਰਦੇ ਹੋਏ ਵੱਖ-ਵੱਖ ਸਾਫਟਵੇਅਰ ਵਿਕਸਿਤ ਕਰ ਰਹੀ ਹੈ। ਈ-ਗਵਰਨੈਂਸ ਪਹਿਲ ਕਦਮੀਆਂ ਵਿਚ ਅੱਖਰਾਂ ਦੀ ਇਨਕੋਡਿੰਗ ਦੀ ਮਾਨਕੀਕਰਣ ਦੀ ਜ਼ਰੂਰਤ ਹੁੰਦੀ ਹੈ ਤਾਂ ਕਿ ਡਿਜ਼ੀਟਾਈਡ ਡਾਟੇ ਦੀ ਸੌਖੀ ਵਰਤੋਂ ਹੋ ਸਕੇ ਅਤੇ ਇਕ ਮਸ਼ੀਨ ਤੋਂ ਦੂਜੀ ਮਸ਼ੀਨ ਵਿਚ ਬਿਨਾ ਕਿਸੀ ਵਿਗਾੜ ਤੋਂ ਉਸਨੂੰ ਬਦਲਿਆ ਜਾ ਸਕੇ। 'ਰਾਵੀ' ਫੌਂਟ ਯੂਨੀਕੋਡ ਦੀ ਪਾਲਣਾ ਕਰਦਾ ਹੈ, ਜਦ ਕਿ ਦੂਜੇ ਫੌਂਟਸ ਜਿਵੇਂ ਕਿ 'ਅਸੀਸ' ਜਾਂ 'ਜੌਏ' ਯੂਨੀਕੋਡ ਦੀ ਪਾਲਣਾ ਨਹੀਂ ਕਰਦੇ। ਇਸ ਲਈ ਪ੍ਰਸ਼ਾਸਨਿਕ ਸੁਧਾਰ ਵਿਭਾਗ ਦੇ ਨੋਟੀਫਿਕੇਸ਼ਨ ਨੰ: 11/4/2017-2GR1/932220/1 ਮਿਤੀ 02.03.2017 ਅਨੁਸਾਰ ਸਾਰੇ ਸਰਕਾਰੀ ਵਿਭਾਗਾਂ/ ਬੋਰਡਾਂ/ ਕਾਰਪੋਰੇਸ਼ਨਾਂ/ ਕਮਿਸ਼ਨਾਂ ਆਦਿ ਨੂੰ 'ਰਾਵੀ' ਫੌਂਟ ਦੀ ਵਰਤੋਂ ਕਰਨ ਦੇ ਹੁਕਮ ਜਾਰੀ ਕੀਤੇ ਸਨ ਤਾਂ ਕਿ ਸਮੁੱਚੇ ਪੰਜਾਬ ਵਿਚ ਅੱਖਰਾਂ ਦੀ ਇਨਕੋਡਿੰਗ ਦੀ ਇਕਸਾਰਤਾ ਲਿਆਂਦੀ ਜਾ ਸਕੇ। ਕੋਈ ਵੀ ਵਿਅਕਤੀ ਜਿਸ ਨੂੰ ਨਾਨ-ਯੂਨੀਕੋਡ ਫੌਂਟ ਤੇ ਕੰਮ ਕਰਨ ਦਾ ਤਜ਼ਰਬਾ ਹੈ, ਉਹ

** Expunged as ordered by the Chair.

ਯੂਨੀਕੋਡ ਫੌਂਟ ਤੇ ਕੁਝ ਹਫਤਿਆਂ ਵਿਚ ਅਭਿਆਸ ਕਰਕੇ ਯੂਨੀਕੋਡ ਕੀ-ਬੋਰਡ ਤੇ ਕੰਮ ਕਰ ਸਕਦਾ ਹੈ।

**ਪ੍ਰੋਫੈਸਰ ਬਲਜਿੰਦਰ ਕੌਰ:** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਕੀ ਸਰਕਾਰ ਉਮੀਦਵਾਰਾਂ ਨੂੰ ਵੱਖ-ਵੱਖ ਫੌਂਟਸ ਵਿੱਚ ਟੈਸਟ ਦੇਣ ਦੀ ਆਪਸ਼ਨ ਦੀ ਪ੍ਰੋਵੀਜ਼ਨ ਰੱਖੇਗੀ ਅਤੇ ਕੀ ਉਮੀਦਵਾਰਾਂ ਨੂੰ ਸਰਵਿਸ ਜੁਆਇੰਨ ਕਰਨ ਤੋਂ ਬਾਅਦ ਤਿੰਨ ਮਹੀਨੇ ਦੀ ਕੰਡੀਸ਼ਨ ਲਗਾ ਕੇ ਸਿੱਖਣ ਦੀ ਸਹੂਲਤ ਦੇਵੇਗੀ?

**ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਨੂੰ ਸੂਚਿਤ ਕਰਨਾ ਚਾਹੁੰਦਾ ਹੈ, ਜਿਹੜੀ ਇਨ੍ਹਾਂ ਨੇ ਗੱਲ ਕਹੀ ਹੈ ਅਸੀਂ ਉਸ ਦੇ ਲਈ ਕੰਸਰਨ ਵੀ ਹਾਂ। ਜਿਹੜੀ ਇਹ ਟੈਸਟ ਦੀ ਗੱਲ ਕਰ ਰਹੇ ਹਨ ਉਸ ਦੇ ਵਿੱਚ ਹਾਲੇ ਵੀ ਤਿੰਨ ਮਹੀਨੇ ਪਏ ਹਨ। ਸਿੱਖਣ ਲਈ ਦੋ ਮਹੀਨੇ ਦਾ ਟਾਈਮ ਬਹੁਤ ਹੁੰਦਾ ਹੈ।

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਸਪੀਕਰ ਸਾਹਿਬ, ਅਗਰ ਸਰਕਾਰ ਇਸ ਫੌਂਟ ਨੂੰ ਲਾਜ਼ਮੀ ਮੰਨਦੀ ਹੈ ਤਾਂ ਘੱਟੋ-ਘੱਟ ਕੀਬੋਰਡ ਤਾਂ ਸੇਮ ਚਾਹੀਦਾ ਹੈ। ਉਸ ਦੇ ਵਿੱਚ ਤਾਂ ਤਬਦੀਲੀ ਨਾ ਕੀਤੀ ਜਾਵੇ। ਕੀ ਮੰਤਰੀ ਜੀ ਇਸ ਬਾਰੇ ਆਸ਼ਵਾਸਨ ਦੇਣਗੇ? ਇਸ ਦੇ ਨਾਲ ਬੱਚਿਆਂ ਨੂੰ ਤਿਆਰੀ ਕਰਨ ਵਿੱਚ ਦਿੱਕਤ ਆ ਰਹੀ ਹੈ। ਘੱਟੋ ਘੱਟ 6 ਮਹੀਨੇ ਦਾ ਸਮਾਂ ਤਾਂ ਰੱਖਣ, ਤਿੰਨ ਮਹੀਨੇ ਦਾ ਸਮਾਂ ਘੱਟ ਹੈ। 6 ਮਹੀਨੇ ਦਾ ਸਮਾਂ ਤਾਂ ਬੱਚਿਆਂ ਨੂੰ ਉਸ ਫੌਂਟ ਵਿੱਚ ਤਿਆਰੀ ਕਰਨ ਵਿੱਚ ਲੱਗ ਸਕਦਾ ਹੈ। ਇਸ ਨਾਲ ਜਿਹੜੇ ਬੱਚੇ ਪੰਜਾਬੀ ਟੈਸਟ ਦੀ ਤਿਆਰੀ ਕਰ ਰਹੇ ਸਨ ਉਨ੍ਹਾਂ ਦਾ ਭਵਿੱਖ ਧੁੰਧਲਾ ਨਜ਼ਰ ਆ ਰਿਹਾ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਸਰਕਾਰ ਅਤੇ ਮਾਨਯੋਗ ਸਪੀਕਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮੰਤਰੀ:** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਕਿਸੇ ਵੀ ਕੈਂਡੀਡੇਟ ਦੇ ਭਵਿੱਖ ਤੇ ਕੋਈ ਅਸਰ ਨਹੀਂ ਪਏਗਾ। ਦੋ ਮਹੀਨੇ ਦਾ ਅਰਸਾ ਤਿਆਰੀ ਕਰਨ ਲਈ ਕਾਫੀ ਹੁੰਦਾ ਹੈ ਅਤੇ ਅੱਛੀ ਟ੍ਰੇਨਿੰਗ ਹੋ

** Expunged as ordered by the Chair.

ਸਕਦੀ ਹੈ। ਮੈਂ ਐਸ਼ਿਓਰ ਕਰਦਾ ਹਾਂ ਕਿ ਇਹ ਸਿਸਟਮ ਬਹੁਤ ਠੀਕ ਰਹੇਗਾ। (ਵਿਘਨ, ਸ਼ੋਰ)

-----

## SHORT ADJOURNMENT OF THE HOUSE

**Mr. Speaker:** I adjourn this August House for 30 minutes.

*11.22 ਵਜੇ ਪੂਰਵ ਦੁਪਹਿਰ (*ਇਸ ਸਮੇਂ ਸਦਨ ਅੱਧੇ ਘੰਟੇ ਲਈ ਸਥਗਿਤ ਹੋ ਗਿਆ।)

-----

*11.52 ਵਜੇ ਪੂਰਵ ਦੁਪਹਿਰ (ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

## SHORT ADJOURNMENT OF THE HOUSE AGAIN

**ਮਾਨਯੋਗ ਸਪੀਕਰ :** ਮੈਂ ਸਦਨ ਨੂੰ ਪੰਦਰਾਂ ਮਿੰਟ ਲਈ ਹੋਰ ਐਡਜਰਨ ਕਰਦਾ ਹਾਂ।

*11.52 ਵਜੇ ਪੂਰਵ ਦੁਪਹਿਰ (*ਇਸ ਸਮੇਂ ਸਦਨ ਪੰਦਰਾਂ ਮਿੰਟ ਲਈ ਸਥਗਿਤ ਹੋ ਗਿਆ।)

-----

*12.07 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ ।

## SHORT ADJOURNMENT OF THE HOUSE ONCE AGAIN

**ਮਾਨਯੋਗ ਸਪੀਕਰ :** ਹਾਊਸ 12.30 ਵਜੇ ਬਾਅਦ ਦੁਪਹਿਰ ਤੱਕ ਐਡਜਰਨ ਕੀਤਾ ਜਾਂਦਾ ਹੈ ।

*12.07 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਦਨ 12.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

-----

*12.30 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

## MATTERS RAISED DURING ZERO HOUR

*(Resumption)*

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਜੇ ਤੁਹਾਡੀ ਇਜ਼ਾਜਤ ਹੋਵੇ ਤਾਂ ਮੈਂ ਕੁਝ ਕਹਿਣਾ ਚਾਹਾਂਗਾ।

**ਮਾਨਯੋਗ ਸਪੀਕਰ :** ਹਾਂ ਜੀ, ਦੱਸੋ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਅੱਜ ਜੋ ਕੁਝ ਹਾਊਸ ਵਿੱਚ ਹੋਇਆ ਹੈ, ਇਹ ਬੜੀ ਅਨਫਾਰਚੂਨੇਟ ਸਿਚੁਏਸ਼ਨ ਹੈ। ਇਹ ਬੜਾ ਹੀ ਪਵਿੱਤਰ ਸਦਨ ਹੈ, ਬੜਾ ਆਗਸਟ ਹਾਊਸ ਹੈ ਔਰ ਤੁਸੀਂ ਇਸ ਦੇ ਕਸਟੋਡੀਅਨ ਹੋ। ਜਿਹੜੀ ਅਨਫਾਰਚੂਨੇਟ ਗੱਲ ਹੋਈ ਹੈ, ਮੈਂ ਉਸ ਦੇ ਲਈ ਮਹਿਸੂਸ ਕਰਦਾ ਹਾਂ ਕਿ ਸਤਿਕਾਰਯੋਗ ਆਪੋਜ਼ੀਸ਼ਨ ਮੈਂਬਰ ਔਰ ਸਾਡੇ ਮੈਂਬਰਜ਼, ਮੇਰਾ ਖਿਆਲ ਹੈ ਸਭ ਦੀ ਇੱਛਾ ਇਹ ਹੈ ਕਿ ਆਪਣੀ ਈਗੋਜ਼ ਨੂੰ ਛੱਡਦੇ ਹੋਏ, ਆਪਣੀ ਕਿਸੇ ਦੀ ਵੀ ਕੋਈ ਇਸ ਤਰ੍ਹਾਂ ਦੀ ਭਾਵਨਾ ਨਹੀਂ ਹੈ, ਸਭ ਹਾਊਸ ਨੂੰ ਚਲਾਉਣਾ ਚਾਹੁੰਦੇ ਹਨ, ਸਭ ਡਿਬੇਟ ਦੇ ਵਿੱਚ ਪਾਰਟੀਸੀਪੇਟ ਕਰਨਾ ਚਾਹੁੰਦੇ ਹਨ। ਸੋ, ਇਹ ਜਿਹੜੀ ਸਥਿਤੀ ਹੈ, ਇਸ ਬਾਰੇ ਮਾਨਯੋਗ ਆਪੋਜ਼ੀਸ਼ਨ ਦੇ ਲੀਡਰ ਸਾਹਿਬਾਨ ਨਾਲ ਗੱਲ ਹੋਈ ਹੈ ਕਿ ਇਸ ਹਾਊਸ ਨੂੰ ਆਪਾਂ ਠੀਕ ਤਰੀਕੇ ਨਾਲ ਚਲਾਈਏ। ਮੈਂ ਇਸ ਪ੍ਰਤੀ ਆਪਣੇ ਮੈਂਬਰਜ਼ ਨੂੰ ਵੀ ਬੇਨਤੀ ਕਰਾਂਗਾ ਕਿ ਇਸ ਹਾਊਸ ਨੂੰ ਚਲਾਉਣ ਵਿੱਚ ਆਪਾਂ ਸਭ ਨੂੰ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ। ਸਤਿਕਾਰਯੋਗ ਆਪੋਜ਼ੀਸ਼ਨ ਦੇ ਮੈਂਬਰ ਵੀ ਸਪੀਕਰ ਸਾਹਿਬ ਦੀ ਚੇਅਰ ਦੀ ਇੱਜ਼ਤ ਕਰਦੇ ਹੋਏ ਹਾਊਸ ਦੀ ਮਰਿਆਦਾ ਨੂੰ ਸਾਰੇ ਮੇਨਟੇਨ ਰੱਖਣ। ਆਪਾਂ ਪੰਜਾਬ ਦੇ ਲੋਕਾਂ ਨੂੰ ਇੱਕ ਐਸਾ ਸੁਨੇਹਾ ਦੇਈਏ, ਹਾਊਸ ਵਿੱਚ ਇੱਕ ਐਸਾ ਸੁਨੇਹਾ ਦੇਈਏ ....

**ਸਰਦਾਰ ਬਲਵਿੰਦਰ ਸਿੰਘ ਬੈਂਸ :** ** **

**ਮਾਨਯੋਗ ਸਪੀਕਰ :** ਬੈਠੋ ਪਲੀਜ਼। ਜੋ ਕੁਝ ਬਿਨਾਂ ਇਜਾਜ਼ਤ ਤੋਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਸੰਸਦੀ ਮਾਮਲੇ ਮੰਤਰੀ :** ਮੈਂ ਸਾਰੇ ਸਾਥੀਆਂ ਨੂੰ ਇਹੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਪਾਂ ਸਾਰੇ ਹਾਊਸ ਨੂੰ ਰਲ ਮਿਲ ਕੇ ਚਲਾਈਏ। ਧੰਨਵਾਦ ਜੀ। (ਥੰਪਿੰਗ)

**Mr. Speaker :** Thank you.

---

** Not recorded as ordered by the Chair.

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਹੈ। ਧੰਨਵਾਦ ਮਨਿਸਟਰ ਸਾਹਿਬ ਦਾ, ਜਦੋਂ ਅੱਜ ਇਨ੍ਹਾਂ ਨੇ ਕਿਹਾ ਕਿ ਗੱਲਬਾਤ ਹੋਈ ਹੈ। ਇਹ ਸ਼ੁਰੂਆਤ ਹੋਈ ਹੈ ਅਤੇ ਆਪਾਂ ਨਵੀਂ ਬਿਗਨਿੰਗ ਕਰ ਰਹੇ ਹਾਂ। ਇਸ ਨਵੀਂ ਬਿਗਨਿੰਗ ਵਿੱਚ ਸਾਡੇ ਦੋ ਮੈਂਬਰਾਂ ਨੂੰ ਵੀ ਵਾਪਸ ਬੁਲਾ ਲਵੋ, ਉਹ ਵੀ ਨਵੀਂ ਬਿਗਨਿੰਗ ਦੇ ਵਿੱਚ ਆ ਜਾਣ। ਮੇਰੀ ਇਹ ਬੇਨਤੀ ਹੈ ਜੀ।(ਆਮ ਆਦਮੀ ਪਾਰਟੀ ਵੱਲੋਂ ਥੰਪਿੰਗ)

**ਮਾਨਯੋਗ ਸਪੀਕਰ :** ਚਲੋ, ਬੈਠੋ ਹੁਣ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਦੂਜੀ ਮੇਰੀ ਬੇਨਤੀ ਇਹ ਹੈ ਕਿ ਹਾਊਸ ਨੂੰ ਅੱਜ ਐਕਸਟੈਂਡ ਕਰ ਲਿਆ ਜਾਵੇ ਕਿਉਂਕਿ ਤਿੰਨ-ਚਾਰ ਵਾਰ ਐਡਜਰਨ ਹੋ ਗਿਆ ਹੈ ਅਤੇ ਬਜਟ ਤੇ ਬੜੀ ਇੰਪਾਰਟੈਂਟ ਬਹਿਸ ਹੋਣੀ ਹੈ।

**ਮਾਨਯੋਗ ਸਪੀਕਰ :** ਓਨੇ ਟਾਈਮ ਲਈ ਅੱਗੇ ਕਰਾਂਗੇ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਠੀਕ ਹੈ ਜੀ।

-----

## PAPERS LAID ON THE TABLE OF THE HOUSE

**ਮਾਨਯੋਗ ਸਪੀਕਰ :** ਸੰਸਦੀ ਮਾਮਲਿਆਂ ਬਾਰੇ ਮੰਤਰੀ, ਸ਼੍ਰੀ ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ -

1. ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਆਰਡੀਨੈਂਸ, 2017 (2017 ਦਾ ਪੰਜਾਬ ਆਰਡੀਨੈਂਸ ਨੰ: 2) ਸਦਨ ਦੀ ਮੇਜ ਤੇ ਰੱਖਦਾ ਹਾਂ ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213 (2)(ੳ) ਅਧੀਨ ਲੋੜੀਂਦਾ ਹੈ।

2. 1.4.2013 ਤੋਂ 31.4.2014 ਤੱਕ ਦੇ ਸਮੇਂ ਲਈ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 323 (2) ਅਧੀਨ ਲੋੜੀਂਦਾ ਹੈ।

-----

## MOTION REGARDING NOMINATION OF TWO MEMBERS FOR THE PANJAB UNIVERSITY SENATE

**ਮਾਨਯੋਗ ਸਪੀਕਰ :** ਸੰਸਦੀ ਮਾਮਲੇ ਮੰਤਰੀ ਯੂਨੀਵਰਸਿਟੀ ਸਬੰਧੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿਉਂਜੋ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਸੈਨੇਟ ਦੇ ਦੋ ਮੈਂਬਰ ਵਿਧਾਨ ਸਭਾ ਵਿਚੋਂ ਚੁਣ ਕੇ ਜਾਣੇ ਹਨ, ਅਤੇ ;

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਇਸ ਸਾਰੀ ਚੋਣ ਪ੍ਰਕ੍ਰਿਆ ਨੂੰ ਇਸ ਸਮੇਂ ਦੌਰਾਨ ਪੂਰੀ ਕਰਨਾ ਸੰਭਵ ਨਹੀਂ ਹੈ ;

ਇਸ ਲਈ ਹੁਣ ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ ਵੱਖ ਪਾਰਟੀਆਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਸੈਨੇਟ ਲਈ ਪੰਜਾਬ ਵਿਧਾਨ ਸਭਾ ਦੇ ਦੋ ਮੈਂਬਰਾਂ ਨੂੰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਮੇਰੀ ਇੱਕ ਬੇਨਤੀ ਹੈ ਕਿ ਜਦੋਂ ਤੁਸੀਂ ਨਾਮੀਨੇਟ ਕਰੋ ਤਾਂ ਇੱਕ ਮੈਂਬਰ ਟਰੈਜ਼ਰੀ ਬੈਂਚਿਜ਼ ਤੋਂ ਅਤੇ ਇੱਕ ਆਪੋਜੀਸ਼ਨ ਤੋਂ ਲਿਆ ਜਾਵੇ।

**ਮਾਨਯੋਗ ਸਪੀਕਰ :** ਤੁਸੀਂ ਬੈਠੋ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿਉਂਜੋ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਸੈਨੇਟ ਦੇ ਦੋ ਮੈਂਬਰ ਵਿਧਾਨ ਸਭਾ ਵਿਚੋਂ ਚੁਣ ਕੇ ਜਾਣੇ ਹਨ, ਅਤੇ ;

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਇਸ ਸਾਰੀ ਚੋਣ ਪ੍ਰਕ੍ਰਿਆ ਨੂੰ ਇਸ ਸਮੇਂ ਦੌਰਾਨ ਪੂਰੀ ਕਰਨਾ ਸੰਭਵ ਨਹੀਂ ਹੈ ;

ਇਸ ਲਈ ਹੁਣ ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ ਵੱਖ ਪਾਰਟੀਆਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਸੈਨੇਟ ਲਈ ਪੰਜਾਬ ਵਿਧਾਨ ਸਭਾ ਦੇ ਦੋ ਮੈਂਬਰਾਂ ਨੂੰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿਉਂਜੋ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਸੈਨੇਟ ਦੇ ਦੋ ਮੈਂਬਰ ਵਿਧਾਨ ਸਭਾ ਵਿਚੋਂ ਚੁਣ ਕੇ ਜਾਣੇ ਹਨ, ਅਤੇ ;

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਇਸ ਸਾਰੀ ਚੋਣ ਪ੍ਰਕ੍ਰਿਆ ਨੂੰ ਇਸ ਸਮੇਂ ਦੌਰਾਨ ਪੂਰੀ ਕਰਨਾ ਸੰਭਵ ਨਹੀਂ ਹੈ ;

ਇਸ ਲਈ ਹੁਣ ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ ਵੱਖ ਪਾਰਟੀਆਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਸੈਨੇਟ ਲਈ ਪੰਜਾਬ ਵਿਧਾਨ ਸਭਾ ਦੇ ਦੋ ਮੈਂਬਰਾਂ ਨੂੰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

-----

## GENERAL DISCUSSION ON THE BUDGET ESTIMATES FOR THE YEAR 2017-18

**ਮਾਨਯੋਗ ਸਪੀਕਰ:** ਹਾਂ ਜੀ, ਫੂਲਕਾ ਸਾਹਿਬ, ਤੁਸੀਂ ਬਜਟ ਤੇ ਬਹਿਸ ਸ਼ੁਰੂ ਕਰੋ।

**ਸਰਦਾਰ ਹਰਵਿੰਦਰ ਸਿੰਘ ਫੂਲਕਾ (ਦਾਖਾ) :** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਇੱਕ ਬੜਾ ਭਖਦਾ ਮਸਲਾ ਜੋ ਬਜਟ ਨਾਲ ਰਿਲੇਟਿਡ ਹੈ, ਅੱਜ ਵੀ ਆਪਣੇ ਦੋ ਨੌਜਵਾਨ ਮੈਂਬਰਾਂ, ਸ਼੍ਰੀ ਅੰਗਦ ਜੀ ਅਤੇ ਚੰਦੂਮਾਜਰਾ ਜੀ ਨੇ ਮੁੱਦਾ ਉਠਾਇਆ, ਕੱਲ੍ਹ ਨਵਤੇਜ ਚੀਮਾ ਜੀ ਅਤੇ ਆਸ਼ੂ ਜੀ ਨੇ ਉਠਾਇਆ ਸੀ। ਇਹ ਮੁੱਦਾ ਬ੍ਰਹਮ ਮਹਿੰਦਰਾ ਜੀ ਦੇ ਵਿਭਾਗ ਨਾਲ ਰਿਲੇਟਿਡ ਹੈ। ਸ਼੍ਰੀ ਬ੍ਰਹਮ ਮਹਿੰਦਰਾ ਜੀ ਉਨ੍ਹਾਂ ਨੂੰ ਵਿਸ਼ਵਾਸ ਦਿਵਾਉਂਦੇ ਰਹੇ ਕਿ ਤੁਹਾਡੇ ਹਲਕੇ ਵਿੱਚ ਅਤੇ ਨਾਲ ਦੇ ਨਾਲ ਸਾਰੇ ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿਚ ਡਾਕਟਰਾਂ ਅਤੇ ਸਟਾਫ਼ ਦੀਆਂ ਜਿਹੜੀਆਂ ਪਦਵੀਆਂ ਖਾਲੀ ਪਈਆਂ ਹਨ, ਉਨ੍ਹਾਂ ਨੂੰ ਭਰਾਂਗਾ ਔਰ ਇਸ ਵਾਸਤੇ ਇਹ ਫਾਈਨਾਂਸ ਮਨਿਸਟਰ ਵੱਲ ਵੇਖਦੇ ਰਹੇ ਕਿ ਉਹ ਬਜਟ ਦੇਣਗੇ ਤਾਂ ਇਹ ਅਸਾਮੀਆਂ ਭਰਾਂਗਾ ਕਿਉਂਕਿ ਰੋਜ਼ ਇਥੇ ਇਸ ਸਦਨ ਵਿੱਚ ਇਹ ਗੱਲ ਉਠ ਕੇ ਆਉਂਦੀ ਰਹੀ ਹੈ। ਸਪੀਕਰ ਸਾਹਿਬ, ਜਿਹੜੀ ਡਾ. ਹੱਕ ਦੀ ਕਮੇਟੀ ਨੇ ਇੰਟੈਰਿਮ ਰਿਪੋਰਟ ਦਿੱਤੀ ਹੈ, ਉਨ੍ਹਾਂ ਨੇ ਵੀ ਇਹ ਗੱਲ ਕਹੀ ਹੈ ਕਿ ਐਜੂਕੇਸ਼ਨ ਅਤੇ ਹੈਲਥ ਉਤੇ ਜੋ ਐਕਸਪੈਂਡੀਚਰ ਹੁੰਦਾ

[ਸਰਦਾਰ ਹਰਵਿੰਦਰ ਸਿੰਘ ਫੂਲਕਾ ]
ਹੈ, ਉਹ ਵੀ ਕਿਸਾਨਾਂ ਦੇ ਕਰਜ਼ਿਆਂ ਦਾ ਵੱਡਾ ਕਾਰਨ ਹੈ। ਹੋਰ ਵੀ ਕਈ ਮਾਹਿਰਾਂ ਨੇ ਇਸ ਬਾਰੇ ਦਿੱਤਾ ਹੈ, ਸੰਡੇ ਦੀ 'ਟ੍ਰਿਬਿਊਨ' ਅਖਬਾਰ ਵਿਚ ਬੜਾ ਵੱਡਾ ਆਰਟੀਕਲ ਆਇਆ ਹੈ, ਜਿਸ ਵਿੱਚ ਦੱਸਿਆ ਹੈ ਕਿ ਸਰਕਾਰੀ ਹਸਪਤਾਲਾਂ ਅਤੇ ਸਰਕਾਰੀ ਸਕੂਲਾਂ ਦਾ ਬੁਰਾ ਹਾਲ ਹੋਣ ਕਰਕੇ ਉਨ੍ਹਾਂ ਦਾ ਐਜੂਕੇਸ਼ਨ ਅਤੇ ਹੈਲਥ ਉਤੇ ਜ਼ਿਆਦਾ ਖਰਚਾ ਹੋ ਰਿਹਾ ਹੈ ਅਤੇ ਉਸੇ ਕਰਕੇ ਕਿਸਾਨ ਕਰਜ਼ੇ ਦੇ ਥੱਲੇ ਦੱਬਦੇ ਜਾ ਰਹੇ ਹਨ। ਸਪੀਕਰ ਸਾਹਿਬ, ਇਸ ਕਰਕੇ ਇਹ ਮਾਮਲਾ ਬਹੁਤ ਮਹੱਤਵਪੂਰਨ ਹੈ ਔਰ ਮੈਨੂੰ ਲਗਦਾ ਹੈ ਕਿ ਬ੍ਰਹਮ ਮਹਿੰਦਰਾ ਜੀ ਨੇ ਸ਼ਾਇਦ ਇਸ ਬਜਟ ਦੇ ਪੰਨੇ ਫਰੋਲ ਕੇ ਦੇਖੇ ਹੋਣ ਕਿ ਜਿਹੜੀਆਂ ਇਨ੍ਹਾਂ ਨੇ ਡਾਕਟਰਾਂ ਦੀਆਂ ਪਦਵੀਆਂ ਭਰਨੀਆਂ ਹਨ, ਉਸ ਵਾਸਤੇ ਬਜਟ ਵਿਚ ਕਿੰਨਾ ਕੁ ਵਾਧਾ ਕੀਤਾ ਗਿਆ ਹੈ, ਜਿਸ ਨਾਲ ਕਿ ਇਹ ਇਨ੍ਹਾਂ ਪਦਵੀਆਂ ਨੂੰ ਭਰ ਦੇਣ। ਬ੍ਰਹਮ ਮਹਿੰਦਰਾ ਜੀ, ਇਸ ਬਜਟ ਦੇ ਜੇ ਤੁਸੀਂ ਪਹਿਲੇ ਪੇਜ਼ ਤੇ ਦੇਖੋ ਤਾਂ ਜਿਹੜੀ ਆਊਟ-ਲੇਅ ਸੀ, ਜੋ ਟੋਟਲ ਐਜੂਕੇਸ਼ਨ ਤੇ ਸੀ ਜਾਂ ਸੈਲਰੀਜ਼ ਦਾ ਹੀ ਲੈ ਲਵੋ, ਸੈਲਰੀਜ਼ ਵਾਸਤੇ ਪਿਛਲੇ ਬਜਟ ਵਿੱਚ 19,799 ਕਰੋੜ ਸੀ, ਇਸ ਬਜਟ ਵਿੱਚ 20,872 ਦਿੱਤਾ ਗਿਆ ਹੈ। ਇਹ ਜਿਹੜਾ 800 ਕਰੋੜ ਦੇ ਕਰੀਬ ਵਧਾਇਆ ਗਿਆ ਹੈ ਉਹ ਤਾਂ ਇਨਕ੍ਰੀਮੈਂਟਾਂ ਹੀ ਮਸਾਂ ਪੂਰੇ ਕਰੇਗਾ। ਜਿਹੜੀਆਂ ਪਦਵੀਆਂ ਭਰਨੀਆਂ ਹਨ ਜਾਂ ਨਵੀਆਂ ਨੌਕਰੀਆਂ ਦੇਣੀਆਂ ਹਨ, ਉਨ੍ਹਾਂ ਬਾਰੇ ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਬ੍ਰਹਮ ਮਹਿੰਦਰਾ ਜੀ ਕਿਥੋਂ ਤਨਖਾਹਾਂ ਦੇ ਦੇਣਗੇ? ਸੈਲਰੀ ਵਾਸਤੇ ਤਾਂ ਵਧਾਇਆ ਹੀ ਨਹੀਂ, ਐਲੋਕੇਸ਼ਨ ਤਾਂ ਕੀਤੀ ਹੀ ਨਹੀਂ, ਉਹ ਕਿਥੋਂ ਦੇਣਗੇ?

ਅਗਲੀ ਗੱਲ, ਸਿਹਤ ਵਿਭਾਗ ਦਾ ਬਜਟ ਲੈ ਲਵੋ। ਪੈਰ੍ਹਾ ਨੰ: 80 ਵਿੱਚ ਫਾਈਨਾਂਸ ਮਨਿਸਟਰ ਸਾਹਿਬ ਨੇ ਕਿਹਾ ਕਿ 1358 ਕਰੋੜ ਰੁਪਿਆ ਦਿੱਤਾ ਹੈ, ਪਿਛਲੇ ਬਜਟ ਨਾਲੋਂ 14.21 ਪ੍ਰਤੀਸ਼ਤ ਜ਼ਿਆਦਾ ਦਿੱਤੇ ਹਨ। ਬ੍ਰਹਮ ਮਹਿੰਦਰਾ ਜੀ ਨੇ ਤਾਂ ਇਸ ਦਾ ਸਵਾਗਤ ਵੀ ਕਰ ਦਿੱਤਾ। ਸਪੀਕਰ ਸਾਹਿਬ, ਜੇਕਰ ਆਪਾਂ ਨਾਲ ਹੀ ਪੰਨਾ ਨੰ: 13 ਵੇਖੀਏ, ਹੈਲਥ ਉਪਰ ਕੈਪੀਟਲ ਐਕਸਪੈਂਡੀਚਰ 266 ਕਰੋੜ ਰੁਪਿਆ ਰੱਖਿਆ ਹੈ। ਬਜਟ ਜਿਹੜਾ ਕਿ 195 ਕਰੋੜ ਵਧਿਆ ਹੈ, ਉਸ ਤੋਂ ਜ਼ਿਆਦਾ ਤਾਂ ਬਿਲਡਿੰਗਾਂ ਤੇ ਲੱਗ ਜਾਣਾ ਹੈ। ਪੁਰਾਣੇ ਹਸਪਤਾਲਾਂ ਵਿੱਚ ਡਾਕਟਰ ਨਹੀਂ ਹਨ, ਸੈਲਰੀਜ਼ ਵਾਸਤੇ ਕੋਈ ਪ੍ਰੋਵੀਜ਼ਨ ਹੀ ਨਹੀਂ ਕੀਤੀ ਫੇਰ ਨਵੇਂ ਡਾਕਟਰ ਕਿਥੋਂ ਰੱਖਣੇ ਹਨ? ਉਨ੍ਹਾਂ ਦੀਆਂ ਤਨਖਾਹਾਂ ਕਿਥੋਂ ਦੇਣੀਆਂ ਹਨ? ਸਪੀਕਰ ਸਾਹਿਬ, ਇਸ ਬਾਰੇ ਬਜਟ ਵਿੱਚ ਕੋਈ ਪ੍ਰੋਵੀਜ਼ਨ ਨਹੀਂ ਕੀਤੀ ਫੇਰ ਜਿਹੜੇ ਨਵੇਂ ਇੰਸਟੀਚਿਊਟ ਬਣਾਉਣੇ ਹਨ, ਉਥੇ ਸਟਾਫ਼ ਕਿਥੋਂ ਰੱਖੋਗੇ? ਅੱਜ ਜੋ

ਪੰਜਾਬ ਵਿੱਚ ਸਿਹਤ ਦੀ ਹਾਲਤ ਹੈ, ਇੰਨਾ ਬੁਰਾ ਹਾਲ ਹੈ, ਮੈਨੂੰ ਲਗਦਾ ਹੈ ਕਿ ਅਗਲੇ ਸਾਲ ਮੈਂਬਰ ਫੇਰ ਇਸੇ ਹਾਊਸ ਵਿੱਚ ਤ੍ਰਹਿ ਤ੍ਰਹਿ ਕਰਦੇ ਹੋਣਗੇ ਕਿ ਮੇਰੇ ਹਸਪਤਾਲ ਵਿੱਚ ਡਾਕਟਰ ਨਹੀਂ ਹੈ, ਮੇਰੇ ਹਲਕੇ ਵਿੱਚ ਡਾਕਟਰ ਨਹੀਂ ਹੈ।

ਸਪੀਕਰ ਸਾਹਿਬ, ਅਗਲਾ ਮੁੱਦਾ ਆਪਾਂ ਐਜੂਕੇਸ਼ਨ ਦਾ ਲੈਂਦੇ ਹਾਂ ਜੋ ਕਿ ਬਹੁਤ ਹੀ ਮਹੱਤਵਪੂਰਨ ਹੈ। ਪਿਛਲੇ ਬਜਟ ਵਿੱਚ ਐਜੂਕੇਸ਼ਨ ਵਾਸਤੇ 9,678 ਕਰੋੜ ਰੱਖੇ ਗਏ ਸਨ ਅਤੇ ਇਸ ਬਜਟ ਵਿੱਚ 10,498 ਕਰੋੜ ਰੱਖੇ ਗਏ ਹਨ। ਪਿਛਲਾ ਬਜਟ 86,386 ਕਰੋੜ ਦਾ ਸੀ ਜਿਸ ਵਿਚੋਂ 11.2% ਐਜੂਕੇਸ਼ਨ ਵਾਸਤੇ ਰੱਖਿਆ ਗਿਆ ਸੀ, ਇਸ ਬਜਟ ਵਿੱਚ 1,18,237 ਕਰੋੜ ਦਾ ਸਿਰਫ 9% ਐਜੂਕੇਸ਼ਨ ਵਾਸਤੇ ਰੱਖਿਆ ਗਿਆ ਹੈ। ਸਰਕਾਰੀ ਸਕੂਲਾਂ ਵਿੱਚ ਮਾਸਟਰਾਂ ਦੀਆਂ ਪੋਸਟਾਂ ਖਾਲੀ ਪਈਆਂ ਹਨ, ਲੈਕਚਰਾਰਾਂ ਦੀਆਂ ਪੋਸਟਾਂ ਖਾਲੀ ਪਈਆਂ ਹਨ। ਸਰਕਾਰੀ ਸਕੂਲਾਂ ਵਿੱਚ 0% ਰਿਜ਼ਲਟ ਆਇਆ ਹੈ। ਮੈਂ ਬਠਿੰਡਾ ਜਾ ਕੇ ਆਇਆ ਹਾਂ, ਘੋਲੀਆ ਅਬਦਲਕੇ 0% ਰਿਜ਼ਲਟ, ਸਾਰੀਆਂ ਵਿਚਾਰੀਆਂ ਬੱਚੀਆਂ ਸੀ, ਫੇਲ੍ਹ ਹੋ ਗਈਆਂ। ਦੂਜੇ ਕਈ ਸਕੂਲਾਂ ਵਿੱਚ ਵੀ ਮੈਂ ਜਾ ਕੇ ਆਇਆ ਹਾਂ। ਉਥੇ 11ਵੀਂ-12ਵੀਂ ਕਲਾਸ ਵਾਸਤੇ ਲੈਕਚਰਾਰ ਹੀ ਨਹੀਂ ਹਨ। ਜੱਸੋਵਾਲ ਸਕੂਲ ਵਿੱਚ 82 ਬੱਚਿਆਂ ਵਿਚੋਂ ਸਿਰਫ਼ 4 ਪਾਸ ਹੋਏ ਹਨ। ਉਥੇ 12ਵੀਂ ਦੇ ਲੈਕਚਰਾਰ ਹੀ ਨਹੀਂ ਹਨ। ਪੰਚਾਇਤ ਨੂੰ ਖੁਦ ਮਾਸਟਰਾਂ ਨੂੰ ਹਾਇਰ ਕਰਕੇ ਰੱਖਣਾ ਪੈਂਦਾ ਹੈ। ਬਾਘਾਪੁਰਾਣਾ ਦੇ ਬਰਾੜ ਸਾਹਿਬ ਬੈਠੇ ਹਨ, ਇਨ੍ਹਾਂ ਦੇ ਹਲਕੇ ਵਿੱਚ ਮੈਂ ਜਾ ਕੇ ਆਇਆ ਹਾਂ। ਹਰ ਇਕ ਸਕੂਲ ਵਿੱਚ ਇਹੀ ਹਾਲ ਹੈ, 65 ਵਿਚੋਂ 5 ਬੱਚੇ ਪਾਸ, 53 ਵਿਚੋਂ 3 ਪਾਸ, ਜਦੋਂ ਪੁੱਛੀਏ ਤਾਂ ਕਹਿੰਦੇ ਹਨ ਕਿ ਲੈਕਚਰਾਰ ਹੀ ਨਹੀਂ ਹਨ, ਕੀ ਕਰੀਏ? ਇਹ ਹਾਲਤ ਸਕੂਲਾਂ ਦੀ ਹੈ ਤੇ ਉਤੋਂ ਬਜਟ ਦੀ ਪਰਸੈਂਟੇਜ਼ ਵੀ ਘੱਟ ਗਈ, ਸੈਲਰੀਜ਼ ਵਾਸਤੇ ਤਾਂ ਪ੍ਰੋਵੀਜ਼ਨ ਹੀ ਨਹੀਂ ਕੀਤਾ ਗਿਆ।

ਆਪਾਂ ਆਪਣੇ ਗਵਾਂਢੀ ਸੂਬਿਆਂ ਨਾਲੋਂ ਕਿਤੇ ਫਖ਼ਰ ਮਹਿਸੂਸ ਕਰਦੇ ਹਾਂ ਕਿ ਪੰਜਾਬ ਉਨ੍ਹਾਂ ਨਾਲੋਂ ਕਿਤੇ ਅੱਗੇ ਹੈ। ਸਾਡੇ ਪੰਜਾਬ ਵਿਚੋਂ ਹਰਿਆਣਾ-ਹਿਮਾਚਲ ਨਿਕਲਿਆ ਹੈ। ਹਰਿਆਣਾ ਨੇ ਆਪਣੇ ਬਜਟ ਦਾ 15% ਅਤੇ ਹਿਮਾਚਲ ਨੇ 17% ਐਜੂਕੇਸ਼ਨ ਨੂੰ ਦਿੱਤਾ ਹੈ। ਜੋ ਕਾਂਗਰਸ ਦਾ ਮੈਨੀਫੈਸਟੋ ਸੀ, ਉਸ ਵਿੱਚ ਵਾਅਦਾ ਸੀ। ਸਪੀਕਰ ਸਾਹਿਬ, ਪੈਰਾ ਨੰ: 10.2 ਵਿੱਚ ਲਿਖਿਆ ਹੈ ਕਿ ਜੀ.ਐਸ.ਡੀ.ਪੀ. ਦਾ 6% ਐਜੂਕੇਸ਼ਨ ਨੂੰ ਦਿੱਤਾ ਜਾਵੇਗਾ। ਫਾਈਨਾਂਸ ਮਨਿਸਟਰ ਨੇ ਰਿਵਾਈਜ਼ ਕਰਕੇ ਜੀ.ਐਸ.ਡੀ.ਪੀ. 4,27,870 ਕਰੋੜ ਤੋਂ 4,65,000 ਕਰੋੜ ਕਰ ਦਿੱਤੀ ਹੈ। ਆਪਾਂ ਪੁਰਾਣੀ 4,27,870 ਕਰੋੜ ਹੀ ਲੈ ਲੈਂਦੇ ਹਾਂ,

[ਸਰਦਾਰ ਹਰਵਿੰਦਰ ਸਿੰਘ ਫੂਲਕਾ ]

ਉਸ ਦਾ 6% 25,672 ਕਰੋੜ ਬਣਦਾ ਹੈ ਅਤੇ ਇਹ ਬਜਟ ਦਾ 21% ਬਣ ਜਾਂਦਾ ਹੈ। ਸਪੀਕਰ ਸਾਹਿਬ, ਇੰਨਾ ਦੇਣਾ ਬਣਦਾ ਸੀ, ਇਹ ਵਾਅਦਾ ਸੀ। ਜੇ ਸਾਡੇ ਬੱਚੇ ਪੜ੍ਹ ਜਾਣਗੇ ਤਾਂ ਕਿਤੇ ਦੇ ਕਿਤੇ ਨਿਕਲ ਜਾਣਗੇ। ਅੱਜ ਸਾਡੀ ਪਰ ਕੈਪੀਟਾ ਇਨਕਮ ਡਾਊਨ ਜਾ ਰਹੀ ਹੈ ਕਿਉਂਕਿ ਸਾਡਾ ਐਜੂਕੇਸ਼ਨ ਸਿਸਟਮ ਖ਼ਤਮ ਹੋ ਗਿਆ। ਉਸ ਵਾਸਤੇ ਬਜਟ ਵਿੱਚ ਬਿਲਕੁਲ ਕੋਈ ਪ੍ਰੋਵੀਜ਼ਨ ਨਹੀਂ ਕੀਤਾ ਗਿਆ। ਜੋ ਵਾਅਦੇ ਕੀਤੇ ਗਏ ਸੀ ਉਹ ਵੀ ਪੂਰੇ ਨਹੀਂ ਕੀਤੇ ਗਏ। ਡਾ. ਹੱਕ ਦੀ ਕਮੇਟੀ ਦੀਆਂ ਰਿਕੁਮੈਂਡੇਸ਼ਨਜ਼ ਨੂੰ ਵੀ ਧਿਆਨ ਵਿੱਚ ਨਹੀਂ ਰੱਖਿਆ ਗਿਆ।

ਸਪੀਕਰ ਸਾਹਿਬ, ਜੇ ਮੈਂ ਆਪਣੇ ਹੱਥ ਵਿੱਚ ਤਿੰਨ ਡਾਕੂਮੈਂਟ ਫੜ੍ਹ ਲਵਾਂ – ਇਹ ਹੈ ਕਾਂਗਰਸ ਪਾਰਟੀ ਦਾ ਮੈਨੀਫੈਸਟੋ, ਇਹ ਹੈ ਗਵਰਨਰ ਸਾਹਿਬ ਦਾ ਐਡਰੈਸ ਅਤੇ ਇਹ ਹੈ ਫਾਈਨਾਂਸ ਮਨਿਸਟਰ ਸਾਹਿਬ ਦੀ ਸਪੀਚ ਵਾਲਾ ਐਡਰੈਸ। ਜਦੋਂ ਕਾਂਗਰਸ ਪਾਰਟੀ ਨੇ ਮੈਨੀਫੈਸਟੋ ਬਣਾਇਆ, ਉਦੋਂ ਇਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿ ਪੰਜਾਬ ਦਾ ਤਾਂ ਖਜ਼ਾਨਾ ਖਾਲੀ ਹੈ। ਇੰਨੇ ਵੱਡੇ-ਵੱਡੇ ਵਾਅਦੇ ਅਤੇ ਇਹੋ ਜਿਹੇ ਵਾਅਦੇ ਕਿ ਅਸੀਂ ਤਾਂ ਜੀ ਪੰਜਾਬ ਨੂੰ ਫਿਰ ਮੁੜ ਕੇ ਸੋਨੇ ਦੀ ਚਿੜੀ ਬਣਾਉਣ ਜਾ ਰਹੇ ਹਾਂ। ਸਪੀਕਰ ਸਾਹਿਬ, ਕੀ ਇਨ੍ਹਾਂ ਨੂੰ ਉਦੋਂ ਪਤਾ ਹੀ ਨਹੀਂ ਸੀ ਕਿ ਸਾਡਾ ਤਾਂ ਖਜ਼ਾਨਾ ਖਾਲੀ ਹੈ? ਸਪੀਕਰ ਸਾਹਿਬ, ਜਦੋਂ ਗਵਰਨਰ ਸਾਹਿਬ ਵੀ ਭਾਸ਼ਣ ਦੇ ਕੇ ਗਏ ਤਾਂ ਉਨ੍ਹਾਂ ਤੋਂ ਵੀ ਸਾਰੀਆਂ ਪੁੱਠੀਆਂ-ਸਿੱਧੀਆਂ ਗੱਲਾਂ ਕਹਾ ਦਿੱਤੀਆਂ ਗਈਆਂ। ਕੀ ਉਦੋਂ ਵੀ ਨਹੀਂ ਪਤਾ ਸੀ ਕਿ ਪੰਜਾਬ ਦਾ ਖਜ਼ਾਨਾ ਖਾਲੀ ਹੈ? ਪਰਸੋਂ ਜਦੋਂ ਮੁੱਖ ਮੰਤਰੀ ਜੀ ਨੇ ਭਾਸ਼ਣ ਦਿੱਤਾ, ਕੀ ਉਦੋਂ ਵੀ ਨਹੀਂ ਪਤਾ ਸੀ ਕਿ ਪੰਜਾਬ ਦਾ ਤਾਂ ਖਜ਼ਾਨਾ ਖਾਲੀ ਹੈ?(ਆਪੋਜੀਸ਼ਨ ਬੈਂਚਿਜ ਵਲੋਂ ਥੰਪਿੰਗ) ਇਹ ਤਾਂ ਕੱਲ੍ਹ ਫਾਈਨਾਂਸ ਮਨਿਸਟਰ ਸਾਹਿਬ ਨੂੰ ਪਤਾ ਚੱਲਿਆ ਕਿ ਬਈ ਪੰਜਾਬ ਦਾ ਤਾਂ ਖਜ਼ਾਨਾ ਹੀ ਖਾਲੀ ਹੈ, ਅਸੀਂ ਕਰੀਏ ਕੀ? ਸਪੀਕਰ ਸਾਹਿਬ, ਇਹ ਕੱਲ੍ਹ ਹੀ ਪਤਾ ਚੱਲਿਆ ਹੈ।

ਪਹਿਲੀ ਗੱਲ ਮੁੱਖ ਮੰਤਰੀ ਸਾਹਿਬ ਨੇ ਖੁਦ ਕਿਹਾ ਸੀ ਕਿ ਅਸੀਂ ਕਿਸਾਨਾਂ ਦਾ ਪੂਰਾ ਕਰਜ਼ਾ ਮੁਆਫ਼ ਕਰਾਂਗੇ। ਮੁੱਖ ਮੰਤਰੀ ਸਾਹਿਬ ਨੇ ਖੁਦ ਕਿਹਾ ਸੀ ਕਿ 70-80 ਹਜ਼ਾਰ ਕਰੋੜ ਰੁਪਏ ਦਾ ਕਰਜ਼ ਪੂਰਾ ਮੁਆਫ਼ ਕਰਾਂਗੇ। ਉਸ ਤੋਂ ਬਾਅਦ ਵੀ ਮੁੱਖ ਮੰਤਰੀ ਸਾਹਿਬ ਨੇ ਆਪਣੇ ਬਿਆਨ ਵਿੱਚ, ਸਪੀਚ ਵਿਚ ਕਹਿ ਦਿੱਤਾ ਕਿ ਕਰਾਪ ਲੋਨ ਪੂਰਾ ਮੁਆਫ਼ ਕਰਾਂਗੇ, ਅਸੀਂ ਦੋ ਲੱਖ ਰੁਪਏ ਤੱਕ ਦਾ ਕਰਜ਼ਾ ਮੁਆਫ਼ ਕਰਾਂਗੇ। ਸਾਢੇ 10 ਲੱਖ ਕਿਸਾਨਾਂ ਨੂੰ ਦੋ ਲੱਖ ਰੁਪਏ ਤੱਕ ਦਾ ਫਾਇਦਾ ਦੇਵਾਂਗੇ। ਸਾਰੇ ਦੇਸ਼ ਵਿਚ ਹੀ ਨਹੀਂ, ਸਗੋਂ ਸਾਰੀ ਦੁਨੀਆ ਵਿੱਚੋਂ ਵਾਹ

ਵਾਹ ਮਿਲ ਗਈ, ਚਾਹੇ ਉਹ ਵਾਅਦੇ ਤੋਂ ਘੱਟ ਸੀ ਪਰ ਫਿਰ ਵੀ ਲੋਕਾਂ ਨੇ ਤਾਰੀਫ਼ ਕੀਤੀ। ਅਖ਼ਬਾਰਾਂ ਨੇ ਲਿਖ ਦਿੱਤਾ ਕਿ ਪੰਜਾਬ ਦੀ ਸਰਕਾਰ ਕਿਸਾਨਾਂ ਨੂੰ 21,000 ਕਰੋੜ ਰੁਪਿਆ ਦੇ ਰਹੀ ਹੈ। ਇਹ ਕਹਿੰਦੇ ਕਿ ਅਸੀਂ ਯੂ.ਪੀ. ਤੇ ਮਹਾਂਰਾਸ਼ਟਰਾ ਨਾਲੋਂ ਵੀ ਦੁੱਗਣਾ-ਤਿੱਗਣਾ ਪੈਸਾ ਕਿਸਾਨਾਂ ਨੂੰ ਦੇ ਰਹੇ ਹਾਂ ਪਰ ਸਪੀਕਰ ਸਾਹਿਬ, ਬੜੇ ਅਫ਼ਸੋਸ ਦੀ ਗੱਲ ਹੈ ਕਿ ਜਿਹੜਾ ਬਜਟ ਆਇਆ ਹੈ, ਉਸ ਵਿੱਚ ਸਿਰਫ਼ 1500 ਕਰੋੜ ਰੁਪਏ ਦੀ ਗੱਲ ਕੀਤੀ ਹੈ।(ਆਪੋਜ਼ੀਸ਼ਨ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਸਿਰਫ਼ 1500 ਕਰੋੜ ਰੁਪਏ ਦੀ। ਇੱਕ ਦਿਨ ਦੇ ਵਿਚ ਹੀ? ਮੁਆਫ਼ ਕਰਨਾ, ਮੈਂ ਮੁੱਖ ਮੰਤਰੀ ਅਤੇ ਫਾਈਨਾਂਸ ਮਨਿਸਟਰ ਜੀ ਦੀ ਬੜੀ ਇੱਜ਼ਤ ਕਰਦਾ ਹਾਂ ਪਰ ਮੈਨੂੰ ਲਗਦਾ ਹੈ ਕਿ ਇਹ ਬਿਆਨ ਦੇਣ ਤੋਂ ਪਹਿਲਾਂ ਇਨ੍ਹਾਂ ਦੀ ਆਪਸ ਵਿਚ ਸਲਾਹ ਨਹੀਂ ਹੋਈ ਸੀ। ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਜੋ ਕਿਹਾ, ਉਸ ਨੂੰ ਲੈ ਕੇ ਜੇਕਰ ਆਪਾਂ ਬਜਟ ਦੇਖੀਏ ਤਾਂ 1500 ਕਰੋੜ ਰੁਪਿਆ ਸਾਢੇ 10 ਲੱਖ ਕਿਸਾਨਾਂ ਨੂੰ ਦੇਣਾ, ਇਸ ਹਿਸਾਬ ਨਾਲ ਤਾਂ ਇਕ ਕਿਸਾਨ ਦਾ 14,285 ਕਰੋੜ ਰੁਪਿਆ ਬਣਦਾ ਹੈ, ਸੌਰੀ, ਸਿਰਫ਼ 14,285 ਰੁਪਿਆ ਹੀ ਬਣਦਾ ਹੈ।

**(ਰੂਲਿੰਗ ਬੈਂਚਿਜ ਵਲੋਂ ਅਵਾਜ਼ਾਂ:** ਧਿਆਨ ਨਾਲ ਬੋਲੋ ਜੀ।)

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਧਿਆਨ ਤਾਂ ਤੁਸੀਂ ਸਾਰੇ ਪੰਜਾਬ ਦਾ ਹੀ ਗੁਆ ਦਿੱਤਾ ਹੈ ਜੀ, ਕੀ ਕਰੀਏ?(ਆਪੋਜੀਸ਼ਨ ਬੈਂਚਿਜ ਵਲੋਂ ਥੰਪਿੰਗ) ਪੰਜਾਬ ਤਾਂ ਰੋਂਦਾ ਹੈ। ਧਿਆਨ ਕਿਥੋਂ ਰਹੇਗਾ? ਕਿਸਾਨ ਖੁਦਕੁਸ਼ੀਆਂ ਕਰ ਰਿਹਾ ਹੈ, ਰੋਜ਼ ਇਕ ਕਿਸਾਨ ਖੁਦਕੁਸ਼ੀ ਕਰਦਾ ਹੈ। ਹੁਣ ਤੱਕ ਲਗਭਗ 80 ਹੋ ਗਏ ਹਨ। ਸਪੀਕਰ ਸਾਹਿਬ, ਬੜੀ ਵੱਡੀ ਗੱਲ ਕੀਤੀ ਕਿ ਤੁਹਾਨੂੰ ਕਹਿ ਦਿੱਤਾ ਕਿ ਕਮੇਟੀ ਬਣਾ ਦਿਉ, ਖੁਦਕੁਸ਼ੀ ਕਰ ਚੁੱਕੇ ਕਿਸਾਨਾਂ ਦੇ ਘਰਾਂ ਵਿੱਚ ਜਾ ਕੇ ਅਫ਼ਸੋਸ ਕਰਨ ਲਈ....

**ਸੰਸਦੀ ਮਾਮਲੇ ਮੰਤਰੀ:** ਸਪੀਕਰ ਸਾਹਿਬ, ਜਿਸ ਦਿਨ ਚੀਫ਼ ਮਨਿਸਟਰ ਸਾਹਿਬ ਇਸ ਸਬੰਧੀ ਬੋਲ ਰਹੇ ਸੀ, ਉਸ ਦਿਨ ਫੂਲਕਾ ਸਾਹਿਬ ਹਾਊਸ ਵਿੱਚ ਹੀ ਸਨ ਅਤੇ ਜਿਹੜੇ ਪੁਆਇੰਟ ਤੇ ਇਹ ਗੱਲ ਕਰ ਰਹੇ ਹਨ, ਇਸੇ ਪੁਆਇੰਟ ਤੇ ਸਤਿਕਾਰਯੋਗ ਸਾਰੇ ਐਮ.ਐਲ.ਏ ਸਾਹਿਬਾਨ ਨੇ ਅਤੇ ਸ਼੍ਰੀ ਕੰਵਰ ਸੰਧੂ ਸਾਹਿਬ ਨੇ ਵੀ ਸਾਥ ਦਿੱਤਾ ਸੀ। ਮੈਂ ਇਨ੍ਹਾਂ ਨੂੰ ਇਹ ਗੱਲ ਦੱਸਣੀ ਚਾਹੁੰਦਾ ਹਾਂ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਦੇਖੋ ਜੀ, 21,000 ਕਰੋੜ ਰੁਪਏ ਦਾ ਵਾਅਦਾ ਕੀਤਾ ਸੀ ਤੇ ਜੇ 21,000 ਕਰੋੜ ਰੁਪਿਆ ਦੇ ਦਿੰਦੇ ਤਾਂ ਫਿਰ ਸੰਧੂ

[ਸਰਦਾਰ ਹਰਵਿੰਦਰ ਸਿੰਘ ਫੂਲਕਾ ]

ਸਾਹਿਬ ਤੁਹਾਡਾ ਸਵਾਗਤ ਕਰਦੇ ਪਰ ਤੁਸੀਂ ਤਾਂ 21,000 ਕਰੋੜ ਰੁਪਏ ਦਾ ਵਾਅਦਾ ਕਰਕੇ ਹੁਣ 1500 ਕਰੋੜ ਰੁਪਿਆ ਦੇਣ ਦੀ ਗੱਲ ਕਰ ਰਹੇ ਹੋ, ਫਿਰ ਤੁਹਾਡਾ ਸਵਾਗਤ ਕਿਸ ਵਾਸਤੇ ਕਰਦੇ? ਸਪੀਕਰ ਸਾਹਿਬ, ਇਹ ਜਿਹੜੀ ਗੱਲ ਹੋਈ ਸੀ ਕਿ ਉਨ੍ਹਾਂ ਕਿਸਾਨਾਂ ਦੇ ਪਰਿਵਾਰਾਂ ਕੋਲ ਜਾਣ ਲਈ ਕਮੇਟੀ ਬਣਾ ਦਿਉ, ਮੈਨੂੰ ਬਹੁਤ ਹੀ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਨ੍ਹਾਂ ਕਿਸਾਨਾਂ ਦੇ ਘਰਾਂ ਵਿੱਚ ਮੰਤਰੀ ਸਾਹਿਬਾਨ ਅਤੇ ਮੁੱਖ ਮੰਤਰੀ ਸਾਹਿਬ ਨੂੰ ਆਪ ਹੀ ਜਾਣਾ ਚਾਹੀਦਾ ਸੀ। ਅਸੀਂ ਵੀ ਗਏ ਹਾਂ। ਮੈਂ ਐਜ਼ ਏ ਲੀਡਰ ਆਫ ਦਿ ਆਪੋਜ਼ੀਸ਼ਨ ਅਤੇ ਸਾਡੇ ਐਮ.ਐਲ.ਏਜ਼ ਗਏ ਹਨ। ਅਸੀਂ ਉਨ੍ਹਾਂ ਨਾਲ ਦੁਖ ਸਾਂਝਾ ਕਰਕੇ ਆਏ ਹਾਂ। ਸਪੀਕਰ ਸਾਹਿਬ ਦੁਆਰਾ ਕਮੇਟੀ ਬਣਾਉਣ ਦੀ ਲੋੜ ਨਹੀਂ ਸੀ, ਇਨ੍ਹਾਂ ਨੂੰ ਖੁਦ ਜਾਣਾ ਚਾਹੀਦਾ ਸੀ। ਜਾ ਕੇ ਉਨ੍ਹਾਂ ਦਾ ਹਾਲ ਤਾਂ ਪੁੱਛ ਕੇ ਆਓ, ਉਨ੍ਹਾਂ ਨਾਲ ਦੁਖ ਤਾਂ ਸਾਂਝੇ ਕਰਕੇ ਆਓ। ਸਪੀਕਰ ਸਾਹਿਬ, ਜੋ ਆਪਾਂ ਬਜਟ ਵਿੱਚ ਕਿਸਾਨਾਂ ਨੂੰ ਦਿੱਤਾ ਹੈ, ਜਿਵੇਂ ਮੈਂ ਪਰਸੋਂ ਇਥੇ ਟੇਬਲ ਤੇ ਇਕ ਕਿਸਾਨ ਦੀ ਚਿੱਠੀ ਰੱਖੀ ਸੀ ਜਿਸ ਵਿੱਚ ਉਸ ਨੇ ਲਿਖਿਆ ਸੀ ਕਿ ਮੇਰੀ ਡੇਢ ਕਿੱਲਾ ਜ਼ਮੀਨ ਹੈ ਅਤੇ ਉਸ ਜ਼ਮੀਨ ਦੀ ਕੁਰਕੀ ਹੋਈ ਪਈ ਹੈ, ਇਸ ਪੈਸੇ ਨਾਲ ਤਾਂ ਆਪਾਂ ਉਸ ਵਿਚਾਰੇ ਕਿਸਾਨ ਨੂੰ ਵੀ ਨਹੀਂ ਬਚਾ ਸਕਦੇ।

ਇਹ ਜਿਹੜਾ ਬੈਨੀਫਿਟ ਦਿੱਤਾ ਹੈ, ਇਸ ਤੋਂ ਵੀ ਵੱਡਾ ਮਜ਼ਾਕ ਇਕ ਐਸੇ ਵਰਗ ਨਾਲ ਕੀਤਾ ਗਿਆ ਹੈ, ਮੈਂ ਮੁਆਫ਼ੀ ਚਾਹੁੰਦਾ ਹਾਂ, ਜਿਸ ਵਰਗ ਨੂੰ ਇੰਨਾ ਜ਼ਿਆਦਾ ਵਰਤਿਆ ਗਿਆ ਹੈ ਅਤੇ ਉਹ ਹੈ ਦਲਿਤ ਵਰਗ। ਦਲਿਤ ਵਰਗ ਅਤੇ ਖੇਤ ਮਜ਼ਦੂਰਾਂ ਵਾਸਤੇ ਪਰਸੋਂ ਹੀ ਅਨਾਊਂਸ ਕੀਤਾ ਹੈ ਕਿ 50-50 ਹਜ਼ਾਰ ਰੁਪਿਆ ਉਨ੍ਹਾਂ ਦਾ ਕਰਜ਼ਾ ਮੁਆਫ਼ ਕਰ ਦਿੱਤਾ ਜਾਵੇਗਾ। ਹੁਣ ਮੈਂ ਕੀ ਕਹਾਂ? ਕੱਲ੍ਹ ਦੇ ਬਜਟ ਵਿਚ ਸਿਰਫ਼ 17.67 ਕਰੋੜ ਰੁਪਿਆ ਹੀ ਦਿਖਿਆ। ਸਿਰਫ਼ ਸਾਢੇ 17 ਕਰੋੜ ਰੁਪਿਆ ਜਦਕਿ ਪੰਜਾਬ ਵਿਚ 34 ਫੀਸਦੀ ਦਲਿਤ ਹਨ। ਪੰਜਾਬ ਵਿਚ ਕੁੱਲ 95 ਲੱਖ ਦਲਿਤ ਹਨ ਅਤੇ ਤਕਰੀਬਨ 19-20 ਲੱਖ ਦਲਿਤਾਂ ਦੇ ਪਰਿਵਾਰ ਬਣਦੇ ਹਨ। ਬਜਟ ਵਿਚ 17 ਕਰੋੜ ਦਿੱਤਾ ਗਿਆ ਹੈ, ਜੇਕਰ ਅਸੀਂ 50-50 ਹਜ਼ਾਰ ਰੁਪਿਆ ਦਿੱਤਾ ਤਾਂ ਇਹ ਕੇਵਲ 3532 ਪਰਿਵਾਰਾਂ ਨੂੰ ਹੀ ਦਿੱਤਾ ਜਾ ਸਕਦਾ ਹੈ ਤੇ ਜੇਕਰ ਸਾਰੇ 19 ਲੱਖ ਪਰਿਵਾਰਾਂ ਵਿੱਚ ਇਸ ਪੈਸੇ ਨੂੰ ਡਿਵਾਈਡ ਕੀਤਾ ਜਾਵੇ ਤਾਂ ਇਕ ਪਰਿਵਾਰ ਦੇ ਹਿੱਸੇ 92/- ਰੁਪਏ ਆਉਂਦੇ ਹਨ। ਮੇਰਾ ਖਿਆਲ ਹੈ ਕਿ ਇਸ ਤੋਂ ਵੱਡਾ ਮਜ਼ਾਕ ਦਲਿਤਾਂ ਨਾਲ ਕਿਸੇ ਨੇ ਨਹੀਂ ਕੀਤਾ ਹੋਵੇਗਾ?

ਸਪੀਕਰ ਸਾਹਿਬ, ਸਰਕਾਰ ਨੇ ਘਰ ਘਰ ਸਰਕਾਰੀ ਨੌਕਰੀ ਦੇਣ ਦਾ

ਵਾਅਦਾ ਕੀਤਾ ਸੀ ਪਰ ਇਸ ਵਾਸਤੇ ਬਜਟ ਵਿਚ ਕੋਈ ਪ੍ਰੋਵੀਜ਼ਨ ਨਹੀਂ ਹੈ। ਪੰਜਾਬ ਵਿਚ ਕੁੱਲ 52 ਲੱਖ ਪਰਿਵਾਰ ਹਨ। ਸਰਕਾਰੀ ਨੌਕਰੀ ਮਿਲੇਗੀ ਤਾਂ ਉਸ ਦੀ ਤਨਖਾਹ ਵੀ ਦੇਣੀ ਪਵੇਗੀ, ਜੇਕਰ ਤਨਖਾਹ ਦੇਣੀ ਪਵੇਗੀ ਤਾਂ ਬਜਟ ਵਿਚ ਸੈਲਰੀ ਦਾ ਪ੍ਰੋਵੀਜ਼ਨ ਜ਼ਿਆਦਾ ਕਰਨਾ ਪਵੇਗਾ ਜਿਹੜਾ ਕਿ ਨਹੀਂ ਕੀਤਾ ਗਿਆ। ਇਸ ਦਾ ਮਤਲਬ ਕੀ ਹੋਇਆ? ਮੈਨੂੰ ਪਤਾ ਲੱਗਿਆ ਹੈ ਕਿ ਪੰਜਾਬ ਸਰਕਾਰ ਦੀਆਂ ਤਕਰੀਬਨ ਪੌਣੇ ਦੋ ਲੱਖ ਅਸਾਮੀਆਂ ਖਾਲੀ ਪਈਆਂ ਹਨ। ਹੁਣ ਇਹ ਸਾਰੀਆਂ ਅਸਾਮੀਆਂ ਖਾਲੀ ਹੀ ਰਹਿਣਗੀਆਂ। ਮਾਸਟਰਾਂ ਦੀਆਂ ਅਸਾਮੀਆਂ ਵੀ ਖਾਲੀ ਰਹਿਣਗੀਆਂ। ਅਸੀਂ ਐਗਰੀਕਲਚਰ ਦੀ ਗੱਲ ਕਰਦੇ ਹਾਂ। ਐਗਰੀਕਲਚਰ ਡਿਵੈਲਪਮੈਂਟ ਅਫ਼ਸਰ ਦੀਆਂ ਅਸਾਮੀਆਂ, ਜਿਨ੍ਹਾਂ ਨੇ ਕਿਸਾਨਾਂ ਤੋਂ ਡਾਈਵਰਸੀਫਿਕੇਸ਼ਨ ਕਰਵਾਉਣੀ ਹੈ, ਖਾਲੀ ਰਹਿਣਗੀਆਂ। ਕਾਲਜ ਲੈਕਚਰਾਰਾਂ ਅਤੇ ਡਾਕਟਰਾਂ ਦੀਆਂ ਅਸਾਮੀਆਂ ਵੀ ਖਾਲੀ ਰਹਿਣਗੀਆਂ।

ਸਪੀਕਰ ਸਾਹਿਬ, ਚੋਣ ਮੈਨੀਫੈਸਟੋ ਵਿਚ ਵਾਅਦਾ ਕੀਤਾ ਸੀ ਕਿ ਠੇਕੇਦਾਰੀ ਸਿਸਟਮ ਵਾਲੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇਗਾ। ਜੇਕਰ ਪੱਕੇ ਕਰਨਗੇ ਤਾਂ ਉਨ੍ਹਾਂ ਨੂੰ ਵੀ ਤਨਖਾਹ ਦੇਣੀ ਪਵੇਗੀ ਪਰ ਬਜਟ ਵਿਚ ਉਨ੍ਹਾਂ ਮੁਲਾਜ਼ਮਾਂ ਨੂੰ ਪੱਕਾ ਕਰਨ ਬਾਰੇ ਕੁਝ ਨਹੀਂ ਕਿਹਾ ਗਿਆ ਕਿਉਂਕਿ ਇਨ੍ਹਾਂ ਤੋਂ ਤਾਂ ਪਿਛਲੀ ਤਨਖਾਹ ਹੀ ਨਹੀਂ ਦਿੱਤੀ ਗਈ, ਜੇਕਰ ਪੱਕੇ ਕਰ ਦਿੱਤਾ ਤਾਂ ਤਨਖਾਹ ਕਿਥੋਂ ਦੇਣਗੇ? ਸਪੀਕਰ ਸਾਹਿਬ, ਇਕ ਹੋਰ ਵੱਡਾ ਮਜ਼ਾਕ ਕੀਤਾ ਹੈ। ਮੰਤਰੀ ਜੀ ਨੇ ਬਜਟ ਦੇ ਪੈਰ੍ਹਾ ਨੰ: 75 ਵਿਚ ਕਿਹਾ ਹੈ ਕਿ ਰੁਜ਼ਗਾਰ ਦੇਵਾਂਗੇ। ਮੰਤਰੀ ਜੀ ਰੁਜ਼ਗਾਰ ਦੀ ਬਹੁਤ ਵਧੀਆ ਸਕੀਮ ਕੱਢ ਕੇ ਲਿਆਏ ਹਨ। ਇਕ ਪਾਸੇ ਤਾਂ ਤੁਸੀਂ ਮੋਟਰ ਸਾਈਕਲ ਤੇ ਟੈਕਸੀ ਚਲਾ ਰਹੇ ਹੋ। ਮੋਟਰ ਸਾਈਕਲ ਤੇ ਸਵਾਰੀਆਂ ਢੋਅ ਰਹੇ ਹੋ। My God, ਕਿਹੜੇ ਜ਼ਮਾਨੇ ਵਿਚ ਅਸੀਂ ਫਿਰਦੇ ਹਾਂ। ਇਸ ਤੋਂ ਵੀ ਵੱਡਾ ਮਜ਼ਾਕ, ਇਨ੍ਹਾਂ ਨੇ ਕਿਹਾ ਹੈ ਕਿ ਇਕ ਲੱਖ ਰੁਜ਼ਗਾਰ ਦੇਣ ਲਈ ਅਸੀਂ ਓਬਰ ਅਤੇ ਓਲਾ ਟੈਕਸੀ ਕੰਪਨੀਆਂ ਨਾਲ ਐਗਰੀਮੈਂਟ ਕਰ ਲਏ। (ਉਬਰ ਉਬਰ ਦੀਆਂ ਅਵਾਜ਼ਾਂ) Thank you for correcting me. ਮੈਂ ਤਾਂ ਤੁਹਾਨੂੰ ਕੱਲ੍ਹ ਵੀ ਕਿਹਾ ਸੀ ਕਿ ਮੈਂ ਤਾਂ ਪਿੰਡ ਦੇ ਸਰਕਾਰੀ ਸਕੂਲ ਦਾ ਪੜ੍ਹਿਆ ਹੋਇਆ ਹਾਂ। ਅਸੀਂ ਤੁਹਾਡੇ ਵਾਂਗ ਦੂਨ ਸਕੂਲ ਦੇ ਪੜ੍ਹੇ ਹੋਏ ਨਹੀਂ ਹਾਂ। ਐਨੀ ਕੁ ਗਲਤੀ ਹੋ ਜਾਂਦੀ ਹੈ, ਮੇਰੀ mother tongue ਪੰਜਾਬੀ ਹੈ। ਲੁਧਿਆਣਾ ਵਿੱਚ ਉਬਰ ਦੀ 2,000 ਟੈਕਸੀ ਅਤੇ ਚੰਡੀਗੜ੍ਹ ਵਿਚ 4,000 ਟੈਕਸੀ ਚਲਦੀ ਹੈ। ਕੁੱਲ ਮਿਲਾ ਕੇ ਉਨ੍ਹਾਂ ਦੀਆਂ ਸਿਰਫ਼ 6,000 ਟੈਕਸੀਆਂ ਹਨ। ਓਲਾ ਦੀਆਂ ਲੁਧਿਆਣਾ ਵਿੱਚ 500, ਅੰਮ੍ਰਿਤਸਰ ਵਿੱਚ 500 ਅਤੇ ਚੰਡੀਗੜ੍ਹ ਵਿਚ ਵੀ

[ ਸਰਦਾਰ ਹਰਵਿੰਦਰ ਸਿੰਘ ਫੂਲਕਾ ]

500 ਟੈਕਸੀਆਂ ਚਲਦੀਆਂ ਹਨ। ਇਹ ਕੁੱਲ 1500 ਟੈਕਸੀਆਂ ਹਨ। ਦੋਹਾਂ ਦੀਆਂ ਮਿਲਾ ਕੇ 7,500 ਟੈਕਸੀਆਂ ਬਣਦੀਆਂ ਹਨ। ਹੁਣ ਜੇਕਰ ਆਪਾਂ ਕਹੀਏ ਕਿ 7,500 ਟੈਕਸੀਆਂ ਨੂੰ ਵਧਾ ਕੇ ਅਸੀਂ ਇਕ ਲੱਖ ਕਰ ਦਿਆਂਗੇ ਤਾਂ ਸਪੀਕਰ ਸਾਹਿਬ, ਡਿਮਾਂਡ ਕਿਥੋਂ ਆਵੇਗੀ? ਸਰਕਾਰ ਦੀ ਇਸ ਸਕੀਮ ਦਾ ਮਤਲਬ ਇਹ ਕਿ ਜਿਹੜੇ ਵਿਚਾਰੇ ਪੰਜਾਬ ਦੇ ਨੌਜੁਆਨ, ਪੰਜਾਬ ਦੇ ਪਿੰਡਾਂ ਵਾਲੇ ਡਰਾਈਵਰ ਟੈਕਸੀਆਂ ਚਲਾ ਚਲਾ ਕੇ ਆਪਣੇ ਟੱਬਰ ਦਾ ਢਿੱਡ ਪਾਲ ਰਹੇ ਹਨ, ਉਹ ਖੁਦਮੁਖ਼ਤਿਆਰ ਹਨ ਕਿਉਂਕਿ ਆਪਣੀ ਟੈਕਸੀ ਚਲਾਉਂਦੇ ਹਨ, ਉਨ੍ਹਾਂ ਦੀ ਖੁਦਮੁਖ਼ਤਿਆਰੀ ਖ਼ਤਮ ਕਰਕੇ ਇਹ ਪ੍ਰਾਈਵੇਟ ਕੰਪਨੀਆਂ ਦੇ ਗੁਲਾਮ ਬਣਾਉਣਾ ਚਾਹੁੰਦੇ ਹਨ ਕਿਉਂਕਿ ਇਨ੍ਹਾਂ ਪ੍ਰਾਈਵੇਟ ਕੰਪਨੀਆਂ ਨੂੰ ਸਰਕਾਰ ਨੇ ਪ੍ਰਮੋਟ ਕਰਨਾ ਹੈ ਅਤੇ ਸਾਡੇ ਨੌਜੁਆਨ ਇਨ੍ਹਾਂ ਪ੍ਰਾਈਵੇਟ ਕੰਪਨੀਆਂ ਦੇ ਮੁਹਤਾਜ ਹੋ ਜਾਣਗੇ। ਸਪੀਕਰ ਸਾਹਿਬ, ਇਹ ਅਸੀਂ ਰੁਜ਼ਗਾਰ ਪੈਦਾ ਕਰ ਰਹੇ ਹਾਂ ਜਾਂ ਉਨ੍ਹਾਂ ਦੇ ਮੂੰਹਾਂ ਵਿਚੋਂ ਰੁਜ਼ਗਾਰ ਖੋਹ ਕੇ ਪ੍ਰਾਈਵੇਟ ਕੰਪਨੀਆਂ ਨੂੰ ਦੇ ਰਹੇ ਹਾਂ?(ਆਪੋਜ਼ੀਸ਼ਨ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਮੇਰਾ ਖਿਆਲ ਹੈ ਕਿ ਇਹ ਬਿਨਾਂ ਸੋਚ-ਸਮਝ ਤੋਂ ਬਣਾਈ ਗਈ ਸਕੀਮ ਹੈ। ਜੇ ਇਹ ਕਹਿਣਗੇ ਕਿ ਅਸੀਂ ਕੰਪਨੀਆਂ ਨੂੰ ਕਿਹਾ ਹੈ ਕਿ ਉਨ੍ਹਾਂ ਟੈਕਸੀਆਂ ਨੂੰ ਪੰਜਾਬ ਤੋਂ ਬਾਹਰ ਲੈ ਜਾਓ ਤਾਂ ਮੇਰਾ ਖਿਆਲ ਹੈ ਕਿ ਮੰਤਰੀ ਜੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੇਕਰ ਪੰਜਾਬ ਤੋਂ ਬਾਹਰ ਜਾ ਕੇ ਕਿਸੇ ਨੇ ਓਲਾ ਟੈਕਸੀ ਚਲਾਉਣੀ ਹੈ ਤਾਂ ਉਸ ਵਾਸਤੇ ਜੋ ਬੈਜ ਮਿਲਦਾ ਹੈ, ਉਹ ਕਿੰਨਾ ਮੁਸ਼ਕਿਲ ਹੈ। ਮੰਤਰੀ ਜੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਥੋਂ ਦੇ ਮੁੰਡੇ ਬਾਹਰਲੀਆਂ ਸਟੇਟਾਂ ਵਿੱਚ ਜਾ ਕੇ ਟੈਂਪਰੇਰੀ ਟੈਕਸੀ ਨਹੀਂ ਚਲਾ ਸਕਦੇ । ਉਹ ਚਲਾਉਣਗੇ ਕਿੱਥੇ ਤੇ ਜਾਣਗੇ ਕਿੱਥੇ? ਮੁਆਫ ਕਰਨਾ, ਇਹ ਵੀ ਜੋ ਵਾਅਦਾ ਸੀ, ਉਹ ਵੀ ਪੂਰਾ ਨਹੀਂ ਹੋਇਆ।

ਸਪੀਕਰ ਸਾਹਿਬ, ਪੁਆਇੰਟ ਤਾਂ ਬੜੇ ਹਨ, ਪਰ ਅੱਜ ਹਾਊਸ ਦਾ ਬਹੁਤ ਸਮਾਂ ਖਰਾਬ ਹੋ ਗਿਆ। ਓਲਡ ਏਜ਼ ਪੈਨਸ਼ਨ ਬਾਰੇ ਹੀ ਲੈ ਲਓ। ਇੱਕ ਬਹੁਤ ਵੱਡਾ ਮਜ਼ਾਕ, 2000/- ਰੁਪਏ ਦੇਣ ਦਾ ਵਾਅਦਾ ਸੀ ਤੇ ਉਹ ਸਿਰਫ਼ 750/- ਰੁਪਏ ਦਿੱਤੀ ਹੈ। ਮੈਂ ਇੱਕ ਗੱਲ ਜ਼ਰੂਰ ਕਹਾਂਗਾ ਕਿ ਪਹਿਲਾਂ ਤੁਹਾਨੂੰ ਨਹੀਂ ਪਤਾ ਸੀ ਕਿ ਖਜ਼ਾਨਾ ਖਾਲੀ ਹੈ ਪਰ ਹੁਣ ਤਾਂ ਪਤਾ ਚੱਲ ਗਿਆ ਹੈ ਕਿ ਖਜ਼ਾਨਾ ਖਾਲੀ ਹੈ। ਮੈਂ ਇੱਕ ਗੱਲ ਕਹਾਂਗਾ ਕਿ ਰੈਵੈਨਿਊ ਵਧਾਉਣ ਦੀਆਂ ਜਿਹੜੀਆਂ ਕੋਸ਼ਿਸ਼ਾਂ ਤੁਸੀਂ ਕਰ ਸਕਦੇ ਸੀ, ਉਹ ਨਹੀਂ ਕੀਤੀਆਂ ਗਈਆਂ। ਇੱਕ ਸਲਾਹ ਅਸੀਂ ਇੱਥੇ ਹਾਊਸ ਦੇ ਵਿੱਚ ਦਿੱਤੀ ਸੀ ਕਿ ਲਾਲ ਡੋਰਾ, ਜਿਸ ਨੂੰ ਲਾਲ ਲਕੀਰ ਵੀ ਕਹਿੰਦੇ ਹਾਂ...

**ਮਾਨਯੋਗ ਸਪੀਕਰ:** ਫੂਲਕਾ ਸਾਹਿਬ, ਤੁਹਾਡੇ ਦੋ ਮਿੰਟ ਰਹਿ ਗਏ ਹਨ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਹਾਂ ਜੀ, ਮੈਂ ਦੋ ਮਿੰਟ ਵਿੱਚ ਖ਼ਤਮ ਕਰ ਰਿਹਾ ਹਾਂ ਜੀ। ਲਾਲ ਲਕੀਰ ਵਿੱਚ ਰਜਿਸਟਰੀਆਂ ਸ਼ੁਰੂ ਕਰ ਦਿਓ। ਤਕਰੀਬਨ 2000 ਕਰੋੜ ਰੁਪਿਆ ਰੈਵੈਨਿਊ ਵੀ ਆ ਜਾਏਗਾ ਤੇ ਵਿਚਾਰੇ ਲੋਕਾਂ ਦਾ ਫਾਇਦਾ ਵੀ ਹੋ ਜਾਏਗਾ। ਅਗਲੀ ਗੱਲ, ਸੰਧੂ ਸਾਹਿਬ ਤੁਹਾਨੂੰ ਦੱਸਣਗੇ ਕਿ ਇਹ ਜਿਹੜਾ ਲਿਕੁਅਰ ਮਾਫੀਆ, ਸੈਂਡ ਮਾਫੀਆ, ਟਰਾਂਸਪੋਰਟ ਮਾਫੀਆ ਹੈ, ਇਨ੍ਹਾਂ ਨੇ ਜਿੰਨਾ ਸਰਕਾਰ ਦਾ ਰੈਵੈਨਿਊ ਖਾਧਾ ਹੈ ਜੇਕਰ ਮੰਤਰੀ ਜੀ ਸਿਰਫ਼ ਉਹ ਹੀ ਰਿਕਵਰ ਕਰ ਲੈਂਦੇ ਤਾਂ ਉਸ ਦੇ ਨਾਲ ਹੀ ਬੜਾ ਕੁਝ ਆ ਜਾਣਾ ਸੀ। ਦੂਜੀ ਗੱਲ, ਸਰਕਾਰ ਰੇਤਾ ਵੇਚਣ ਲਈ ਸੈਂਡ ਕਾਰਪੋਰੇਸ਼ਨ ਅਤੇ ਲਿਕੁਅਰ ਵੇਚਣ ਵਾਸਤੇ ਵੀ ਕਾਰਪੋਰੇਸ਼ਨ ਬਣਾ ਕੇ ਫੇਰ ਇਨ੍ਹਾਂ ਨੂੰ ਵੇਚੇ, ਜਿਵੇਂ ਕਈ ਹੋਰ ਸੂਬਿਆਂ ਨੇ ਕੀਤਾ ਹੈ। ਇਸ ਨਾਲ ਉਨ੍ਹਾਂ ਸਰਕਾਰਾਂ ਨੂੰ ਹਜ਼ਾਰਾਂ ਕਰੋੜ ਰੁਪਿਆ ਰੈਵੈਨਿਊ ਆਇਆ, ਜਿਹੜਾ ਕਿ ਗੁੰਡਾ ਪਰਚੀ ਦੇ ਦੇ ਕੇ ਲੀਡਰਾਂ ਦੀਆਂ ਜੇਬਾਂ ਵਿੱਚ ਚਲਾ ਜਾਂਦਾ ਹੈ। ਮੁਆਫ ਕਰਨਾ ਪਹਿਲਾਂ ਉੱਧਰ ਜਾਂਦਾ ਸੀ ਤੇ ਹੁਣ ਇੱਧਰ ਆਉਂਦਾ ਹੈ। ਇਹ ਰੈਵੈਨਿਊ ਸਰਕਾਰ ਦੀਆਂ ਜੇਬਾਂ ਵਿੱਚ ਆ ਸਕਦਾ ਸੀ। ਜੇ ਮੰਤਰੀ ਜੀ ਤੁਸੀਂ ਇਹ ਪਲਾਨ ਕਰਕੇ ਕਾਰਪੋਰੇਸ਼ਨ ਬਣਾ ਕੇ ਇਹ ਬਿਜ਼ਨਸ ਸਰਕਾਰ ਦੇ ਹਵਾਲੇ ਕਰਦੇ ਤਾਂ ਇਸ ਨਾਲ ਜਿਥੇ ਰੇਤਾ-ਬਜਰੀ ਦੀਆਂ ਕੀਮਤਾਂ ਘਟਣਗੀਆਂ, ਨਾਲ ਹੀ ਸਰਕਾਰ ਨੂੰ ਰੈਵੈਨਿਊ ਆਵੇਗਾ। ਸੰਧੂ ਸਾਹਿਬ ਇਸ ਸਬੰਧੀ ਡਿਟੇਲ ਵਿੱਚ ਗੱਲ ਕਰਨਗੇ। ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਪਰ ਮੈਂ ਇਸ ਬਜਟ ਨੂੰ ਪੂਰੀ ਤਰ੍ਹਾਂ ਨਕਾਰਦਾ ਹਾਂ ਅਤੇ ਮੰਤਰੀ ਜੀ ਨੂੰ ਕਹਿੰਦਾ ਹਾਂ ਕਿ ਇਸ ਵਿੱਚ ਅਮੈਂਡਮੈਂਟ ਕਰੋ ਜੀ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ (ਲਹਿਰਾ):** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਬੜੀ ਉਤਸੁਕਤਾ ਦੇ ਨਾਲ ਪੰਜਾਬ ਦੇ ਲੋਕ ਇਸ ਬਜਟ ਵੱਲ ਤੱਕ ਰਹੇ ਸਨ ਪਰ ਮੈਨੂੰ ਬੜੇ ਦੁੱਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਬਹੁਤ ਹੀ ਕਾਬਲ ਵਿੱਤ ਮੰਤਰੀ ਤੋਂ ਇਹੋ ਜਿਹੇ ਬਜਟ ਦੀ ਉਮੀਦ ਨਹੀਂ ਸੀ। ਮੈਂ ਕੱਲ੍ਹ ਦਾ ਬਜਟ ਦੇ ਵਰਕੇ ਫਰੋਲ ਰਿਹਾ ਹਾਂ ਪਰ ਮੈਨੂੰ ਇਸ ਦੇ ਵਿੱਚ ਕੋਈ ਸੱਚਾਈ ਨਹੀਂ ਲੱਭੀ। ਕੀ ਵਾਕਈ ਜਿਹੜੀਆਂ ਗੱਲਾਂ ਇਨ੍ਹਾਂ ਨੇ ਕੀਤੀਆਂ ਹਨ, ਉਹ ਪੂਰੀਆਂ ਕਰਨਗੇ ਅਤੇ ਕਿਵੇਂ ਕਰਨਗੇ? ਇਹ ਸਿਰਫ਼ ਇੱਕ ਲੀਪਾ-ਪੋਚੀ ਕੀਤੀ ਗਈ ਹੈ। ਲਿਫ਼ਾਫ਼ੇਬਾਜ਼ੀ ਤੋਂ ਵੱਧ ਇਸ ਬਜਟ ਵਿੱਚ ਕੁਝ ਨਹੀਂ ਹੈ।

[ਸਰਦਾਰ ਪਰਮਿੰਦਰ ਸਿੰਘ ਢੀਂਡਸਾ]

ਸਪੀਕਰ ਸਾਹਿਬ, ਮੈਂ ਬਜਟ ਬਾਰੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦੇ ਵਿਚਾਰ ਬੜੇ ਲੰਮੇ ਸਮੇਂ ਤੋਂ ਸੁਣ ਰਿਹਾ ਹਾਂ। ਮੈਨੂੰ ਇਹ ਮਹਿਸੂਸ ਹੋ ਰਿਹਾ ਹੈ ਕਿ ਇਹ ਬਜਟ ਇਨ੍ਹਾਂ ਦਾ ਵੀ ਬਜਟ ਨਹੀਂ ਹੈ ਕਿਉਂਕਿ ਇਨ੍ਹਾਂ ਨੇ ਜਦ ਵੀ ਬਜਟ ਪੇਸ਼ ਕੀਤਾ ਹੈ ਤਾਂ ਫਿਸਕਲ ਪਰੂਡੈਂਸ, ਫਾਈਨਾਂਸ਼ੀਅਲ ਡਸਿਪਲਿਨ ਅਤੇ ਫਿਸਕਲ ਰਿਸਪਾਂਸੀਬਿਲਟੀ ਦੀ ਗੱਲ ਕੀਤੀ ਹੈ ਪਰ ਇਸ ਬਜਟ ਵਿੱਚ ਇਸ ਤਰ੍ਹਾਂ ਦੀ ਇੱਕ ਵੀ ਚੀਜ਼ ਦਿਖਾਈ ਨਹੀਂ ਦਿੱਤੀ। ਤੁਸੀਂ ਅੱਜ ਦੇ ਅਖ਼ਬਾਰ ਪੜ੍ਹੇ ਹੋਣੇ ਹਨ, ਇਹ ਸਾਰੀਆਂ ਚੀਜ਼ਾਂ ਛਿੱਕੇ ਟੰਗ ਕੇ ਸਿਰਫ਼ ਇਕੋ ਗੱਲ ਤੇ ਜ਼ੋਰ ਰੱਖਿਆ ਕਿ ਪਿਛਲੀ ਸਰਕਾਰ ਨੇ ਆਹ ਕਰ ਦਿੱਤਾ, ਪਿਛਲੀ ਸਰਕਾਰ ਨੇ ਉਹ ਕਰ ਦਿੱਤਾ। ਇੱਕ ਤਰਫ਼ਾ ਗੱਲ ਕੀਤੀ ਗਈ ਹੈ ਕਿ ਪੰਜਾਬ ਸਿਰ ਇੰਨਾ ਕਰਜ਼ਾ ਹੋ ਗਿਆ, ਇੰਨਾ ਫਿਸਕਲ ਡੈਫਿਸਿਟ ਹੋ ਗਿਆ ਪਰ ਸੱਚਾਈ ਇਸ ਤੋਂ ਕਾਫੀ ਡਿਫਰੈਂਟ ਹੈ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਭ ਤੋਂ ਜ਼ਿਆਦਾ ਗੱਲ ਕੀਤੀ ਗਈ ਹੈ ਕਿ ਸਾਡੀ ਸਰਕਾਰ ਵੇਲੇ ਕਰਜ਼ਾ 51 ਹਜ਼ਾਰ ਕਰੋੜ ਤੋਂ ਵੱਧ ਕੇ 1 ਲੱਖ 83 ਹਜ਼ਾਰ ਕਰੋੜ ਰੁਪਏ ਹੋ ਗਿਆ ਹੈ। ਪਿਛਲੇ ਸਾਲ 1 ਲੱਖ 38 ਹਜ਼ਾਰ ਕਰੋੜ ਦਾ ਕਰਜ਼ਾ ਸੀ ਅਤੇ ਐਤਕੀਂ 1 ਲੱਖ 83 ਹਜ਼ਾਰ ਕਰੋੜ ਹੋ ਗਿਆ ਹੈ। ਸਪੀਕਰ ਸਾਹਿਬ, ਪਿਛਲੇ ਸਾਲ ਅਸੀਂ ਕੋਈ ਨਵਾਂ ਕਰਜ਼ਾ ਨਹੀਂ ਲਿਆ। ਜੇ ਤੁਸੀਂ ਕਹੋ ਕਿ 45,000 ਕਰੋੜ ਦਾ ਕਰਜ਼ਾ ਲੈ ਕੇ ਸਾਡੀ ਸਰਕਾਰ ਨੇ ਉਡਾ ਦਿੱਤਾ, ਨਹੀਂ। ਇਹ ਅਸੀਂ debt swap ਕੀਤੀ ਹੈ। ਪੰਜਾਬ ਸਰਕਾਰ ਦੇ ਸਿਰ ਤੇ ਮਹਿੰਗੇ ਦਰ ਦਾ ਕਰਜ਼ਾ ਸੀ, ਉਹ ਅਸੀਂ ਸਸਤੇ ਦਰ ਤੇ ਕੀਤਾ ਹੈ।

ਬਿਜਲੀ ਬੋਰਡ ਵਾਸਤੇ ਵੀ ਗੌਰਮਿੰਟ ਆਫ ਇੰਡੀਆ ਨੇ ਸਕੀਮ ਕੱਢੀ। ਬਿਜਲੀ ਬੋਰਡ long term debt ਤੇ ਤਕਰੀਬਨ 11% ਤੋਂ 12% ਵਿਆਜ ਦਿੰਦਾ ਸੀ, ਅਸੀਂ ਉਸ ਸਕੀਮ ਦੇ ਅਧੀਨ ਬਾਂਡਜ਼ ਰੇਜ਼ ਕਰਕੇ ਬਿਜਲੀ ਬੋਰਡ ਨੂੰ ਦਿੱਤੇ। ਅੱਜ ਉਹ ਵਿਆਜ ਤਕਰੀਬਨ 8 ਫੀਸਦੀ ਤੇ ਆ ਗਿਆ ਹੈ। ਜਿਸ ਨਾਲ ਬਿਜਲੀ ਬੋਰਡ ਨੂੰ 500 ਕਰੋੜ ਰੁਪਏ ਸਾਲ ਦਾ ਫਾਇਦਾ ਹੋਇਆ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ ਪਹਿਲਾਂ ਉਹ ਬਿਜਲੀ ਬੋਰਡ ਦੇ ਖਾਤੇ ਵਿੱਚ ਬੋਲਦਾ ਸੀ ਹੁਣ ਉਹ ਪੰਜਾਬ ਸਰਕਾਰ ਦੇ ਖਾਤੇ ਵਿੱਚ ਬੋਲਦਾ ਹੈ। ਵਿਆਜ ਵੀ ਬਿਜਲੀ ਬੋਰਡ ਨੇ ਹੀ ਦੇਣਾ ਹੈ ਕਿਉਂਕਿ ਬੈਂਕ ਐਗਰੀਮੈਂਟ ਹੈ, ਨਹੀਂ ਤਾਂ ਤੁਸੀਂ ਇਹ ਸਬਸਿਡੀ ਵਿੱਚੋਂ ਕੱਢ ਸਕਦੇ ਹੋ। ਇਸੇ ਤਰ੍ਹਾਂ ਸੀ.ਸੀ.ਐਲ. ਲਿਮਟ ਜੋ ਕਿ ਲਿਗੈਸੀ ਗਰਾਊਂਡ ਤੇ ਪਿਛਲੇ 15-20 ਸਾਲਾਂ ਤੋਂ ਚੱਲ ਰਿਹਾ ਹੈ। ਉਸ ਵਾਸਤੇ ਬੈਂਕਾਂ ਨੇ ਸਾਨੂੰ ਜਵਾਬ ਦੇ ਦਿੱਤਾ ਕਿ ਹੁਣ ਅਸੀਂ ਤੁਹਾਨੂੰ ਖਰੀਦ ਵਾਸਤੇ ਕਰਜ਼ਾ ਨਹੀਂ ਦੇਣਾ, ਪਹਿਲਾਂ ਇਸ ਨੂੰ ਸੈਟਲ ਕਰੋ। ਅਸੀਂ ਇਸ ਬਾਰੇ ਗੌਰਮਿੰਟ ਆਫ

ਇੰਡੀਆ ਨਾਲ ਗੱਲ ਕੀਤੀ ਤੇ ਉਨ੍ਹਾਂ ਨੇ ਕਿਹਾ ਕਿ ਤੁਸੀਂ ਸਾਡੇ ਤੋਂ ਇੱਕ-ਤਿਹਾਈ ਲੈ ਲਓ, ਅਸੀਂ ਕਿਹਾ ਕਿ ਇਹ ਸਾਨੂੰ ਮਨਜ਼ੂਰ ਨਹੀਂ, ਇਹ ਸਾਰਾ ਪੈਸਾ ਤੁਹਾਡਾ ਦੇਣਾ ਬਣਦਾ ਹੈ। ਅਸੀਂ ਕੋਈ ਭੀਖ ਮੰਗਣ ਨਹੀਂ ਆਏ, ਅਸੀਂ ਆਪਣਾ ਹੱਕ ਮੰਗਣ ਆਏ ਹਾਂ ਅਤੇ ਜੇ ਲਵਾਂਗੇ ਤਾਂ ਪੂਰਾ ਹੀ ਲੈ ਕੇ ਜਾਵਾਂਗੇ। ਫਿਰ ਬੈਂਕਾਂ ਦਾ ਵੀ ਦਬਾਅ ਸੀ ਕਿਉਂਕਿ ਉਨ੍ਹਾਂ ਦਾ ਤਾਂ ਪੈਸਾ ਬਣਦਾ ਹੀ ਹੈ। ਉਨ੍ਹਾਂ ਨੇ ਸੈਟਲਮੈਂਟ ਕੀਤੀ ਤੇ ਜਿਹੜਾ ਅਸੀਂ 12% ਵਿਆਜ ਦੇ ਰਹੇ ਸੀ, ਉਹ 8.5% ਕਰਕੇ 1000 ਕਰੋੜ ਦਾ ਸਰਕਾਰ ਦਾ ਫਾਇਦਾ ਕੀਤਾ ਹੈ। ਉਹ debt swap ਹੋਈ ਹੈ, ਹੋਰ ਅਸੀਂ ਕੋਈ ਖਰਚਾ ਨਹੀਂ ਕੀਤਾ ਕਿ ਇੱਧਰੋਂ ਲੈ ਕੇ ਉੱਧਰ ਜਮ੍ਹਾਂ ਕਰਵਾ ਦਿੱਤਾ। ਸਿਰਫ ਸਾਡੇ ਖਾਤੇ ਵਿੱਚ ਟ੍ਰਾਂਸਫਰ ਹੋਇਆ ਹੈ। ਸੋ ਅਸਲ debt ਜੋ ਅਸੀਂ ਆਪਣੇ ਬਜਟ ਵਿੱਚ ਪਿਛਲੇ ਸਾਲ ਰੱਖੀ ਸੀ ਜੋ ਕਿ 1 ਲੱਖ 38 ਹਜ਼ਾਰ ਕਰੋੜ ਸੀ, ਉਤਨੀ ਹੀ ਹੈ।

ਤੁਸੀਂ ਕੈਬਨਿਟ ਮੀਟਿੰਗ ਵਿੱਚ ਗੱਲ ਕੀਤੀ ਹੈ ਕਿ ਅਸੀਂ high cost debt with low cost debt ਨਾਲ ਰਿਪਲੇਸ ਕਰਾਂਗੇ। ਕੈਬਨਿਟ ਮੀਟਿੰਗ ਵਿੱਚ ਫਾਈਨਾਂਸ ਡਿਪਾਰਟਮੈਂਟ ਨੂੰ amendment ਦਿੱਤੀ ਹੈ ਤੇ ਜੇਕਰ ਅਸੀਂ ਕਰ ਲਈ ਤਾਂ ਅਸੀਂ ਕੀ ਗੁਨਾਹ ਕਰ ਲਿਆ? ਫਿਰ ਕਹਿੰਦੇ ਹਨ ਕਿ ਕਰਜ਼ਾ 51,000 ਕਰੋੜ ਤੋਂ ਵੱਧ ਕੇ 1 ਲੱਖ 83 ਹਜ਼ਾਰ ਕਰੋੜ ਹੋ ਗਿਆ। 51,000 ਕਰੋੜ is without CCL, it is without long term debt of PSPCL. ਜੇ ਤੁਸੀਂ ਉਸ ਸਮੇਂ ਦੀ debt ਨੂੰ ਇਨਕਲੂਡ ਕਰੋ ਤਾਂ 69,000 ਕਰੋੜ ਬਣਦਾ ਹੈ। ਸਾਲ 2006-07 ਵਿੱਚ 69,000 ਕਰੋੜ ਸੀ। ਜੇਕਰ 69,000 ਕਰੋੜ ਦੀ ਨੈੱਟ ਪ੍ਰੈਜ਼ੈਂਟ ਵੈਲਿਊ ਕੈਲਕੂਲੇਟ ਕਰੀਏ ਤਾਂ 1 ਲੱਖ 55 ਹਜ਼ਾਰ 990 ਕਰੋੜ ਰੁਪਏ ਬਣਦੀ ਹੈ ਅਤੇ ਕਰਜ਼ਾ 1 ਲੱਖ 83 ਹਜ਼ਾਰ ਕਰੋੜ ਰੁਪਏ ਹੈ। 10 ਸਾਲਾਂ ਵਿੱਚ ਕੁੱਲ ਕਰਜ਼ਾ 27,000 ਕਰੋੜ ਰੁਪਏ ਲਿਆ ਸੀ ਤੇ ਇਹ ਰੌਲਾ ਪਾ ਰਹੇ ਹਨ।

ਸਪੀਕਰ ਸਾਹਿਬ, ਅਸਲ ਵਿੱਚ ਗੱਲ ਇਹ ਹੈ ਕਿ ਇਨ੍ਹਾਂ ਨੇ ਵਾਅਦੇ ਵੱਡੇ-ਵੱਡੇ ਕਰ ਲਏ, ਕੋਈ ਵਾਅਦਾ ਨਹੀਂ ਛੱਡਿਆ ਜਿਹੜਾ ਇਨ੍ਹਾਂ ਨੇ ਲੋਕਾਂ ਨਾਲ ਨਾ ਕੀਤਾ ਹੋਵੇ। ਹੁਣ ਇਨ੍ਹਾਂ ਨੂੰ ਵੀ ਪਤਾ ਹੈ ਜਿਹੜੀਆਂ ਗੱਲਾਂ ਇਨ੍ਹਾਂ ਨੇ ਕੀਤੀਆਂ ਹਨ ਉਹ ਕਿਸੇ ਵੀ ਸੂਬੇ ਦੀ ਸਰਕਾਰ ਦੇ ਵੱਸ ਦੀ ਗੱਲ ਨਹੀਂ। ਇਸ ਕਰਕੇ ਇਨ੍ਹਾਂ ਨੇ ਕਿਹਾ ਕਿ ਸਰਕਾਰ ਦਾ ਖਜ਼ਾਨਾ ਖਾਲੀ ਹੈ। ਸੌਖਾ ਤਰੀਕਾ ਹੈ, ਖਜ਼ਾਨਾ ਖਾਲੀ ਕਹਿ ਕੇ ਖਹਿੜਾ ਛੁਡਵਾ ਲਓ ਤੇ ਸ਼ਾਇਦ ਇਹ ਲੋਕ ਮੰਨ ਜਾਣ। ਇਸ ਕਰਕੇ ਬੜੇ ਅਫ਼ਸੋਸ ਨਾਲ ਕਹਿਣਾ ਪੈਣਾ ਹੈ ਕਿ ਸਰਕਾਰ ਲੋਕਾਂ ਵਿੱਚ ਸੱਚਾਈ

[ਸਰਦਾਰ ਪਰਮਿੰਦਰ ਸਿੰਘ ਢੀਂਡਸਾ]

ਲਿਆਉਣ ਦੀ ਬਜਾਏ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਫਿਰ ਕਹਿੰਦੇ ਕਿ 4400 ਕਰੋੜ ਦਾ ਲੋਨ ਲੈ ਲਿਆ। ਕਦੇ ਕਿਸੇ ਨੂੰ ਪੁੱਛਿਆ ਕਿ ਪੀ.ਆਈ.ਡੀ.ਬੀ. ਦੀ ਆਮਦਨ ਕਿੰਨੀ ਹੈ? 2400 ਕਰੋੜ ਰੁਪਏ ਪੀ.ਆਈ.ਡੀ.ਬੀ. ਦੀ ਇੱਕ ਸਾਲ ਦੀ ਆਮਦਨ ਹੈ। ਜੇ ਪੀ.ਆਈ.ਡੀ.ਬੀ. ਚਾਹੁੰਦਾ ਤਾਂ ਆਪਣੀ ਇਨਕਮ ਦੇ ਆਧਾਰ ਤੇ 8000 ਕਰੋੜ ਦਾ ਲੋਨ ਲੈ ਸਕਦਾ ਸੀ। ਇਹ ਤਾਂ ਸਿਰਫ 4400 ਕਰੋੜ ਹੈ ਜੋ ਕਿ ਪੌਣੇ ਦੋ ਸਾਲਾਂ ਵਿੱਚ ਸਾਰੇ ਦਾ ਸਾਰਾ ਮੁੜ ਸਕਦਾ ਹੈ। ਪਹਿਲਾਂ ਵੀ ਤਾਂ ਪੀ.ਆਈ.ਡੀ.ਬੀ. ਲੋਨ ਲੈਂਦਾ ਰਿਹਾ ਹੈ, ਪਹਿਲਾਂ ਕਿਹੜਾ ਕਦੇ ਪੀ.ਆਈ.ਡੀ.ਬੀ. ਨੇ ਲੋਨ ਨਹੀਂ ਲਿਆ ਜਾਂ ਪਹਿਲਾਂ ਕਦੇ ਰੂਰਲ ਡਿਵੈਲਪਮੈਂਟ ਬੋਰਡ ਨੇ ਪੈਸਾ ਨਹੀਂ ਲਿਆ ਜੇ ਨਹੀਂ ਲਿਆ ਤਾਂ ਤੁਸੀਂ ਕਹੋ ਕਿ ਤੁਸੀਂ ਗਲਤ ਕੀਤਾ ਹੈ। ਇੱਧਰ-ਉੱਧਰ ਦੀਆਂ ਗੱਲਾਂ ਕਰਕੇ ਸਮਾਂ ਟਪਾਉਣ ਦੀ ਗੱਲ ਨਾ ਕਰੋ।

ਜੀ.ਡੀ.ਪੀ. ਬਾਰੇ ਤੁਸੀਂ ਕੱਲ੍ਹ ਵੀ ਬਿਆਨ ਦਿੱਤਾ ਹੈ ਅਤੇ ਇਹ ਬਜਟ ਦਾ ਹਿੱਸਾ ਵੀ ਹੈ ਕਿ ਜੀ.ਡੀ.ਪੀ. 1 ਲੱਖ 27 ਹਜ਼ਾਰ ਕਰੋੜ ਤੋਂ ਵੱਧ ਕੇ 4 ਲੱਖ 27 ਹਜ਼ਾਰ ਕਰੋੜ ਦਾ ਹੋ ਗਿਆ ਹੈ। ਉਹ ਇਸ ਕਰਕੇ ਹੋਇਆ ਕਿਉਂਕਿ ਬੇਸ ਈਅਰ ਚੇਂਜ ਹੋ ਗਿਆ। ਮੈਨੂੰ ਹੈਰਾਨੀ ਆਉਂਦੀ ਹੈ, ਕਿਉਂ ਤੁਸੀਂ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾ ਰਹੇ ਹੋ? ਇਹ ਕਰੰਟ ਪ੍ਰਾਈਸ ਹੈ। ਬੇਸ ਈਅਰ ਤਾਂ ਹੁੰਦਾ ਹੈ, ਜੇ ਕਾਸਟ ਐਂਡ ਪ੍ਰਾਈਸ ਤੇ ਜੀ.ਡੀ.ਪੀ.ਏ. ਕੈਲਕੂਲੇਟ ਕਰੀਏ। ਫਿਰ ਤਾਂ ਸਮਝ ਆਉਂਦੀ ਹੈ ਕਿ ਬੇਸ ਈਅਰ ਚੇਂਜ ਹੋ ਗਿਆ ਪਰ ਜੇ ਕਾਂਸਟੈਂਟ ਪ੍ਰਾਈਸ ਹੈ, ਫਿਰ ਤਾਂ ਬੇਸ ਈਅਰ ਚੇਂਜ ਕਰਨ ਨਾਲ ਕੋਈ ਈਫੈਕਟ ਹੀ ਨਹੀਂ ਹੁੰਦਾ। ਇਹ ਇਸ ਚੀਜ਼ ਨੂੰ ਐਕਸੈਪਟ ਕਰਨ ਕਿ ਤਿੰਨ ਗੁਣਾਂ ਤੋਂ ਵੀ ਜ਼ਿਆਦਾ ਪੰਜਾਬ ਦਾ ਜਿਹੜਾ ਘਰੇਲੂ ਉਤਪਾਦ ਹੈ, ਉਹ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਵਧਿਆ ਹੈ।(ਥੰਪਿੰਗ) ਇਹ ਮੰਨ ਕੇ ਵੀ ਇਸ ਨੂੰ ਨਾ ਮੰਨਣ ਵਾਲੀ ਗੱਲ ਕਰ ਰਹੇ ਹਨ।

ਫਿਰ ਜੀ.ਡੀ.ਪੀ. ਗਰੋਥ ਦੀ ਗੱਲ ਕੀਤੀ ਹੈ। ਇਹ ਤਾਂ ਦੱਸ ਦਿੱਤਾ ਕਿ ਐਵਰੇਜ ਜੀ.ਡੀ.ਪੀ. ਗਰੋਥ 6.5% ਰਹੀ ਹੈ। ਠੀਕ ਕਹਿੰਦੇ ਹਨ, ਹਿੰਦੁਸਤਾਨ ਦੀ ਜੀ.ਡੀ.ਪੀ. ਗਰੋਥ ਰੇਟ ਤੋਂ ਅਸੀਂ ਡੇਢ-ਦੋ ਫੀਸਦੀ ਥੱਲੇ ਹਾਂ ਪਰ ਕਦੀ ਇਹ ਦੱਸਿਆ ਹੈ ਕਿ ਜਦੋਂ ਤੁਹਾਡੀ ਸਰਕਾਰ ਸਾਲ 2006-07 ਵਿੱਚ ਸੀ, ਉਦੋਂ ਇਹ ਕਿੰਨੀ ਸੀ? ਉਦੋਂ ਜੀ.ਡੀ.ਪੀ. ਗਰੋਥ ਤਕਰੀਬਨ 5 ਫੀਸਦੀ ਦੇ ਕਰੀਬ ਸੀ। ਸਾਲ 2004-05 ਵਿੱਚ 4.95 ਫੀਸਦੀ, ਸਾਲ 2005-06 ਵਿੱਚ 4.65 ਫੀਸਦੀ ਸੀ। ਸਾਡੀ 6.5 ਫੀਸਦੀ ਇਨ੍ਹਾਂ ਨੂੰ ਘੱਟ ਲਗਦੀ ਹੈ ਪਰ ਇਨ੍ਹਾਂ ਨੂੰ

ਆਪਣੀ 5 ਫੀਸਦੀ ਬਹੁਤ ਜ਼ਿਆਦਾ ਲਗਦੀ ਹੈ। ਸਪੀਕਰ ਸਾਹਿਬ, ਸਿਲੈਕਟਿਡ ਇਨਫਰਮੇਸ਼ਨ ਲੈ ਕੇ, ਸਿਲੈਕਟਿਡ ਡਾਟਾ ਲੈ ਕੇ ਪਾ ਦਿੱਤਾ ਪਰ ਸਹੀ ਪਿਕਚਰ ਪੇਸ਼ ਨਹੀਂ ਕੀਤੀ। ਪੈਰ੍ਹਾ ਨੰ: 22 ਵਿੱਚ ਨਾਲ ਇਹ ਵੀ ਕਹਿ ਦਿੱਤਾ :

"Often, Governments like to take comfort in a reducing Debt/ GSDP ratio. However, this comfort could be misplaced. While, an increased GSDP could improve this ratio, the debt could still be rising."

ਸਪੀਕਰ ਸਾਹਿਬ, ਠੀਕ ਹੈ, ਡੈੱਟ ਰਾਈਜ਼ ਕਰ ਰਹੀ ਹੈ। ਕਿਸ ਦੀ ਨਹੀਂ ਕਰਦੀ? ਜਦ ਜੀ.ਡੀ.ਪੀ. ਰਾਈਜ਼ ਕਰ ਰਹੀ ਹੈ ਤਾਂ ਡੈੱਟ ਨੂੰ ਆਈਸੋਲੇਟਿਡ ਨਹੀਂ ਦੇਖ ਸਕਦੇ। You have to compare it with GSDP. ਤੁਹਾਡਾ ਕੁੱਲ ਘਰੇਲੂ ਉਤਪਾਦ ਕਿੰਨਾ ਵਧਿਆ ਹੈ, ਇਸ ਨਾਲ ਹੀ ਤੁਹਾਨੂੰ ਡੈੱਟ ਕੰਪੇਅਰ ਕਰਨੀ ਪਵੇਗੀ। It is an internationally accepted principle. ਡੈੱਟ ਨੂੰ ਜੀ.ਐਸ.ਡੀ.ਪੀ. ਨਾਲ ਹੀ ਕੰਪੇਅਰ ਕੀਤਾ ਜਾਂਦਾ ਹੈ। ਅੱਜ ਹਿੰਦੁਸਤਾਨ ਦਾ ਕਰਜ਼ਾ 70 ਲੱਖ ਕਰੋੜ ਰੁਪਿਆ ਹੈ ਤੇ ਅਸੀਂ ਕਹਿ ਦੇਈਏ ਕਿ ਉਨ੍ਹਾਂ ਦਾ ਤਾਂ 70 ਲੱਖ ਕਰੋੜ ਰੁਪਿਆ ਹੋ ਗਿਆ ਤੇ ਸਾਡਾ ਤਾਂ 2 ਲੱਖ ਕਰੋੜ ਦੇ ਕਰੀਬ ਹੀ ਹੈ। ਨਹੀਂ, ਅਜਿਹਾ ਨਹੀਂ ਕਹਿ ਸਕਦੇ ਕਿਉਂਕਿ ਸਾਰੇ ਦੇਸ਼ ਦੀ ਜੀ.ਐਸ.ਡੀ.ਪੀ. ਬਹੁਤ ਵੱਡੀ ਹੈ। So it is always compared with GSDP. ਇਸ ਲਈ ਜੀ.ਐਸ.ਡੀ.ਪੀ. ਤੋਂ ਬਿਨਾਂ ਡੈੱਟ ਨੂੰ ਦੇਖਿਆ ਨਹੀਂ ਜਾ ਸਕਦਾ ਤੇ ਸਾਡੇ ਰਾਜ ਵਿੱਚ ਡੈੱਟ ਟੂ ਜੀ.ਐਸ.ਡੀ.ਪੀ. ਰੇਸ਼ੋ ਘਟੀ ਹੈ, ਅਸੀਂ ਉਸ ਵਿੱਚ ਇੰਪਰੂਵਮੈਂਟ ਲੈ ਕੇ ਆਏ ਹਾਂ।

ਸਪੀਕਰ ਸਾਹਿਬ, ਮੈਂ ਬਜਟ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਸ ਬਜਟ ਦੀ ਸੈਂਕਟਿਟੀ ਕੋਈ ਨਹੀਂ ਹੈ। ਇਹ ਮੈਂ ਕਿਉਂ ਕਹਿ ਰਿਹਾ ਹਾਂ ਕਿਉਂਕਿ ਬਜਟ ਉਹ ਹੁੰਦਾ ਹੈ, ਜਿਸ ਵਿੱਚ ਆਮਦਨ ਅਤੇ ਖਰਚ ਬਰਾਬਰ ਹੋਣ। ਜਿੰਨੀ ਆਮਦਨ ਆਉਣੀ ਹੈ, ਉਨਾ ਖਰਚ ਹੋਣਾ ਹੈ। ਜਿਹੜੀ ਆਮਦਨ ਆਉਣੀ ਹੀ ਨਹੀਂ, ਉਸ ਦਾ ਖਰਚ ਸਰਕਾਰ ਕਿਵੇਂ ਦਿਖਾ ਰਹੀ ਹੈ? ਸਪੀਕਰ ਸਾਹਿਬ, ਜਿਹੜਾ ਡਿਫਰੈਂਸ ਆ ਰਿਹਾ ਹੈ, ਉਹ ਆਮਦਨ ਅਤੇ ਖਰਚ ਵਿੱਚ ਤਕਰੀਬਨ ਪੰਦਰਾਂ ਹਜ਼ਾਰ ਕਰੋੜ ਰੁਪਏ ਦਾ ਆ ਰਿਹਾ ਹੈ। ਕਈ ਲੋਕ ਇਸ ਨੂੰ ਡੈਫੀਸਿਟ ਨਾਲ ਕਨਫਿਊਜ਼ ਕਰ ਲੈਂਦੇ ਹਨ, ਇਹ ਉਹ ਨਹੀਂ ਹੈ। ਕਰਜ਼ਾ ਲੈਣ ਤੋਂ ਬਾਅਦ ਵੀ ਇਹ ਡਿਫਰੈਂਸ ਕਿਉਂ ਆ ਰਿਹਾ ਹੈ? ਇੱਕ ਤਾਂ ਇਨ੍ਹਾਂ ਨੇ ਕੀ assumptions ਲਈਆਂ ਹਨ ਕਿ ਫਿਸਕਲ ਡੈਫੀਸਿਟ 4.96 ਫੀਸਦੀ ਹੋਵੇਗਾ। ਕਿਵੇਂ ਹੋਵੇਗਾ?

ਗੌਰਮਿੰਟ ਆਫ ਇੰਡੀਆ ਅਲਾਓ ਹੀ ਨਹੀਂ ਕਰਦੀ, ਤੁਸੀਂ 3% ਤੋਂ ਐਕਸੀਡ ਹੀ ਨਹੀਂ ਕਰ ਸਕਦੇ। ਤੁਸੀਂ ਗੌਰਮਿੰਟ ਆਫ ਇੰਡੀਆ ਦੀ ਪਰਮਿਸ਼ਨ ਤੋਂ ਬਿਨਾਂ borrowings ਲਈ ਬਾਂਡ ਰੇਜ਼ ਨਹੀਂ ਕਰ ਸਕਦੇ। ਫਿਰ ਜਿਹੜਾ ਪੈਸਾ ਤੁਸੀਂ ਲੈ ਹੀ ਨਹੀਂ ਸਕਦੇ, ਉਸ ਨੂੰ ਤੁਸੀਂ ਬਜਟ ਵਿੱਚ ਕਿਵੇਂ ਪਾ ਦਿੱਤਾ ਕਿ ਇਹ ਸਾਡੇ ਕੋਲ ਆਉਣਾ ਹੈ? ਕੀ ਇਹ ਲੋਕਾਂ ਨਾਲ ਧੋਖਾ ਨਹੀਂ ਹੈ? ਕੀ ਇਹ ਵਿਧਾਨ ਸਭਾ ਨਾਲ ਧੋਖਾ ਨਹੀਂ ਹੈ?

ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਦੀ ਇਨਕਮ ਹੈ, ਉਹ 1,05,514 ਕਰੋੜ ਰੁਪਏ ਹੈ ਪਰ expenditures/ income receipts ਵਿੱਚ ਵੀ ਬੜਾ ਵੱਡਾ ਫਰਕ ਹੈ। ਇਹ ਤਕਰੀਬਨ 12,723 ਕਰੋੜ ਰੁਪਏ ਦਾ ਡਿਫਰੈਂਸ ਹੈ ਜਿਸ ਵਿੱਚ ਇਨ੍ਹਾਂ ਦੇ ਸਾਰੇ ਇਨਕਮ ਸੋਰਸ, ਜਿਹੜਾ ਕਰਜ਼ਾ ਲੈਣਾ ਹੈ, ਉਹ ਵੀ ਸਾਰਾ ਐਡ ਕਰ ਲਿਆ ਜਾਵੇ ਤਾਂ ਜਿੰਨਾ ਇਨ੍ਹਾਂ ਨੇ ਖਰਚਾ ਦੱਸਿਆ ਹੈ, ਉਹ 1,18,237 ਕਰੋੜ ਰੁਪਏ ਹੈ। ਵੈਸੇ ਫਿਗਰ 12,723 ਕਰੋੜ ਬਣਦੀ ਹੈ ਪਰ ਇਨ੍ਹਾਂ ਨੇ ਖੁਦ ਮੰਨਿਆ ਹੈ ਕਿ 10,000 ਕਰੋੜ ਰੁਪਏ ਦੇ ਕਰੀਬ ਸਾਡਾ ਡਿਫਰੈਂਸ ਹੈ ਅਤੇ ਅਸੀਂ ਐਡੀਸ਼ਨਲ ਰਿਸੋਰਸਿਜ਼ ਮੋਬੇਲਾਈਜ਼ੇਸ਼ਨ ਕਰਾਂਗੇ। ਸਪੀਕਰ ਸਾਹਿਬ, ਇਹ ਮੰਨ ਲਈਏ ਕਿ 500 ਕਰੋੜ – 600 ਕਰੋੜ ਜਾਂ 1000 ਕਰੋੜ ਰੁਪਏ ਦੀ ਐਡੀਸ਼ਨਲ ਮੋਬੇਲਾਈਜ਼ੇਸ਼ਨ ਹੋ ਸਕਦੀ ਹੈ ਪਰ 10,000 ਕਰੋੜ ਰੁਪਿਆ? ਕੀ ਇਹ ਮਜ਼ਾਕ ਨਹੀਂ? 10,000 ਕਰੋੜ ਰੁਪਏ ਦੀ ਮੋਬੇਲਾਈਜ਼ੇਸ਼ਨ ਦਾ ਇਨ੍ਹਾਂ ਨੇ ਕੋਈ ਰਸਤਾ ਹੀ ਨਹੀਂ ਦਰਸਾਇਆ ਕਿ ਕਿਵੇਂ ਐਡੀਸ਼ਨਲ ਰਿਸੋਰਸ ਮੋਬੇਲਾਈਜ਼ੇਸ਼ਨ ਹੋਣੀ ਹੈ। Rather ਛੋਟਾਂ ਦੇ ਦਿੱਤੀਆਂ, ਕਹਿੰਦੇ ਹਨ ਕਿ ਅਸੀਂ ਸਟੈਂਪ ਡਿਊਟੀ ਵੀ ਘਟਾ ਦਿੱਤੀ। ਐਡੀਸ਼ਨਲ ਰਿਸੋਰਸਿਜ਼ ਮੋਬੇਲਾਈਜੇਸ਼ਨ ਦੀ ਕੋਈ ਗੱਲ ਨਹੀਂ ਅਤੇ ਸਿਰਫ਼ ਇੱਕ ਲਾਈਨ ਪਾ ਦਿੱਤੀ ਕਿ ਅਸੀਂ ਸਾਲ ਦੇ ਵਿੱਚ 10,000 ਕਰੋੜ ਰੁਪਏ ਦੀ ਐਡੀਸ਼ਨਲ ਰਿਸੋਰਸਿਜ਼ ਮੋਬੇਲਾਈਜ਼ੇਸ਼ਨ ਕਰਾਂਗੇ। ਕਿੱਥੋਂ ਕਰਨਗੇ?

ਸਪੀਕਰ ਸਾਹਿਬ, ਇਹ ਟੈਕਸ ਵੀ ਨਹੀਂ ਲਗਾ ਸਕਦੇ ਕਿਉਂਕਿ ਟੈਕਸ ਲਗਾਉਣ ਦੀ ਵੀ ਗੁੰਜਾਇਸ਼ ਨਹੀਂ ਹੈ। ਇਨ੍ਹਾਂ ਦਾ ਵੈਟ ਦਾ ਰੈਵੇਨਿਊ 30% ਵਧਣਾ ਹੈ + 20% ਹੋਰ ਜਿਹੜੇ ਕੈਪਚਰ ਹੋਣੇ ਹਨ, ਕੰਸੋਲੀਡੇਟਿਡ ਫੰਡ ਵਿਚੋਂ ਸਾਰਾ ਕੁਝ ਐਡ ਕਰਕੇ ਇਨ੍ਹਾਂ ਨੇ 30% ਦਾ ਵਾਧਾ ਕਰ ਲਿਆ ਹੈ, ਇਸ ਬਾਰੇ ਕੋਈ ਡਿਸਪਿਊਟ ਨਹੀਂ ਹੈ ਪਰ ਉਸ ਵਿੱਚ ਇਹ ਹੋਰ ਵਾਧਾ ਤਾਂ ਨਹੀਂ ਕਰ ਸਕਦੇ? ਇਸੇ ਤਰ੍ਹਾਂ ਸਟੇਟ ਐਕਸਾਈਜ਼ ਵਿੱਚ ਠੇਕੇ ਆ ਗਏ, ਉਸ ਵਿੱਚ ਹੋਰ ਵਾਧਾ ਨਹੀਂ ਕਰ ਸਕਦੇ। ਸਟੈਂਪ ਡਿਊਟੀਆਂ ਅਤੇ ਰਜਿਸਟਰੇਸ਼ਨ ਦੇ 2400

ਕਰੋੜ ਰੁਪਏ ਹਨ, ਕਿੰਨੀ ਵਧਾ ਲੈਣਗੇ? 100/-, 200/-, 400/- ਜਾਂ 500/- ਰੁਪਏ। ਸਪੀਕਰ ਸਾਹਿਬ, ਫਿਰ ਟੈਕਸ ਆਨ ਵਹੀਕਲਜ਼ ਹੈ, 1478 ਕਰੋੜ ਰੁਪਿਆ ਪਿਛਲੇ ਸਾਲ ਆਇਆ ਸੀ, ਇਸ ਸਾਲ ਦੁੱਗਣਾ ਕਰਕੇ ਆਪਣੇ ਖਾਤੇ ਵਿੱਚ ਪਾ ਲਿਆ ਕਿ ਇਹ ਵੱਧ ਕੇ 3175 ਕਰੋੜ ਹੋ ਜਾਣਾ ਹੈ, ਸਾਡੀ ਆਮਦਨ ਦੁੱਗਣੀ ਹੋ ਹੀ ਜਾਣੀ ਹੈ। ਉਹ ਇਨ੍ਹਾਂ ਨੇ ਪਹਿਲਾਂ ਹੀ ਇਨਕਲੂਡ ਕਰ ਲਿਆ ਹੈ। ਸਪੀਕਰ ਸਾਹਿਬ, ਇਲੈਕਟ੍ਰੀਸਿਟੀ ਡਿਊਟੀ ਦੇ 2400 ਕਰੋੜ ਰੁਪਏ ਐਡ ਕਰ ਲਏ, ਇਸ ਵਿਚ 500 ਰੁਪਿਆ ਵਧਾ ਲਿਆ ਹੈ। ਫਿਰ ਰਹਿ ਕੀ ਗਿਆ? ਹੁਣ state's own tax revenue ਦੇ ਵਿੱਚ ਕੁਝ ਵੀ ਨਹੀਂ ਰਹਿ ਗਿਆ, ਜਿਸ ਵਿੱਚ ਇਹ ਵਾਧਾ ਕਰ ਸਕਣ। ਨਵਾਂ ਟੈਕਸ ਲਗਾਉਣਗੇ ਅਤੇ ਟੈਕਸ ਲਗਾ ਕੇ ਕਿੰਨਾ ਕੁ ਪੈਸਾ ਇਕੱਠਾ ਕਰ ਲੈਣਗੇ? ਜੀ.ਐਸ.ਟੀ. ਦਾ ਇਨ੍ਹਾਂ ਨੇ ਪਹਿਲਾਂ ਹੀ 25,800 ਕਰੋੜ ਰੁਪਿਆ ਐਡ ਕਰ ਲਿਆ ਹੈ। ਸੋ, ਕਿਤੇ ਕੋਈ ਟੈਕਸ ਵਧਾਉਣ ਦੀ ਗੁੰਜਾਇਸ਼ ਹੀ ਨਹੀਂ ਹੈ। ਜੇ ਵਧਾਉਣਗੇ ਵੀ ਤਾਂ ਮੈਕਸੀਮਮ ਤੋਂ ਮੈਕਸੀਮਮ ਜ਼ੋਰ ਲਗਾ ਕੇ ਸਿਰਫ਼ 1000 ਕਰੋੜ ਰੁਪਿਆ ਵਧਾ ਸਕਦੇ ਹਨ।

ਸੋ, ਇਹ ਜਿਹੜਾ 10 - 12 ਹਜ਼ਾਰ ਕਰੋੜ ਰੁਪਏ ਦਾ ਫਿਸਕਲ ਡੈਫੀਸਿਟ ਹੈ, ਇਸ ਵਾਸਤੇ 15,000 ਕਰੋੜ ਰੁਪਿਆ ਕਿਥੋਂ ਲਿਆਉਣਗੇ, ਇਹ ਦੱਸਣ ਤਾਂ ਸਹੀ? ਜੇ 15,000 ਕਰੋੜ ਰੁਪਿਆ ਨਹੀਂ ਆਉਣਾ ਫਿਰ ਕਿਸਾਨਾਂ ਨੂੰ 1500 ਕਰੋੜ ਰੁਪਿਆ ਵੀ ਨਹੀਂ ਮਿਲਣਾ (ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਹ 1500 ਕਰੋੜ ਰੁਪਿਆ ਕਿਸਾਨਾਂ ਨੂੰ ਤਾਂ ਮਿਲੇਗਾ ਜੇ 15,000 ਕਰੋੜ ਰੁਪਿਆ ਆਏਗਾ ਕਿਉਂਕਿ ਇਹ ਉਸ ਦੇ ਨਾਲ ਲਿੰਕਡ ਹੈ। ਸੋ, ਸਪੀਕਰ ਸਾਹਿਬ, ਇਸ ਵਾਸਤੇ ਕੋਈ ਰਸਤਾ ਨਹੀਂ ਦਿਖਾਇਆ ਕਿ ਅਸੀਂ ਅਜਿਹਾ ਕੀ ਕਰ ਰਹੇ ਹਾਂ, ਜਿਸ ਨਾਲ ਅਸੀਂ ਆਪਣਾ ਰੈਵੇਨਿਊ ਵਧਾਵਾਂਗੇ ਜਾਂ ਕੀ ਸਟੈਪਸ ਹੋਣਗੇ ਜਾਂ ਕੀ ਇਹ ਖਰਚਿਆਂ ਵਿੱਚ ਕਟੌਤੀ ਕਰ ਰਹੇ ਹਨ? ਇਸ ਬਾਰੇ ਕੁਝ ਨਹੀਂ ਦੱਸਿਆ। ਇਨ੍ਹਾਂ ਨੂੰ ਮੇਰੀ ਬੇਨਤੀ ਹੈ ਕਿ ਤੁਸੀਂ ਰਿਐਲਿਟੀ ਐਕਸੈਪਟ ਕਰੋ। ਲੋਕਾਂ ਕੋਲ ਮੰਨ ਲਵੋ ਕਿ ਅਸੀਂ ਝੂਠੇ ਵਾਅਦੇ ਕੀਤੇ ਹਨ। ਇੱਕ ਵਾਰ ਕਹਿ ਕੇ ਤੁਹਾਡਾ ਛੁਟਕਾਰਾ ਤਾਂ ਹੋ ਜਾਵੇਗਾ ਕਿ ਅਸੀਂ ਗਲਤ ਵਾਅਦੇ ਕਰ ਲਏ। ਅਸੀਂ ਇਹ ਨਹੀਂ ਕਰ ਸਕਦੇ। ਮੇਰੀ ਤਾਂ ਇਹੀ ਰਾਏ ਹੈ ਕਿ ਰੋਜ਼ ਰੋਜ਼ ਲੋਕਾਂ ਦੀਆਂ ਗਾਲ੍ਹਾਂ ਸੁਣਨ ਨਾਲੋਂ, ਔਖੇ ਹੋਣ ਨਾਲੋਂ ਇੱਕ ਵਾਰੀ ਲੋਕਾਂ ਤੋਂ ਮੁਆਫ਼ੀ ਮੰਗ ਲਵੋ and start with the clean slate. ਨਹੀਂ ਤਾਂ ਜੋ ਕੁਝ ਇਹ ਇਸ ਬਜਟ ਵਿੱਚ ਕਰਨਾ ਚਾਹੁੰਦੇ ਹਨ, ਉਸ ਨਾਲ ਤਾਂ

[ਸਰਦਾਰ ਪਰਮਿੰਦਰ ਸਿੰਘ ਢੀਂਡਸਾ]

ਕੁਝ ਵੀ ਪੂਰਾ ਨਹੀਂ ਹੋ ਸਕਦਾ। ਰਿਸੋਰਸਿਜ਼ ਗੈਪ ਕਾਰਨ ਜਿਹੜੇ ਐਲਾਨ ਕੀਤੇ ਹਨ, ਉਹ ਵੀ ਪੂਰੇ ਨਹੀਂ ਹੋ ਸਕਦੇ। ਸਪੀਕਰ ਸਾਹਿਬ, ਇਨ੍ਹਾਂ ਦਾ ਕੈਪੀਟਲ ਐਕਸਪੈਂਡੀਚਰ 6000 ਕਰੋੜ ਰੁਪਏ ਹੈ, ਉਸ ਵਿਚੋਂ ਇਹ ਇੱਕ ਰੁਪਿਆ ਵੀ ਖਰਚ ਨਹੀਂ ਕਰ ਸਕਣਗੇ। ਸੋ, ਮੇਰਾ ਇਹ ਕਹਿਣਾ ਹੈ ਕਿ ਇੱਕ ਝੂਠ ਲੁਕਾਉਣ ਲਈ ਸੌ ਝੂਠ ਬੋਲਣੇ ਪੈਂਦੇ ਹਨ। ਜੇ ਸੌ ਝੂਠ ਬੋਲੇ ਹਨ ਤਾਂ ਉਸ ਨੂੰ ਲੁਕਾਉਣ ਲਈ ਲੱਖ ਝੂਠ ਬੋਲਣੇ ਪੈਣਗੇ। ਇਸ ਲਈ ਤੁਸੀਂ ਇੱਕ ਵਾਰ ਖੜ੍ਹੇ ਹੋ ਕੇ ਆਪਣੀ ਗਲਤੀ ਮੰਨ ਲਵੋ, ਮੇਰੀ ਤੁਹਾਨੂੰ ਇਹੀ ਬੇਨਤੀ ਹੈ।

ਅੱਗੇ ਡੈੱਟ ਵੇਵਰ ਦੀ ਗੱਲ ਕੀਤੀ ਹੈ। ਇਨ੍ਹਾਂ ਨੇ 1500 ਕਰੋੜ ਕਿਹਾ ਹੈ। ਮੈਂ ਤਾਂ ਪਹਿਲਾਂ ਹੀ ਇਹ ਕਿਹਾ ਹੈ ਕਿ ਇਹ 1500 ਕਰੋੜ ਹੀ ਨਹੀਂ ਦਿੱਤਾ ਜਾਣਾ। ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਮੰਤਰੀ ਸਾਹਿਬ ਬੜੇ ਸਤਿਕਾਰਯੋਗ ਹਨ, ਕੱਲ੍ਹ ਇਨ੍ਹਾਂ ਨੂੰ ਪ੍ਰੈਸ ਵਾਲੇ ਨੇ ਪੁੱਛਿਆ ਤਾਂ ਇਨ੍ਹਾਂ ਨੇ ਇੱਕ ਬੜਾ ਅਜੀਬ ਉਦਾਹਰਣ ਦਿੱਤਾ। ਮੈਂ ਦੇਖ ਰਿਹਾ ਸੀ। ਉਨ੍ਹਾਂ ਨੇ ਪੁੱਛਿਆ ਕਿ ਜਿਹੜੇ ਖੁਦਕੁਸ਼ੀਆਂ ਕਰ ਗਏ, ਉਨ੍ਹਾਂ ਵਾਸਤੇ ਤੁਸੀਂ ਰੱਖਿਆ ਹੈ ਪਰ ਦੂਜਿਆਂ ਲਈ ਨਹੀਂ, ਅਜਿਹਾ ਕਿਉਂ? ਇਹ ਕਹਿੰਦੇ, ਕਈ ਵਾਰ ਮਜ਼ਬੂਰੀ ਹੁੰਦੀ ਹੈ ਅਤੇ ਇਸ ਵਾਸਤੇ ਉਦਾਹਰਣ ਕੀ ਦਿੱਤਾ, ਖੁਦਕੁਸ਼ੀਆਂ ਨੂੰ ਕਿਸ ਨਾਲ ਕੰਪੇਅਰ ਕੀਤਾ? ਮੰਗਤੇ ਦੇ ਨਾਲ ਕੰਪੇਅਰ ਕੀਤਾ। ਮੰਤਰੀ ਸਾਹਿਬ ਕਹਿੰਦੇ, ਜਦੋਂ ਰੈੱਡ ਲਾਈਟ ਤੇ ਰੁਕਦੇ ਹਾਂ ਤਾਂ ਉਦੋਂ ਮੰਗਤੇ ਆ ਜਾਂਦੇ ਹਨ। ਉਨ੍ਹਾਂ ਨੂੰ ਤੁਸੀਂ ਦੇਣਾ ਨਹੀਂ ਚਾਹੁੰਦੇ ਕਿਉਂਕਿ ਤੁਸੀਂ ਉਨ੍ਹਾਂ ਨੂੰ ਆਦੀ ਬਣਾ ਰਹੇ ਹੋ ਪਰ ਫਿਰ ਤੁਸੀਂ ਕਹਿੰਦੇ ਹੋ ਛੱਡ ਯਾਰ, ਖਹਿੜਾ ਛੁਡਾ। ਇਹ ਉਦਾਹਰਣ ਦਿੱਤੀ ਹੈ ਅਤੇ ਕਿਨ੍ਹਾਂ ਵਾਸਤੇ? ਖੁਦਕੁਸ਼ੀ ਕਰ ਗਏ ਕਿਸਾਨਾਂ ਵਾਸਤੇ।(ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਕੀ ਇਹੋ ਜਿਹੀ ਸ਼ਬਦਾਵਲੀ ਫਾਈਨਾਂਸ ਮਨਿਸਟਰ ਦੇ ਮੂੰਹ ਤੋਂ ਚੰਗੀ ਲਗਦੀ ਹੈ। ਉਨ੍ਹਾਂ ਨੂੰ ਅਜਿਹਾ ਕਹਿ ਕੇ ਆਪਾਂ ਉਨ੍ਹਾਂ ਗਰੀਬਾਂ ਦੇ ਜ਼ਖਮਾਂ ਤੇ ਲੂਣ ਛਿੜਕ ਰਹੇ ਹਾਂ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਐਕਸ ਫਾਈਨਾਂਸ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਉਨ੍ਹਾਂ ਨੂੰ ਤਿੰਨ ਲੱਖ ਰੁਪਿਆ ਦੇ ਰਹੇ ਹਾਂ ਪਰ ਤੁਸੀਂ ਪਿਛਲੇ ਦਸ ਸਾਲਾਂ ਦੇ ਇਨ੍ਹਾਂ ਦੇ ਰਾਜ ਵਿੱਚ ਵਿੱਚ ਜਿਹੜੀਆਂ ਕਿਸਾਨਾਂ ਦੀਆਂ ਮੌਤਾਂ ਹੋਈਆਂ ਹਨ, ਉਸ ਦੀ ਗਿਣਤੀ ਅੱਜ ਰਿਕਾਰਡ ਕਰ ਲਓ ਅਤੇ ਆਉਣ ਵਾਲੇ ਸਾਡੇ ਪੰਜ ਸਾਲਾਂ ਦੇ ਵਿੱਚ ਅਸੀਂ ਇਸ ਨੂੰ ਜ਼ੀਰੋ ਤੇ ਲਿਆਵਾਂਗੇ, ਇਹ ਵੀ ਇਨ੍ਹਾਂ ਦੇ ਸਾਹਮਣੇ ਆ ਜਾਵੇਗਾ।(ਵਿਘਨ) ਮੇਰੀ ਇੱਕ

ਮਿੰਟ ਗੱਲ ਸੁਣ ਲਵੋ ਕਿ ਜੇ ਵਿੱਤ ਮੰਤਰੀ ਜੀ ਤਿੰਨ ਲੱਖ ਰੁਪਿਆ ਦੇ ਰਹੇ ਹਨ ਤਾਂ ਇਨ੍ਹਾਂ ਦੇ ਕਹਿਣ ਦਾ ਮਤਲਬ ਇਹ ਸੀ ਕਿ ਐਨਕਰੇਜ ਨਹੀਂ ਕਰਨਾ ਹੈ। ਇਹ ਕਹਿਣਾ ਚਾਹੁੰਦੇ ਹਨ ਕਿ ਜੇ ਕਿਸੇ ਗਰੀਬ ਕਿਸਾਨ ਨੇ ਖੁਦਕੁਸ਼ੀ ਕੀਤੀ ਹੈ ਤਾਂ ਅਸੀਂ ਪੰਜ ਲੱਖ ਰੁਪਿਆ ਉਸ ਵਾਸਤੇ ਐਨਹਾਂਸਮੈਂਟ ਕੀਤੀ ਹੈ, ਸਪੀਕਰ ਸਾਹਿਬ, ਇਨ੍ਹਾਂ ਨੂੰ ਤਕਲੀਫ ਹੋ ਗਈ ਹੈ..

**ਮਾਨਯੋਗ ਸਪੀਕਰ :** ਇਸ ਬਾਰੇ ਮੰਤਰੀ ਜੀ ਤੋਂ ਜਵਾਬ ਆ ਜਾਵੇਗਾ। ਤੁਸੀਂ ਬੈਠੋ ਜੀ।

**ਰਾਣਾ ਗੁਰਮੀਤ ਸਿੰਘ ਸੋਢੀ:** ਜਿਹੜੀਆਂ ਮੌਤਾਂ ਇਨ੍ਹਾਂ ਦੇ ਵੇਲੇ ਡਰੱਗਜ਼ ਦੇ ਨਾਲ ਹੋਈਆਂ ਹਨ...(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਤੁਸੀਂ ਪਲੀਜ਼ ਬੈਠੋ। ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ। ਇਸ ਕਰਕੇ ਤੁਸੀਂ ਪਲੀਜ਼ ਬੈਠੋ।

**ਰਾਣਾ ਗੁਰਮੀਤ ਸਿੰਘ ਸੋਢੀ:** ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ ਕਿਉਂ ਨਹੀਂ ਹੈ?

**ਮਾਨਯੋਗ ਸਪੀਕਰ:** ਅੱਛਾ ਜੀ, ਬੈਠੋ। ਪਲੀਜ਼ ਬੈਠੋ।

**ਰਾਣਾ ਗੁਰਮੀਤ ਸਿੰਘ ਸੋਢੀ:** ਇਹ ਕੁਰਾਹੇ ਪਾ ਰਹੇ ਹਨ ਇਨ੍ਹਾਂ ਨੂੰ ਪਤਾ ਹੈ ਕਿ ਸੱਚ ਕੌਣ ਬੋਲ ਰਿਹਾ ਹੈ ਤੇ ਝੂਠ ਕੌਣ ਬੋਲ ਰਿਹਾ ਹੈ।

**ਮਾਨਯੋਗ ਸਪੀਕਰ:** ਪਲੀਜ਼, ਤੁਸੀਂ ਬੈਠੋ।(....ਵਿਘਨ) ਸੋਢੀ ਸਾਹਿਬ, ਪਲੀਜ਼ ਤੁਸੀਂ ਬੈਠੋ। ਢੀਂਡਸਾ ਸਾਹਿਬ ਬੋਲ ਰਹੇ ਸੀ।

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਇੱਕ ਮਿੰਟ ਦੇ ਦਿਉ ਜੀ। ਮੈਂ ਸੋਢੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਇਸ਼ੂ ਤਿੰਨ ਜਾਂ ਪੰਜ ਲੱਖ ਰੁਪਏ ਦਾ ਨਹੀਂ ਸੀ। ਇਸ਼ੂ ਹੈ ਕਿ ਮਾਨਯੋਗ ਮੰਤਰੀ ਜੀ ਨੇ ਇੱਕ ਕਿਸਾਨ ਨੂੰ begger ਨਾਲ ਕੰਪੇਅਰ ਕੀਤਾ ਹੈ। ਇਹ ਇਸ਼ੂ ਹੈ, ਇਹ ਨਹੀਂ ਹੈ ਕਿ ਤਿੰਨ ਲੱਖ ਦਿੱਤਾ ਜਾਂ ਪੰਜ ਲੱਖ ਦਿੱਤਾ ਹੈ।

**ਮਾਨਯੋਗ ਸਪੀਕਰ:** ਤੁਸੀਂ ਬੈਠੋ। ਹਾਂ ਜੀ, ਢੀਂਡਸਾ ਸਾਹਿਬ ਜੀ।(....ਵਿਘਨ, ਸ਼ੋਰ) ਹਾਂ ਜੀ, ਵਿੱਤ ਮੰਤਰੀ ਸਾਹਿਬ।

**ਵਿੱਤ ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਮਾਨਯੋਗ ਐਕਸ ਐਫ.ਐਮ. ਸਾਹਿਬ ਤੇ ਐਕਸ ਡਿਪਟੀ ਸੀ.ਐਮ. ਸਾਹਿਬ ਨੂੰ ਕਹਿਣਾ

[ਵਿੱਤ ਮੰਤਰੀ]
ਚਾਹੁੰਦਾ ਹਾਂ ਕਿ ਕਿਸੇ ਵੀ ਇਨਸਾਨ ਦੇ ਸੀਨੇ ਵਿੱਚ ਜੇਕਰ ਦਿਲ ਹੈ ਜਾਂ ਕਿਸੇ ਵੀ ਇਨਸਾਨ ਵਿਚ ਜੇ ਦਿਮਾਗ ਹੈ ਤਾਂ ਉਹ ਇਹ ਗੱਲ ਕਹਿ ਨਹੀਂ ਸਕਦਾ ਔਰ ਜੇ ਮੇਰੀ ਜ਼ੁਬਾਨ ਵਿੱਚ ਇਹ ਗੱਲ ਪਾਉਣਾ ਚਾਹੁੰਦੇ ਹਨ ਤਾਂ ਅੱਡ ਗੱਲ ਹੈ ਪਰ ਇਨ੍ਹਾਂ ਦਾ ਦਿਲ ਜਾਣਦਾ ਹੈ ਕਿ ਕੋਈ ਮੁਅੱਜ਼ਬ ਬੰਦਾ ਅਜਿਹੀ ਗੱਲ ਨਹੀਂ ਕਹਿ ਸਕਦਾ।

**ਸਰਦਾਰ ਸੁਖਬੀਰ ਸਿੰਘ ਬਾਦਲ:** ਮਾਨਯੋਗ ਸਪੀਕਰ ਸਾਹਿਬ, ਜੇ ਤੁਸੀਂ ਪਰਮਿਸ਼ਨ ਦਿਉ ਤਾਂ ਤੁਹਾਨੂੰ ਇਸ ਦੀ ਹੁਣੇ ਰਿਕਾਰਡਿੰਗ ਵਿਖਾ ਦੇਈਏ।(....ਵਿਘਨ) ਸਪੀਕਰ ਸਾਹਿਬ, ਜੇ ਤੁਸੀਂ ਪਰਮਿਸ਼ਨ ਦਿਉ ਤਾਂ ਅਸੀਂ ਇਸ ਦੀ ਰਿਕਾਰਡਿੰਗ ਦਿਖਾ ਦੇਈਏ।(....ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਹੁਣ ਢੀਂਡਸਾ ਸਾਹਿਬ ਜੀ ਨੂੰ ਬੋਲਣ ਦਿਉ।(....ਵਿਘਨ) ਤੁਸੀਂ ਬੈਠੋ। ਸੁਖਬੀਰ ਸਿੰਘ ਜੀ, ਢੀਂਡਸਾ ਸਾਹਿਬ ਨੂੰ ਬੋਲਣ ਦਿਉ।(....ਵਿਘਨ, ਸ਼ੋਰ)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਮੈਂ ਕਿਸੇ ਸੁਣੀ-ਸੁਣਾਈ ਤੋਂ ਨਹੀਂ, ਮੈਂ ਆਪਣੇ ਕੰਨੀਂ ਸੁਣਿਆ ਹੈ ਅਤੇ ਜਿਹੜੀ ਰਿਕਾਰਡਿੰਗ ਹੈ ਉਹ ਤੁਸੀਂ ਵੀ ਵੇਖ ਸਕਦੇ ਹੋ, ਮੇਰਾ ਖਿਆਲ ਹੈ ਕਿ ਸ਼ਾਮ ਤੱਕ ਟੀ.ਵੀ. ਚੈਨਲ ਤੇ ਵੀ ਆ ਸਕਦਾ ਹੈ। ਇਹ ਗੱਲ ਮੈਂ ਖ਼ੁਦ ਸੁਣ ਕੇ ਆਇਆ ਹਾਂ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਜੇ ਇਹ ਕੋਈ ਗੱਲ ਆਊਟ ਆਫ਼ ਕਾਂਟੈਕਸਟ ਦੀ ਲੈਣੀ ਚਾਹੁੰਦੇ ਹਨ, ਉਹ ਅਲੱਗ ਗੱਲ ਹੈ ਵਰਨਾ ਮੇਰੀ ਜ਼ੁਬਾਨ ਤੋਂ ਇਹੋ ਜਿਹੀ ਗੱਲ ਨਹੀਂ ਨਿਕਲ ਸਕਦੀ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਚਲੋ, ਇਨ੍ਹਾਂ ਨੇ ਇਹ ਕਹਿ ਦਿੱਤਾ ਹੈ ਪਰ ਮੈਂ ਜੋ ਸੱਚਾਈ ਹੈ, ਉਹ ਦੱਸੀ ਹੈ।ਸਪੀਕਰ ਸਾਹਿਬ, ਮੈਂ ਡੈੱਟ ਵੇਵਰ ਦੀ ਗੱਲ ਕੀਤੀ ਹੈ, ਡੈੱਟ ਵੇਵਰ ਦੇ ਜਿਹੜੇ ਫਿਗਰਜ਼ ਹਨ ਜਾਂ ਤਾਂ ਨਾ ਹੀ ਰੱਖਦੇ ਅਤੇ ਜੇ ਰੱਖੇ ਹਨ ਤਾਂ ਜੋ ਸੀ.ਐਮ. ਸਾਹਿਬ ਨੇ ਐਲਾਨ ਕੀਤੇ ਹਨ, ਘੱਟੋ ਘੱਟ ਉਨਾ ਤਾਂ ਰੱਖਦੇ ਇਹ ਪੂਰਾ ਤਾਂ ਹੋਣਾ ਹੀ ਨਹੀਂ ਸੀ ਕਿਉਂਕਿ ਦਸ ਹਜ਼ਾਰ ਕਰੋੜ ਦਾ ਗੈਪ ਹੈ, ਵੀਹ ਹਜ਼ਾਰ ਕਰੋੜ ਦਾ ਗੈਪ ਹੋ ਜਾਂਦਾ ਜਾਂ 25 ਹਜ਼ਾਰ ਕਰੋੜ ਦਾ ਗੈਪ ਹੋ ਜਾਂਦਾ। ਜੇ ਪੂਰਾ ਹੀ ਨਹੀਂ ਕਰਨਾ ਤਾਂ ਘੱਟੋ ਘੱਟ ਜੇ ਇਸ ਬਜਟ ਦੀ ਲੀਪਾ ਪੋਚੀ ਲਈ ਦਸ ਹਜ਼ਾਰ ਕਰੋੜ ਤਾਂ ਰੱਖ ਲੈਂਦੇ ਤਾਂ ਕਿ ਕਹਿਣ ਜੋਗੇ ਹੋ ਜਾਂਦੇ ਕਿ

ਆਪਾਂ ਤਾਂ ਪ੍ਰੋਵੀਜ਼ਨ ਕਰ ਦਿੱਤੀ। ਚਲੋ, ਬਾਕੀ ਸਾਲ ਬਾਅਦ ਵੇਖਾਂਗਾ ਕਿ ਕੀ ਹੁੰਦਾ ਹੈ ਕੀ ਨਹੀਂ ਹੁੰਦਾ? ਉਸ ਵਿੱਚ ਵੀ ਕਨਫਿਊਜ਼ਨ ਹੈ, ਕਿਵੇਂ ਲਾਗੂ ਕਰਨਗੇ, ਕੀ ਕਰਨਗੇ? ਸੋ, ਇਹ ਜਿਹੜਾ 1500 ਕਰੋੜ ਹੈ, ਇਸ ਬਾਰੇ ਸੀ.ਐਮ. ਸਾਹਿਬ ਕੁਝ ਵੀ ਐਲਾਨ ਕਰਦੇ। ਜਿਹੜਾ ਸੀ.ਐਮ.ਸਾਹਿਬ ਦਾ ਐਲਾਨ ਹੈ, ਉਸ ਬਾਰੇ ਵੀ ਮੈਂ ਪੁੱਛਣਾ ਚਾਹੁੰਦਾ ਹਾਂ....

**ਮਾਨਯੋਗ ਸਪੀਕਰ:** ਮੇਰਾ ਖਿਆਲ ਹੈ ਕਿ ਤੁਹਾਡਾ ਟਾਈਮ ਹੋ ਗਿਆ ਹੈ। ਪਲੀਜ਼ ਵਾਈਂਡ ਅੱਪ ਕਰੋ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਪਲੀਜ਼ ਥੋੜ੍ਹਾ ਜਿਹਾ ਦੂਜਿਆਂ ਦਾ ਵੀ ਟਾਈਮ ਦੇ ਦਿਉ।

**ਮਾਨਯੋਗ ਸਪੀਕਰ:** ਜੇ ਕਿਸੇ ਹੋਰ ਨੇ ਨਹੀਂ ਬੋਲਣਾ ਤਾਂ ਇਹ ਬੋਲ ਲੈਣ ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਚਲੋ, ਮੈਂ ਇੱਕ ਦੋ ਮਿੰਟ ਵਿੱਚ ਹੀ ਵਾਈਂਡ ਅੱਪ ਕਰਦਾ ਹਾਂ ਜੀ। ਬਾਕੀ ਡਿਪਾਰਟਮੈਂਟਾਂ ਦੇ ਬਾਰੇ ਸਾਡੇ ਬਾਕੀ ਐਮ.ਐਲ.ਏ. ਸਾਹਿਬਾਨ ਨੇ ਤਿਆਰੀ ਕੀਤੀ ਹੈ, ਉਹ ਬੋਲਣਗੇ। ਸਪੀਕਰ ਸਾਹਿਬ, ਇਨ੍ਹਾਂ ਦੇ ਐਲਾਨ ਮੁਤਾਬਿਕ ਜਿਹੜਾ ਪੈਸਾ ਰੱਖਿਆ ਹੈ, ਉਸ ਦਾ ਦੋ ਮਹੀਨੇ ਦਾ ਇੰਨਾ ਵਿਆਜ ਬਣਦਾ ਹੈ। ਸਪੀਕਰ ਸਾਹਿਬ, ਜੇ 1500 ਕਰੋੜ ਬਾਰੇ ਵੇਖੀਏ ਤੇ ਜੇਕਰ ਕਿਸਾਨ ਦੇ ਸਿਰ ਉਤੇ ਕੁੱਲ ਕਰਜ਼ਾ 75,000 ਕਰੋੜ ਰੁਪਿਆ ਵੀ ਲਗਾ ਲਈਏ, ਇਹ ਵੀ ਬਗੈਰ ਆੜ੍ਹਤੀਏ ਦਾ, ਬਾਕੀ ਦੇ ਨੂੰ ਛੱਡ ਦਿਉ ਤਾਂ ਇਹ 1500 ਕਰੋੜ ਰੁਪਿਆ ਦੋ ਮਹੀਨੇ ਦਾ ਵਿਆਜ ਬਣਦਾ ਹੈ। ਇਹ ਫਿਰ ਕੋਝਾ ਮਜ਼ਾਕ ਨਹੀਂ ਹੈ ਤਾਂ ਹੋਰ ਕੀ ਹੈ? ਇਸ ਵਿੱਚ ਟੋਟਲੀ ਸਾਰਾ ਹੀ ਇਸੇ ਤਰ੍ਹਾਂ ਹੈ। ਸਪੀਕਰ ਸਾਹਿਬ, ਸਮਾਰਟ ਫੋਨਜ਼ ਲਈ ਸਿਰਫ 10 ਕਰੋੜ ਰੁਪਏ ਦੀ ਪ੍ਰੋਵੀਜ਼ਨ ਕੀਤੀ ਹੈ ਅਤੇ 10 ਕਰੋੜ ਰੁਪਿਆ ਮੈਡੀਕਲ ਕਾਲਜ, ਮੋਹਾਲੀ ਵਾਸਤੇ ਰੱਖਿਆ ਹੈ। ਦੱਸੋ, ਕੀ 10 ਕਰੋੜ ਰੁਪਏ ਨਾਲ ਮੈਡੀਕਲ ਕਾਲਜ ਬਣ ਸਕਦਾ ਹੈ? ਜੇ ਦਸ ਦਸ ਕਰੋੜ ਦਿੱਤਾ ਤਾਂ ਇਸ ਹਿਸਾਬ ਨਾਲ ਸਪੀਕਰ ਸਾਹਿਬ, ਪੰਜਾਹ ਸਾਲਾਂ ਵਿੱਚ ਮੈਡੀਕਲ ਕਾਲਜ ਨਹੀਂ ਬਣ ਸਕਦਾ।

ਇਸੇ ਤਰ੍ਹਾਂ 200 ਵੈਲਨੈਸ ਹੈਲਥ ਕਲੀਨਿਕ ਲਈ ਕੋਈ ਪੈਸਾ ਨਹੀਂ ਰੱਖਿਆ, ਇੰਡਸਟ੍ਰੀਅਲ ਪਾਰਕਸ ਅਤੇ ਇੰਡਸਟ੍ਰੀਅਲ ਹੱਬ ਲਈ ਕੋਈ ਪੈਸਾ ਨਹੀਂ ਰੱਖਿਆ। ਫੇਰ ਤਾਂ ਗਵਰਨਰ ਐਡਰੈਸ ਨਾਲ ਹੀ ਸਰ ਜਾਣਾ ਸੀ, ਇਹ ਬਜਟ ਲਿਆਉਣ ਦੀ ਕੀ

[ਸਰਦਾਰ ਪਰਮਿੰਦਰ ਸਿੰਘ ਢੀਂਡਸਾ]

ਲੋੜ ਸੀ? ਇਹ ਸਾਰੀ ਕੁਮਿਟਮੈਂਟ ਤਾਂ ਗਵਰਨਰ ਐਡਰੈਸ ਵਿੱਚ ਆ ਗਈ ਸੀ। ਸਪੀਕਰ ਸਾਹਿਬ, ਪ੍ਰੋਵੀਜ਼ਨ ਕੋਈ ਨਹੀਂ ਕੀਤੀ ਗਈ। ਇਸ ਲਈ ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਇਹ ਜਿਹੜਾ ਬਜਟ ਹੈ, ਇਹ false ਹੈ, ਇਸ ਤੋਂ ਵੱਧ ਪੰਜਾਬ ਨਾਲ ਧੋਖਾ ਅਤੇ ਖਾਸ ਕਰਕੇ ਇਸ ਹਾਊਸ ਦੇ ਅੰਦਰ ਧੋਖਾ ਨਹੀਂ ਹੋ ਸਕਦਾ। ਤੁਸੀਂ ਬਜਟ ਨੂੰ ਬੈਲੈਂਸ ਹੀ ਨਹੀਂ ਕਰ ਰਹੇ। ਜਦ ਬਜਟ ਲਈ ਤੁਹਾਡੇ ਕੋਲ ਪੈਸਾ ਹੀ ਨਹੀਂ ਹੈ, ਤੁਸੀਂ ਸ਼ੋਅ ਹੀ ਨਹੀਂ ਕਰ ਰਹੇ ਕਿ ਤੁਹਾਡੇ ਕੋਲ ਪੈਸਾ ਕਿਥੋਂ ਆਵੇਗਾ ਤਾਂ ਉਸ ਬਜਟ ਦਾ ਮਾਅ੍ਨਾ ਕੀ ਹੈ? ਜਦੋਂ ਅਸੀਂ ਬਜਟ ਤੇ ਵਾਕ ਆਊਟ ਕਰ ਰਹੇ ਸੀ ਤਾਂ ਸਾਡੇ ਕਈ ਮੈਂਬਰਾਂ ਨੇ ਇਸ ਦੀਆਂ ਕਾਪੀਆਂ ਫਾੜ ਕੇ ਸੁੱਟ ਦਿੱਤੀਆਂ। ਮੈਂ ਸੋਚਿਆ ਕਿ ਨਹੀਂ, ਇਹ ਬੜਾ ਇੰਪਾਰਟੈਂਟ ਡਾਕੂਮੈਂਟ ਹੈ, ਮੈਂ ਆਪਣੇ ਕੋਲ ਲੈ ਕੇ ਜਾਵਾਂ, ਮੈਂ ਇਕੱਲੇ ਨੇ ਨਹੀਂ ਪਾੜ੍ਰਿਆ... ਗੱਲ ਸੁਣੋ। ਮੈਂ ਸੋਚਿਆ, ਚਲੋ ਇਸ ਨੂੰ ਪੜ੍ਹੀਏ ਪਰ ਮੈਂ ਕਹਿੰਦਾ ਹਾਂ ਕਿ ਮੇਰੇ ਸਾਥੀ ਮੈਂਬਰ ਮੇਰੇ ਨਾਲੋਂ ਜ਼ਿਆਦਾ ਸਿਆਣੇ ਹਨ, ਇਨ੍ਹਾਂ ਨੇ ਪਹਿਲਾਂ ਹੀ ਫਾੜ ਦਿੱਤਾ। ਇਨ੍ਹਾਂ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ ਕਿ ਇਸ ਬਜਟ ਵਿੱਚ ਕੁਝ ਨਹੀਂ ਹੈ। ਇਹ ਸਿਰਫ ਫਾੜ ਕੇ ਡਸਟਬਿਨ ਵਿੱਚ ਸੁੱਟਣ ਯੋਗ ਹੈ। ਇਹੀ ਮੈਂ ਤੁਹਾਨੂੰ ਬੇਨਤੀ ਕਰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ।(ਸ਼੍ਰੋਮਣੀ ਅਕਾਲੀ ਦਲ ਦੇ ਬੈਂਚਿਜ਼ ਵਲੋਂ ਥੰਪਿੰਗ)

**ਮਾਨਯੋਗ ਸਪੀਕਰ :** ਇਨ੍ਹਾਂ ਨੂੰ ਬਗੈਰ ਪੜ੍ਹੇ ਹੀ ਪਤਾ ਲੱਗ ਗਿਆ।

**ਸ਼੍ਰੀ ਵਿਜੈ ਇੰਦਰ ਸਿੰਗਲਾ (ਸੰਗਰੂਰ):** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਅੱਜ ਇਸ ਸਦਨ ਵਿੱਚ ਆਪਣੀ ਗੱਲ ਰੱਖਣ ਦਾ ਮੌਕਾ ਦਿੱਤਾ। ਦੂਜਾ, ਮੈਂ ਆਪਣੇ ਮੁੱਖ ਮੰਤਰੀ ਸਾਹਿਬ ਅਤੇ ਸਾਡੇ ਵਿੱਤ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਆਪਣੀ ਯੋਗ ਸਮਝ ਨਾਲ ਪੰਜਾਬ ਦੀ ਆਰਥਿਕ ਸਥਿਤੀ ਨੂੰ ਦੇਖਦੇ ਹੋਏ ਇਕ ਬਹੁਤ ਵਧੀਆ ਬਜਟ ਆਉਣ ਵਾਲੇ ਸਾਲ ਵਾਸਤੇ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤਾ ਹੈ। ਪੰਜ ਦਰਿਆਵਾਂ ਦੀ ਇਹ ਧਰਤੀ, ਦਸਾਂ ਗੁਰੂਆਂ ਦੀ ਇਹ ਧਰਤੀ, ਪੀਰਾਂ-ਪੈਗੰਬਰਾਂ ਦੀ ਇਹ ਧਰਤੀ, ਦੇਸ਼ ਨੂੰ ਅੰਨ ਦੇਣ ਵਾਲੀ ਇਹ ਧਰਤੀ, ਇਕ ਵਕਤ ਵਿੱਚ ਪੂਰੇ ਹਿੰਦੁਸਤਾਨ ਵਿੱਚ ਸਰਦਾਰੀ ਕਰਨ ਵਾਲੀ ਇਹ ਧਰਤੀ, ਜਿਸ ਨੂੰ ਪਿਛਲੇ 10 ਵਰ੍ਹਿਆਂ ਦੀ ਅਕਾਲੀ ਦਲ ਦੀ ਸਰਕਾਰ ਨੇ ਭਿਖਾਰੀ ਬਣਾ ਕੇ ਰੱਖਿਆ..(ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ)

**ਸਰਦਾਰ ਬਿਕਰਮ ਸਿੰਘ ਮਜੀਠੀਆ (ਬੈਠੇ ਬੈਠੇ) :** ਸ਼ੇਮ ਸ਼ੇਮ ਕਹਿਣਾ ਚਾਹੀਦਾ ਸੀ।

**ਸ਼੍ਰੀ ਵਿਜੈ ਇੰਦਰ ਸਿੰਗਲਾ :** ਇਕ ਨੰਬਰ ਦੇ ਸੂਬੇ ਨੂੰ 2 ਲੱਖ ਕਰੋੜ ਦੇ ਕਰਜ਼ੇ ਥੱਲੇ ਦਬਾ ਕੇ ਰੱਖਿਆ।(ਟਰੇਜ਼ਰੀ ਬੈਂਚਿਜ਼ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਸਪੀਕਰ ਸਾਹਿਬ, ਮੈਂ ਆਪਣੇ ਬਚਪਨ ਵਿੱਚ ਇਕ ਕਹਾਵਤ ਸੁਣੀ ਸੀ ਕਿ ਜਿਸ ਦੇਸ਼ ਦਾ ਰਾਜਾ ਵਪਾਰੀ, ਉਸ ਦੀ ਪਰਜਾ ਭਿਖਾਰੀ। ਮੈਂ ਸਾਬਕਾ ਵਿੱਤ ਮੰਤਰੀ ਜੀ ਦੀ ਗੱਲ ਬੜੇ ਧਿਆਨ ਨਾਲ ਸੁਣ ਰਿਹਾ ਸੀ, ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਜੇ ਪਿਛਲੀ ਸਰਕਾਰ ਦੇ ਲੀਡਰ ਸਾਹਿਬਾਨ, ਮੰਤਰੀ ਸਾਹਿਬਾਨ, ਸੂਬੇ ਦੀ ਸਰਕਾਰ...

(ਇਸ ਸਮੇਂ ਸਥਾਨਕ ਸਰਕਾਰ ਮੰਤਰੀ, ਸਰਦਾਰ ਨਵਜੋਤ ਸਿੰਘ ਸਿੱਧੂ ਸ਼੍ਰੋਮਣੀ ਅਕਾਲੀ ਦਲ ਦੇ ਬੈਂਚਿਜ਼ ਵੱਲ ਆਪਣੇ ਹੱਥਾਂ ਨਾਲ ਇਸ਼ਾਰੇ ਕਰ ਰਹੇ ਸਨ।)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ** **

**ਮਾਨਯੋਗ ਸਪੀਕਰ :** ਪਲੀਜ਼ ਬੈਠੋ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) :** ** ** (ਹਾਸਾ)

**ਮਾਨਯੋਗ ਸਪੀਕਰ :** ਜੋ ਵੀ ਚੇਅਰ ਦੀ ਇਜ਼ਾਜਤ ਤੋਂ ਬਿਨਾ ਕਿਹਾ ਗਿਆ ਹੈ, ਉਹ ਐਕਸਪੰਜ ਕੀਤਾ ਜਾਵੇ।(ਵਿਘਨ, ਸ਼ੋਰ) ਤੁਸੀਂ ਆਪਣੀ ਗੱਲ ਫੇਰ ਸ਼ੁਰੂ ਕਰ ਦਿਓ। ਪਲੀਜ਼ ਬੈਠੋ। ਵਿਜੈ ਇੰਦਰ ਜੀ ਨੂੰ ਬੋਲਣ ਦਿਓ।

**ਸ਼੍ਰੀ ਵਿਜੈ ਇੰਦਰ ਸਿੰਗਲਾ :** ਪਿਛਲੇ 10 ਸਾਲ ਦੇ ਸਮੇਂ ਦੀ ਸੂਬੇ ਦੀ ਸਰਕਾਰ ਨੇ ਜਿੰਨੇ ਵੀ ਸਰਕਾਰ ਦੀ ਆਮਦਨ ਦੇ ਜ਼ਰੀਏ ਹੁੰਦੇ ਹਨ, ਉਨ੍ਹਾਂ ਕਾਰੋਬਾਰਾਂ ਤੇ ਕਬਜ਼ਾ ਖ਼ੁਦ ਰੱਖਿਆ (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਜਿਸ ਕਰਕੇ ਅੱਜ ਸਾਬਕਾ ਵਿੱਤ ਮੰਤਰੀ ਜੀ ਇਸ ਸੂਬੇ ਦੀ ਆਰਥਿਕ ਸਥਿਤੀ ਦੇ ਉਪਰ ਬੜੇ ਜ਼ੋਰਦਾਰ ਤਰੀਕੇ ਨਾਲ ਅੰਕੜਿਆਂ ਦੇ ਤਹਿਤ ਆਪਣੀ ਗੱਲਬਾਤ ਰੱਖ ਰਹੇ ਸੀ। ਜੇ ਪਿਛਲੇ ਸਮੇਂ ਵਿੱਚ ਗੌਰ ਕਰੀਏ ਤਾਂ ਤੁਸੀਂ ਦੇਖੋਗੇ ਕਿ ਦੋ ਚੀਜ਼ਾਂ ਦਾ ਬਜਟ ਵਧਿਆ ਹੈ ਜਾਂ ਤਾਂ ਚਿੱਟੇ ਪਾਊਡਰ ਦਾ ਬਜਟ ਵਧਿਆ ਹੈ ਅਤੇ ਜਾਂ ਚਿੱਟੀ ਮੱਖੀ ਦਾ ਬਜਟ ਵਧਿਆ ਹੈ।(ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਹ ਕਿਸ ਨੇ ਵਧਾਇਆ, ਮੈਨੂੰ ਇਸ ਸਦਨ ਵਿੱਚ ਦੱਸਣ ਦੀ ਲੋੜ ਨਹੀਂ ਹੈ। ਮੈਂ ਇਕ ਗੱਲ ਜ਼ੋਰ ਨਾਲ ਸਦਨ ਵਿਚ ਕਹਿਣੀ ਚਾਹੁੰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਜੀ ਦੀ

** Not recorded as ordered by the Chair.

[ ਸ਼੍ਰੀ ਵਿਜੈ ਇੰਦਰ ਸਿੰਗਲਾ ]

ਸਰਕਾਰ ਵਿਚ ਨਾ ਚਿੱਟਾ ਪਾਊਡਰ ਲੱਭਣਾ ਹੈ ਅਤੇ ਨਾ ਹੀ ਚਿੱਟੀ ਮੱਖੀ ਲੱਭਣੀ ਹੈ। (ਥੰਪਿੰਗ)

ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ। ਮੈਨੂੰ ਸੰਗਰੂਰ ਲੋਕ ਸਭਾ ਹਲਕੇ ਦੇ ਲੋਕਾਂ ਦੇ ਪਿਆਰ ਅਤੇ ਆਸ਼ੀਰਵਾਦ ਸਦਕਾ ਪਾਰਲੀਮੈਂਟ ਵਿਚ ਵੀ ਰਹਿਣ ਦਾ ਮੌਕਾ ਮਿਲਿਆ ਹੈ। ਜਿਸ ਦਿਨ ਦਾ ਇਹ ਸਦਨ ਸ਼ੁਰੂ ਹੋਇਆ ਹੈ, ਮੇਰੇ ਮਨ ਨੂੰ ਬੜਾ ਦੁੱਖ ਲਗਦਾ ਹੈ। ਜਦੋਂ ਕਦੇ ਸਾਡੇ ਆਪੋਜ਼ੀਸ਼ਨ ਦੇ ਲੀਡਰ ਸਾਹਿਬਾਨਾਂ ਅਤੇ ਕਦੇ ਹੋਰ ਮੈਂਬਰ ਸਾਹਿਬਾਨਾਂ ਵਲੋਂ ਕਾਂਗਰਸ ਪਾਰਟੀ ਦੇ ਮੈਨੀਫੈਸਟੋ ਦੀ ਕਾਪੀ ਨੂੰ ਲਿਆ ਕੇ ਸਾਹਮਣੇ ਰੱਖਿਆ ਜਾਂਦਾ ਹੈ। ਮੈਂ ਪਿਛਲੀ ਸਰਕਾਰ ਦੇ ਵਿਰੋਧੀ ਧਿਰ ਦੇ ਲੀਡਰ ਸਾਹਿਬਾਨਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ 10 ਸਾਲ ਰਾਜ ਕੀਤਾ। ਜਦੋਂ ਵੀ ਚੋਣਾਂ ਆਉਂਦੀਆਂ ਹਨ, ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ ਪਿਛਲੇ ਸਮੇਂ ਵਿੱਚ ਕੀ ਰਹੀ ਹੈ, ਇਸ ਵਾਸਤੇ ਅਸੀਂ ਲੋਕਾਂ ਦੇ ਕਟਹਿਰੇ ਵਿਚ ਜਾਂਦੇ ਹਾਂ। ਲੋਕਾਂ ਦੇ ਕਟਹਿਰੇ ਵਿਚ ਜਾਣ ਤੋਂ ਬਾਅਦ ਹਰ ਰਾਜਸੀ ਪਾਰਟੀ ਦਾ ਆਗੂ ਆਪਣੀ ਗੱਲ ਰੱਖਦਾ ਹੈ ਅਤੇ ਗੱਲ ਦੇ ਨਾਲ ਆਪਣੀ ਪਾਰਟੀ ਦਾ ਏਜੰਡਾ ਰੱਖਦਾ ਹੈ। ਜੋ ਚੋਣ ਮਨੋਰਥ ਪੱਤਰ ਹੁੰਦਾ ਹੈ, ਉਸ ਨੂੰ ਦੇਖ ਕੇ ਸਮੁੱਚੇ ਦੇਸ਼ ਦੇ ਲੋਕ ਅਤੇ ਸੂਬਿਆਂ ਦੇ ਲੋਕ ਵੱਖ ਵੱਖ ਚੋਣਾਂ ਵਿਚ ਆਪਣਾ ਫ਼ਤਵਾ ਦਿੰਦੇ ਹਨ। ਮੈਂ ਅੱਜ ਪਿਛਲੀ ਸਰਕਾਰ ਦੇ ਲੀਡਰ ਸਾਹਿਬਾਨਾਂ ਨੂੰ ਉਨ੍ਹਾਂ ਦੇ ਵਾਅਦੇ ਦੱਸਣਾ ਚਾਹੁੰਦਾ ਹਾਂ – ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਦੇ ਵਾਅਦੇ, ਪੰਜਾਬ ਦੇ ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਨੂੰ ਲੈਪਟਾਪ ਦੇਣ ਦੇ ਵਾਅਦੇ, ਪੰਜਾਬ ਦੇ ਜਵਾਨਾਂ ਨੂੰ ਰੋਜ਼ਗਾਰ ਦੇਣ ਦੇ ਵਾਅਦੇ, ਬੇਰੁਜ਼ਗਾਰੀ ਭੱਤਾ ਦੇਣ ਦੇ ਵਾਅਦੇ, ਮੇਰੇ ਲੁਧਿਆਣੇ ਦੇ ਭਰਾ ਬੈਠੇ ਹਨ, ਉਹ ਦੱਸ ਦੇਣ, ਉਥੇ ਮੋਨੋ ਰੇਲ ਚਲਾਉਣ ਦੇ ਵਾਅਦੇ, ਮੈਟਰੋ ਦੇ ਵਾਅਦੇ ਅਤੇ ਹੋਰ ਬਹੁਤ ਸਾਰੇ ਵਾਅਦੇ ਪੰਜਾਬ ਦੀ ਜਨਤਾ ਦੇ ਨਾਲ ਸਮੇਂ ਸਮੇਂ ਦੀਆਂ ਚੋਣਾਂ ਦੇ ਮੌਕੇ ਪਿਛਲੀ ਸਰਕਾਰ ਨੇ ਵੱਖ ਵੱਖ ਸਮੇਂ ਤੇ ਕੀਤੇ।

ਸਾਡੇ ਵਿੱਤ ਮੰਤਰੀ ਅਤੇ ਮੁੱਖ ਮੰਤਰੀ ਸਾਹਿਬ ਨੇ ਕੱਲ੍ਹ ਅਤੇ ਪਰਸੋਂ ਆਪਣੀ ਗੱਲ ਇਸ ਸਦਨ ਵਿਚ ਰੱਖੀ ਹੈ। ਸਰਕਾਰ ਬਣੀ ਨੂੰ ਢਾਈ-ਤਿੰਨ ਮਹੀਨੇ ਹੋਏ ਹਨ ਪਰ ਇਥੇ ਹਰ ਵਾਰ ਕਾਂਗਰਸ ਪਾਰਟੀ ਦੇ ਚੋਣ ਮਨੋਰਥ ਪੱਤਰ ਨੂੰ ਲੈ ਕੇ ਟਿੱਪਣੀ ਕੀਤੀ ਜਾਂਦੀ ਹੈ। ਸਾਡੀ ਵਿਰੋਧੀ ਧਿਰ ਦੀ ਜੋ ਭਾਈਵਾਲ ਪਾਰਟੀ ਹੈ, ਉਸ ਨੂੰ ਦਿੱਲੀ ਵਿੱਚ ਸਰਕਾਰ ਬਣਾਇਆਂ ਤਿੰਨ ਸਾਲ ਹੋ ਗਏ ਹਨ ਪਰ ਉਹ ਆਪਣੇ ਚੋਣ ਮਨੋਰਥ ਪੱਤਰ ਵਿਚਲੀ ਇਕ ਵੀ ਪ੍ਰਾਪਤੀ ਅੱਜ ਤੱਕ ਉਥੇ ਹਾਸਲ ਨਹੀਂ ਕਰ ਸਕੀ ਜਦਕਿ ਪੰਜਾਬ ਵਿੱਚ ਅੱਜ ਇਥੇ ਸਰਕਾਰ ਬਣੀ

ਨੂੰ ਸਿਰਫ ਢਾਈ ਮਹੀਨੇ ਹੀ ਹੋਏ ਹਨ। ਸਪੀਕਰ ਸਾਹਿਬ, ਇਹ ਤਾਂ ਸਰਕਾਰ ਵਿੱਚ ਆਉਣ ਬਾਰੇ ਪੱਕਾ ਸੋਚ ਕੇ ਬੈਠੇ ਸੀ। ਕੋਈ ਇਨ੍ਹਾਂ ਵਿੱਚੋਂ ਵਿੱਤ ਮੰਤਰੀ ਸੀ, ਕੋਈ ਮੁੱਖ ਮੰਤਰੀ ਸੀ ਅਤੇ ਇਸ ਦੇ ਨਾਲ ਨਾਲ ਕਈ ਮਹਿਕਮਿਆਂ ਦੇ ਸੈਕਟਰੀ ਵੀ ਇਨ੍ਹਾਂ ਨੇ ਚੁਣ ਰੱਖੇ ਸੀ ਪਰ ਅੱਜ ਇਨ੍ਹਾਂ ਨੂੰ ਇਥੇ ਬੈਠ ਕੇ ਇਸ ਗੱਲ ਦੀ ਤਕਲੀਫ਼ ਹੁੰਦੀ ਹੈ। ਸਪੀਕਰ ਸਾਹਿਬ, ਸਰਕਾਰ ਦੀ ਜ਼ਿੰਮੇਵਾਰੀ ਕੀ ਸੀ? ਅੱਜ ਇਨ੍ਹਾਂ ਨੇ ਬਹੁਤ ਵਧੀਆ ਤਰੀਕੇ ਨਾਲ ਅੰਕੜੇ ਰੱਖੇ ਹਨ। ਮੈਂ ਪਰਸੋਂ ਆਪੋਜ਼ੀਸ਼ਨ ਦੇ ਲੀਡਰ ਸਾਹਿਬਾਨ ਨੂੰ ਸੁਣ ਰਿਹਾ ਸੀ, ਉਨ੍ਹਾਂ ਨੇ ਕਿਹਾ ਕਿ ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਉਸ ਵੇਲੇ ਕਰਨ ਆਵਾਂਗਾ ਜਦੋਂ ਇਹ ਗੱਲਾਂ ਜ਼ਮੀਨੀ ਤੌਰ ਤੇ ਮੁਕੰਮਲ ਹੋ ਜਾਣਗੀਆਂ।

ਇਹ ਪ੍ਰਥਾ ਹੈ, ਅਸੀਂ ਸਾਰੇ ਲੋਕ ਜਦੋਂ ਚੋਣਾਂ ਵਿਚ ਜਾਂਦੇ ਹਾਂ ਤਾਂ ਚੋਣ ਮਨੋਰਥ ਪੱਤਰ ਆਉਂਦਾ ਹੈ। ਜਦੋਂ ਸਰਕਾਰਾਂ ਬਣ ਜਾਂਦੀਆਂ ਹਨ ਤਾਂ ਸਰਕਾਰਾਂ ਆਪਣੀ ਸੋਚ ਅਤੇ ਆਪਣੀ ਪਾਰਟੀ ਦੇ ਚੋਣ ਮੈਨੀਫੈਸਟੋ ਦੀ ਸੋਚ ਸਦਨ ਵਿਚ ਲੈ ਕੇ ਆਉਂਦੀਆਂ ਹਨ ਔਰ ਬਜਟ ਇਕ ਐਸਾ ਸਾਧਨ ਹੁੰਦਾ ਹੈ ਜਿਸ ਵਿਚ ਉਸ ਸੋਚ ਨੂੰ ਪੂਰਾ ਕਰਨ ਵਾਸਤੇ ਗੱਲ ਕੀਤੀ ਹੁੰਦੀ ਹੈ। ਜਦੋਂ ਉਹ ਸੋਚ ਪੂਰੀ ਹੁੰਦੀ ਹੈ ਤਾਂ ਉਹ ਸਰਕਾਰ ਦਾ ਕੀਤਾ ਹੋਇਆ ਕੰਮ ਹੁੰਦਾ ਹੈ। ਅੱਜ ਵਿੱਤ ਮੰਤਰੀ ਸਾਹਿਬ ਨੇ ਜੋ ਬਜਟ ਰੱਖਿਆ ਹੈ, ਛੋਟੀਆਂ ਛੋਟੀਆਂ ਐਲੋਕੇਸ਼ਨਜ਼ ਦਿੱਤੀਆਂ ਹਨ ਤਾਂ ਇਹ ਉਸ ਬਜਟ ਤਹਿਤ ਦਿੱਤੀਆਂ ਹਨ ਜੋ ਸਾਡੀ ਪਾਰਟੀ ਦਾ ਚੋਣ ਮਨੋਰਥ ਪੱਤਰ ਸੀ ਅਤੇ ਜਿਸ ਕਰਕੇ ਕੈਪਟਨ ਅਮਰਿੰਦਰ ਸਿੰਘ ਦੀ ਰਹਿਨੁਮਾਈ ਵਿੱਚ ਅਸੀਂ ਸਾਰੇ ਪੰਜਾਬ ਦੇ ਵਿਚੋਂ ਜਿੱਤ ਕੇ ਇੰਨੀ ਵੱਡੀ ਗਿਣਤੀ ਵਿੱਚ ਹਾਊਸ ਵਿੱਚ ਆਏ ਹਾਂ।(ਥੰਪਿੰਗ)

ਸਪੀਕਰ ਸਾਹਿਬ, ਇਥੇ ਆਰਥਿਕ ਸੰਕਟ ਦੀ ਗੱਲ ਕੀਤੀ ਗਈ ਹੈ। ਇਸ ਵੇਲੇ ਪੰਜਾਬ ਦੀ ਹਾਲਤ ਫਾਈਨਾਂਸ਼ੀਅਲ ਐਮਰਜੰਸੀ ਵਰਗੀ ਹੈ ਲੇਕਿਨ ਕਾਂਗਰਸ ਪਾਰਟੀ ਨੇ ਇਸ ਗੱਲ ਨੂੰ ਵੀ ਖਿੜ੍ਹੇ ਮੱਥੇ ਲਿਆ ਹੈ। ਇਕ ਇਤਿਹਾਸਕ ਫੈਸਲਾ, ਪੰਜਾਬ ਦੀ ਛੋਟੀ ਕਿਸਾਨੀ ਦੇ ਕਰਜ਼ੇ ਨੂੰ ਮੁਆਫ ਕਰਨ ਦਾ ਕੀਤਾ ਹੈ, ਇਹ ਬਹੁਤ ਹੀ ਸ਼ਲਾਘਾਯੋਗ ਫੈਸਲਾ ਹੈ। ਮੈਂ ਇਸ ਲਈ ਮੁੱਖ ਮੰਤਰੀ ਸਾਹਿਬ ਅਤੇ ਵਿੱਤ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ। ਸਾਢੇ 10 ਲੱਖ ਛੋਟੇ ਕਿਸਾਨਾਂ ਨੂੰ ਇਸ ਬਜਟ ਤਹਿਤ ਫਾਇਦਾ ਹੋਣਾ ਹੈ ਅਤੇ 8,000 ਤੋਂ ਲੈ ਕੇ 10,000 ਕਰੋੜ ਰੁਪਿਆ ਕਿਸਾਨੀ ਦੇ ਇਸ ਕਰਜ਼ੇ ਨੂੰ ਮੁਆਫ਼ ਕਰਨ ਵਾਸਤੇ ਵਾਅਦਾ ਦਿੱਤਾ ਹੈ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ....

**ਮਾਨਯੋਗ ਸਪੀਕਰ:** ਹਾਂ ਜੀ, ਦੱਸੋ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ (ਨਕੋਦਰ):** ਸਪੀਕਰ ਸਾਹਿਬ, ਸਿੰਗਲਾ ਸਾਹਿਬ ਨੇ ਮੁੱਖ ਮੰਤਰੀ ਸਾਹਿਬ ਨੂੰ ਕੋਟ ਕੀਤਾ ਕਿ ਸਾਢੇ 10 ਲੱਖ ਕਿਸਾਨਾਂ ਦਾ ਕਰਜ਼ਾ ਮੁਆਫ਼ ਹੋਣਾ ਹੈ ਅਤੇ ਵਿੱਤ ਮੰਤਰੀ ਜੀ ਨੇ ਇਸ ਲਈ 1500 ਕਰੋੜ ਰੁਪਏ ਦੇ ਬਜਟ ਦੀ ਐਲੋਕੇਸ਼ਨ ਕੀਤੀ ਹੈ। ਇਹ ਦੱਸਣ ਕਿ ਇਸ ਨਾਲ ਕਿਸਾਨਾਂ ਦਾ ਕਿੰਨਾ ਕਰਜ਼ਾ ਮੁਆਫ ਹੋ ਸਕਦਾ ਹੈ ? (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਵਿੱਤ ਮੰਤਰੀ ਜੀ ਇਸ ਦੀ ਕਲੈਰੀਫਿਕੇਸ਼ਨ ਦੇਣਗੇ, ਉਨ੍ਹਾਂ ਨੂੰ ਬੋਲਣ ਦਿਓ। ਸਿੰਗਲਾ ਸਾਹਿਬ, ਤੁਸੀਂ ਬੋਲੋ।

**ਸ਼੍ਰੀ ਵਿਜੈ ਇੰਦਰ ਸਿੰਗਲਾ:** ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਮੇਰੀ ਗੱਲ ਪੂਰੀ ਹੋਣ ਦਿੰਦੇ ਤਾਂ ਸ਼ਾਇਦ ਇਸ ਪੁਆਇੰਟ ਆਫ਼ ਆਰਡਰ ਦੀ ਲੋੜ ਨਾ ਪੈਂਦੀ।

**ਮਾਨਯੋਗ ਸਪੀਕਰ:** ਤੁਸੀਂ ਆਪਣੀ ਗੱਲ ਕਰੋ। ਇਸ ਦੀ ਕਲੈਰੀਫਿਕੇਸ਼ਨ ਵਿੱਤ ਮੰਤਰੀ ਜੀ ਦੇਣਗੇ।

**ਸ਼੍ਰੀ ਵਿਜੈ ਇੰਦਰ ਸਿੰਗਲਾ:** ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਕੈਪਟਨ ਸਾਹਿਬ ਨੇ ਮੁੱਖ ਮੰਤਰੀ ਬਣਨ ਤੋਂ ਬਾਅਦ ਇਸ ਕਿਸਾਨੀ ਕਰਜ਼ੇ ਨੂੰ ਬੜੀ ਗੰਭੀਰਤਾ ਨਾਲ ਲਿਆ। ਇਸੇ ਕਰਕੇ ਹੱਕ ਸਾਹਿਬ ਦੀ ਐਕਸਪਰਟ ਕਮੇਟੀ ਬਿਠਾਈ ਗਈ, ਜਿਸ ਨੇ ਹਾਲੇ ਸਿਰਫ਼ ਆਪਣੀ ਇੰਟੈਰਿਮ ਰਿਪੋਰਟ ਦਿੱਤੀ ਹੈ। ਹੱਕ ਸਾਹਿਬ ਕੋਈ ਕਾਂਗਰਸ ਪਾਰਟੀ ਦੇ ਐਮ.ਐਲ.ਏ. ਜਾਂ ਐਮ.ਪੀ. ਨਹੀਂ ਰਹੇ, ਉਹ ਇਸ ਦੇਸ਼ ਦੇ ਸਭ ਤੋਂ ਵੱਡੇ ਨੀਤੀ ਆਯੋਗ ਦੇ ਕਾਬਲ ਮੈਂਬਰ ਹਨ। ਜੋ ਇਸ ਐਕਸਪਰਟ ਕਮੇਟੀ ਨੂੰ ਹੈੱਡ ਕਰ ਰਹੇ ਹਨ। ਉਨ੍ਹਾਂ ਦੀ ਇੰਟੈਰਿਮ ਰਿਪੋਰਟ ਨੂੰ ਦੇਖ ਕੇ ਹੀ ਕਿਸਾਨਾਂ ਦੇ ਕਰਜ਼ੇ ਦੀ ਮੁਆਫ਼ੀ ਦੀ ਗੱਲ ਕੀਤੀ ਗਈ ਹੈ। ਜੋ ਮੈਂਬਰ ਸਾਹਿਬ ਨੇ ਪੁਆਇੰਟ ਰੇਜ਼ ਕੀਤਾ ਹੈ, ਜਿਹੜੇ ਕਿਸਾਨ ਦੀ ਪੰਜ ਏਕੜ ਜ਼ਮੀਨ ਹੈ, ਉਸ ਨੂੰ ਅਸੀਂ ਬੈਂਕਾਂ ਤੋਂ ਟੇਕ ਓਵਰ ਕਰ ਲਿਆ ਹੈ, ਅਸੀਂ ਦੋ ਲੱਖ ਰੁਪਏ ਤੱਕ ਦਾ ਲੋਨ ਉਸ ਨੂੰ ਮੁਆਫ਼ ਕਰ ਦਿੱਤਾ ਹੈ।(ਵਿਘਨ..ਸ਼ੋਰ)

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ।

**ਮਾਨਯੋਗ ਸਪੀਕਰ:** ਤੁਹਾਨੂੰ ਮੌਕਾ ਮਿਲੇਗਾ, ਇਸ ਦੀ ਕਲੈਰੀਫਿਕੇਸ਼ਨ ਵਿੱਤ ਮੰਤਰੀ ਜੀ ਦੇਣਗੇ। ਪਲੀਜ਼ ਇੰਟਰਪਟ ਨਾ ਕਰੋ। ਤੁਸੀਂ ਬੈਠੋ, ਇਸ ਤਰ੍ਹਾਂ ਨਾ ਕਰੋ।

**ਸ਼੍ਰੀ ਵਿਜੈ ਇੰਦਰ ਸਿੰਗਲਾ:** ਜਿਹੜੀ ਕਿਸਾਨੀ ਕਰਜ਼ੇ ਦੀ ਗੱਲ ਹੋਈ ਹੈ, ਉਸ ਨੂੰ ਸਾਡੀ ਸਰਕਾਰ ਨੇ ਬੈਂਕਾਂ ਤੋਂ ਸਿੱਧਾ ਟੇਕ ਓਵਰ ਕਰ ਲਿਆ ਤਾਂ ਕਿ ਉਸ ਵਿਚ ਕਿਸਾਨ ਦਾ ਕੋਈ ਰੋਲ ਨਾ ਰਹੇ। This has been told by the hon'ble Finance Minister on the floor of the House.(ਵਿਘਨ...ਸ਼ੋਰ)

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ....

**ਮਾਨਯੋਗ ਸਪੀਕਰ:** ਤੁਸੀਂ ਵਿੱਤ ਮੰਤਰੀ ਜੀ ਤੋਂ ਕਲੈਰੀਫਿਕੇਸ਼ਨ ਮੰਗ ਸਕਦੇ ਹੋ। ਉਹ ਆਪਣੀ ਕਲੈਰੀਫਿਕੇਸ਼ਨ ਦੇਣਗੇ। ਤੁਸੀਂ ਮੈਂਬਰ ਸਾਹਿਬ ਨੂੰ ਬੋਲ ਲੈਣ ਦਿਓ।

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਇਕ ਮਿੰਟ ਜੀ। Its a misleading statement in the House. ਇਨ੍ਹਾਂ ਨੇ ਹੁਣੇ ਜ਼ਿਕਰ ਕੀਤਾ ਹੈ ਕਿ ਬੈਂਕਾਂ ਤੋਂ ਸਰਕਾਰ ਨੇ ਕਰਜ਼ਾ ਟੇਕ ਓਵਰ ਕਰ ਲਿਆ ਹੈ, because this is very major announcement, is he sure? Finance Minister is here ਕੀ ਸਰਕਾਰ ਨੇ ਬੈਂਕਾਂ ਦਾ ਕਰਜ਼ਾ ਟੇਕ ਓਵਰ ਕਰ ਲਿਆ ਹੈ? I want to congratulate them.

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਸਰਦਾਰ ਸੁਖਬੀਰ ਬਾਦਲ ਜੀ ਨੂੰ ਕਹਾਂਗਾ ਕਿ ਇਥੇ ਢੀਂਡਸਾ ਸਾਹਿਬ ਵੀ ਬੋਲ ਕੇ ਗਏ ਹਨ, ਉਨ੍ਹਾਂ ਨੇ ਸੱਚ ਬੋਲਿਆ ਜਾਂ ਝੂਠ ਬੋਲਿਆ, ਮੈਂ ਉਨ੍ਹਾਂ ਨੂੰ ਇੰਟਰਪਟ ਨਹੀਂ ਕੀਤਾ। ਹਰ ਮੈਂਬਰ ਦਾ ਹੱਕ ਹੈ ਕਿ ਉਹ ਆਪਣੀ ਗੱਲ ਕਹਿ ਸਕਦਾ ਹੈ। ਅਸੀਂ ਤੁਹਾਡੀ ਗੱਲ ਵਿਚ ਨਹੀਂ ਬੋਲ ਰਹੇ, ਤੁਸੀਂ ਸਾਡੀ ਗੱਲ ਵਿਚ ਨਾ ਬੋਲੋ।

**ਮਾਨਯੋਗ ਸਪੀਕਰ:** ਸਰਦਾਰ ਸੁਖਬੀਰ ਸਿੰਘ ਜੀ, ਤੁਸੀਂ ਵਿੱਤ ਮੰਤਰੀ ਜੀ ਤੋਂ ਬਾਅਦ ਵਿਚ ਕਲੈਰੀਫਿਕੇਸ਼ਨ ਲੈ ਸਕਦੇ ਹੋ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਮੈਂ ਕੱਲ੍ਹ ਆਪਣੀ ਕਨਕਲੂਡਿੰਗ ਸਪੀਚ ਵਿਚ ਇਨ੍ਹਾਂ ਦਾ ਜਵਾਬ ਦੇ ਦਿਆਂਗਾ ਜੀ, ਮੈਂ ਇਹ ਸਭ ਲਿਖ ਰਿਹਾ ਹਾਂ ਜੀ।

**ਸਰਦਾਰ ਸੁਖਬੀਰ ਸਿੰਘ ਬਾਦਲ:** ਮੇਰੀ ਇਹੀ ਬੇਨਤੀ ਹੈ (ਵਿਘਨ)

**ਮਾਨਯੋਗ ਸਪੀਕਰ:** ਜੋ ਕੁਝ ਉਹ ਕਹਿ ਰਹੇ ਹਨ, ਉਨ੍ਹਾਂ ਨੂੰ ਕਹਿਣ ਦਿਓ,

[ ਮਾਨਯੋਗ ਸਪੀਕਰ ]

ਤੁਸੀਂ ਹਰ ਗੱਲ ਤੇ ਪੁਆਇੰਟ ਆਫ਼ ਆਰਡਰ ਨਾ ਮੰਗੋ, ਇਸ ਬਾਰੇ ਵਿੱਤ ਮੰਤਰੀ ਜੀ ਕੱਲ੍ਹ ਨੂੰ ਕਲੈਰੀਫਿਕੇਸ਼ਨ ਦੇ ਦੇਣਗੇ। ਤੁਸੀਂ ਬੈਠੋ ਵਡਾਲਾ ਸਾਹਿਬ, ਤੁਸੀਂ ਇਸ ਤਰ੍ਹਾਂ ਨਹੀਂ ਕਰ ਸਕਦੇ।(ਵਿਘਨ..ਸ਼ੋਰ)

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਤੁਸੀਂ ਰਾਣਾ ਜੀ ਨੂੰ ਪੁਆਇੰਟ ਆਫ਼ ਆਰਡਰ ਦਿੱਤਾ ਸੀ, ਅਸੀਂ ਕੁਝ ਨਹੀਂ ਬੋਲੇ।

**Mr. Speaker:** I made him sit down.

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਮੇਰੀ ਇਕ ਗੁਜ਼ਾਰਿਸ਼ ਹੈ। ਬਜਟ ਵਿੱਚ ਵੀ ਜ਼ਿਕਰ ਨਹੀਂ ਹੋਇਆ ਹੈ ਕਿ ਦੋ ਬੈਂਕਾਂ ਦਾ ਕਰਜ਼ਾ ਟੇਕ-ਓਵਰ ਹੋ ਗਿਆ ਹੈ। ਰੂਲਿੰਗ ਪਾਰਟੀ ਦੇ ਮਾਨਯੋਗ ਮੈਂਬਰ ਨੇ ਜੋ ਦੱਸਿਆ ਹੈ, ਜੇ ਅਜਿਹਾ ਕੁਝ ਹੋਇਆ ਹੈ, I want to congratulate them. ਫੇਰ ਤਾਂ ਰੌਲਾ ਹੀ ਮੁੱਕ ਜਾਣਾ ਹੈ।

**ਮਾਨਯੋਗ ਸਪੀਕਰ:** ਬਾਅਦ ਵਿੱਚ ਕਲੈਰੀਫਿਕੇਸ਼ਨ ਆਏਗੀ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ ਜੀ, ਪੁਆਇੰਟ ਆਫ਼ ਆਰਡਰ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਦੱਸੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ** **

**ਮਾਨਯੋਗ ਸਪੀਕਰ:** ਬੈਠੋ ਜੀ.... ਪਲੀਜ਼ ਬੈਠੋ। ਨੋ ਪੁਆਇੰਟ ਆਫ਼ ਆਰਡਰ। ਸ਼੍ਰੀ ਵਿਜੈ ਇੰਦਰ ਜੀ ਨੂੰ ਬੋਲਣ ਦਿਓ।

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਇਸ ਦੇ ਹਲਕੇ ਵਿੱਚ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲ ਇਸ਼ਾਰਾ ਕਰਦੇ ਹੋਏ) ਬਾਦਲ ਸਾਹਿਬ ਪਿੰਡ ਪਿੰਡ ਜਾ ਕੇ ਸੰਗਤ ਦਰਸ਼ਨ ਕਰਕੇ ਆਏ ਹਨ ਅਤੇ ਕਰੋੜਾਂ ਰੁਪਏ ਦੇ ਕੇ ਆਏ ਹਨ।

**ਮਾਨਯੋਗ ਸਪੀਕਰ:** ਪਲੀਜ਼ ਤੁਸੀਂ ਬੈਠੋ ਜੀ।

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜਿਹੜਾ ਮੈਂਬਰ ਸਾਹਿਬ ਦਾ ਕਨਸਰਨ ਹੈ, ਸਾਡੇ ਆਨਰੇਬਲ ਵਿੱਤ ਮੰਤਰੀ ਜੀ ਆਪਣੇ ਕਨਕਲੂਡਿੰਗ ਭਾਸ਼ਨ ਵਿੱਚ ਇਸ ਸਬੰਧੀ ਜਵਾਬ ਦੇ ਦੇਣਗੇ। ਜਿਥੋਂ ਤੱਕ

** Expunged as ordered by the Chair.

ਖੇਤੀਬਾੜੀ ਨਾਲ ਸਬੰਧਤ ਬਜਟ ਦੀ ਗੱਲ ਹੈ, ਇਸ ਵਿੱਚ 66 ਫੀਸਦੀ ਵਧਾ ਕੇ ਪ੍ਰਾਵਧਾਨ ਕੀਤਾ ਗਿਆ ਹੈ। ਐਗਰੀਕਲਚਰ ਨਾਲ ਜੁੜੀਆਂ ਹੋਈਆਂ ਚੀਜ਼ਾਂ ਵਾਸਤੇ ਸਾਡੀ ਸਰਕਾਰ ਨੇ ਇਸ ਵਾਰ 4200 ਕਰੋੜ ਰੁਪਿਆ ਵਧਾ ਕੇ ਦਿੱਤਾ ਹੈ। ਇਸ ਤੋਂ ਪਤਾ ਲਗਦਾ ਹੈ ਕਿ ਸਾਡੇ ਸੂਬੇ ਵਿੱਚ ਭਾਵੇਂ ਆਰਥਿਕ ਸੰਕਟ ਬਹੁਤ ਵੱਡੀ ਪੱਧਰ ਤੇ ਹੈ ਲੇਕਿਨ ਜੋ ਪੰਜਾਬ ਦੀ ਕਿਸਾਨੀ ਹੈ ਜਾਂ ਕਿਸਾਨੀ ਨਾਲ ਜੁੜੇ ਹੋਏ ਪੰਜਾਬ ਦੇ ਲੋਕ ਹਨ, ਉਨ੍ਹਾਂ ਵਾਸਤੇ ਸਾਡੀ ਸਰਕਾਰ ਦੀ ਸੋਚ ਹੈ ਕਿ ਇਨ੍ਹਾਂ ਦੀਆਂ ਜ਼ਰੂਰਤਾਂ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਪੂਰਾ ਕਰਨਾ ਹੈ। ਕਰਾਪ ਇੰਸ਼ੋਰੈਂਸ ਦੀ ਗੱਲ ਹੋਈ ਹੈ, ਇੱਕ ਨਵੀਂ ਬੀਮਾ ਕਾਰਪੋਰੇਸ਼ਨ ਬਣਾ ਕੇ ਕਰਾਪ ਦੀ ਇੰਸ਼ੋਰੈਂਸ ਹੋ ਸਕੇ, ਕਿਸਾਨ ਦੀ ਫ਼ਸਲ ਦਾ ਬੀਮਾ ਹੋਵੇ ਕਿਉਂਜੋ ਕਈ ਵਾਰ ਹਨੇਰੀ, ਮੀਂਹ, ਝੱਖੜ ਦੇ ਕਾਰਨ ਕਿਸਾਨ ਦੀ ਜਿਹੜੀ ਫ਼ਸਲ ਖਰਾਬ ਹੋ ਜਾਂਦੀ ਹੈ, ਉਸ ਕਾਰਨ ਕਿਸਾਨ ਦਾ ਨੁਕਸਾਨ ਨਾ ਹੋ ਸਕੇ, ਇਸ ਗੱਲ ਨੂੰ ਸਾਡੀ ਸਰਕਾਰ ਨੇ ਸਾਮ੍ਹਣੇ ਰੱਖਿਆ ਹੈ। ਇਕੱਲੀ ਕਰਾਪ ਇੰਸ਼ੋਰੈਂਸ ਦੀ ਗੱਲ ਨਹੀਂ ਹੈ, ਜੇ ਕਿਸਾਨ ਦੀ ਫਸਲ ਨੈਚੂਰਲ ਕਲੈਮਿਟੀ ਨਾਲ ਖਰਾਬ ਹੁੰਦੀ ਹੈ ਤਾਂ ਇਸ ਵਾਸਤੇ ਪਹਿਲਾਂ 8000/- ਰੁਪਏ ਪ੍ਰਤੀ ਕਿੱਲਾ ਮੁਆਵਜ਼ਾ ਮਿਲਦਾ ਸੀ, ਅੱਜ ਉਸ ਮੁਆਵਜ਼ੇ ਨੂੰ ਵਧਾ ਕੇ 12000/- ਰੁਪਏ ਪ੍ਰਤੀ ਕਿੱਲਾ ਕਰ ਦਿੱਤਾ ਗਿਆ ਹੈ। ਅਜਿਹੇ ਆਰਥਿਕ ਸੰਕਟ ਵਿੱਚ ਇਹ ਵੀ ਆਪਣੇ ਆਪ ਵਿੱਚ ਵੱਡੀ ਗੱਲ ਹੈ।(ਥੰਪਿੰਗ)।

ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਡਾਇਵਰਸੀਫਿਕੇਸ਼ਨ ਆਫ ਕਰਾਪ ਇੱਕ ਬਹੁਤ ਅਹਿਮ ਗੱਲ ਹੈ। ਪੰਜਾਬ ਦਾ 70 ਫੀਸਦੀ ਕਿਸਾਨ ਅੱਜ ਕਪਾਹ, ਗੰਨਾ, ਕਣਕ ਅਤੇ ਚੌਲ ਦੀ ਖੇਤੀ ਕਰਦਾ ਹੈ। 30 ਫੀਸਦੀ ਕਿਸਾਨ ਬਾਕੀ ਕਰਾਪਸ ਦੀ ਖੇਤੀ ਕਰਦਾ ਹੈ। ਅੱਜ ਕਿਸਾਨ ਨੂੰ ਡਾਇਵਰਸੀਫਿਕੇਸ਼ਨ ਆਫ ਕਰਾਪਸ ਵੱਲ ਉਤਸ਼ਾਹਿਤ ਕਰਨ ਲਈ ਤਾਂ ਕਿ ਕਿਸਾਨ ਦੀ ਆਮਦਨ ਹੋਰ ਵਧੀਆ ਹੋ ਸਕੇ, ਉਸ ਸੋਚ ਨੂੰ ਪੂਰਾ ਕਰਨ ਲਈ ਹਾਰਟੀਕਲਚਰ ਯੂਨੀਵਰਸਿਟੀ ਬਣਾਉਣ ਦੀ ਗੱਲ ਹੋਈ ਹੈ ਤਾਂ ਕਿ ਕਿਸਾਨ ਨਵੇਂ ਬੀਜ, ਨਵੇਂ ਫਰੂਟ, ਨਵੀਂ ਸਬਜ਼ੀ ਉਗਾ ਸਕੇ ਅਤੇ ਉਸ ਦੀ ਆਮਦਨ ਵਧਣ ਨਾਲ ਉਸ ਨੂੰ ਤਾਕਤ ਮਿਲੇ।

ਇਸ ਦੇ ਨਾਲ ਹੀ ਫਿਸ਼ਰੀਜ਼ ਅਤੇ ਪਿਗਰੀ ਦੀ ਗੱਲ ਹੋਈ ਹੈ, ਮਿਲਕ ਪਲਾਂਟਸ ਨੂੰ ਅਪਗ੍ਰੇਡ ਅਤੇ ਮਾਡਰੇਨਾਈਜ਼ ਕਰਨ ਦੀ ਗੱਲ ਹੋਈ ਹੈ। ਇਹ ਵੀ ਆਪਣੇ ਆਪ ਵਿੱਚ ਇੱਕ ਇਤਿਹਾਸਕ ਕਦਮ ਹੈ ਕਿਉਂਕਿ ਮਿਲਕ ਪਲਾਂਟਸ

ਵਿੱਚ ਵੱਧ ਪ੍ਰੋਡਕਸ਼ਨ ਹੋਣ ਨਾਲ ਫਾਇਦਾ ਹੋਵੇਗਾ, ਇਸ ਤਰ੍ਹਾਂ ਨਾਲ 5 ਲੱਖ ਲੀਟਰ ਦੁੱਧ ਹਰ ਰੋਜ਼ ਵੱਧ ਪ੍ਰੋਡਿਊਸ ਹੋਵੇਗਾ। ਇਸ ਦਾ ਕਿਸਾਨ ਨੂੰ ਫਾਇਦਾ ਹੋਵੇਗਾ। ਸਪੀਕਰ ਸਾਹਿਬ, ਮੈਂ ਇਹ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿਉਂਕਿ ਜਦੋਂ ਵੀ ਕਰਜ਼ ਦੀ ਗੱਲ ਆਉਂਦੀ ਹੈ, ਉਸ ਵੇਲੇ ਹਰ ਬੰਦੇ ਦੇ ਮਨ ਵਿੱਚ ਇਹ ਬਵਾਲ ਖੜ੍ਹਾ ਹੋ ਜਾਂਦਾ ਹੈ ਕਿ ਇਸ ਦਾ ਕੋਈ ਨਾ ਕੋਈ ਸਿਆਸੀ ਲਾਹਾ ਲੈ ਲਿਆ ਜਾਵੇਗਾ। ਮੈਂ ਇਹ ਸਦਨ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਡਾ. ਮਨਮੋਹਨ ਸਿੰਘ ਜੀ ਦੀ ਸਰਕਾਰ ਵੇਲੇ ਜਦੋਂ ਰਾਹੁਲ ਗਾਂਧੀ ਅਤੇ ਸਾਰੇ ਐਮ.ਪੀ ਸਾਹਿਬਾਨਾਂ ਕੋਲ ਕਿਸਾਨ ਕਰਜ਼ੇ ਦੀ ਮਾਫ਼ੀ ਵਾਸਤੇ ਮੰਗ ਲੈ ਕੇ ਗਏ ਸਨ ਤਾਂ ਪੂਰੇ ਹਿੰਦੁਸਤਾਨ ਵਿੱਚ 70 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਦੀ ਮਾਫ਼ੀ ਡਾ. ਮਨਮੋਹਨ ਸਿੰਘ ਜੀ ਦੀ ਯੂ.ਪੀ.ਏ. ਸਰਕਾਰ ਨੇ ਕੀਤੀ ਸੀ।(ਥੰਪਿੰਗ) ਔਰ ਅੱਜ ਮੈਨੂੰ ਸਦਨ ਵਿੱਚ ਇਹ ਕਹਿੰਦੇ ਹੋਏ ਸ਼ਰਮ ਆਉਂਦੀ ਹੈ ਕਿ ਸੂਬੇ ਦੇ ਕਿਸਾਨ ਉੱਪਰ ਜੋ ਕਰਜ਼ਾ ਹੈ, ਉਸ ਤੋਂ ਦੇਸ਼ ਦੇ ਮੌਜੂਦਾ ਵਿੱਤ ਮੰਤਰੀ ਸਾਹਿਬ ਨੇ ਆਪਣੀ ਜ਼ਿੰਮੇਵਾਰੀ ਹੀ ਚੁੱਕ ਲਈ ਹੈ।(ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਜਦਕਿ ਅਸੀਂ ਸੈਂਟਰ ਸਟੇਟ ਰਿਲੇਸ਼ਨਸ਼ਿਪ ਦੀਆਂ ਗੱਲਾਂ ਕਰਦੇ ਸੀ।

**ਸ਼੍ਰੀ ਸੋਮ ਪ੍ਰਕਾਸ਼:** ਪੁਆਇੰਟ ਆਫ ਆਰਡਰ, ਸਰ।

**ਮਾਨਯੋਗ ਸਪੀਕਰ :** ਬੈਠੋ.... ਬੈਠੋ ਪਲੀਜ਼।

**ਸ਼੍ਰੀ ਵਿਜੈ ਇੰਦਰ ਸਿੰਗਲਾ:** ਅਸੀਂ ਗੱਲਾਂ ਕਰਦੇ ਸੀ ਕਿ ਸੂਬੇ ਦੀ ਸਰਕਾਰ ਨੂੰ ਜੋ ਜ਼ਰੂਰਤ ਹੋਇਆ ਕਰੇਗੀ, ਉਹ ਅਸੀਂ ਦਿਆਂਗੇ ਪਰ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ.....

**ਸ਼੍ਰੀ ਸੋਮ ਪ੍ਰਕਾਸ਼:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਦਿਓ ਜੀ।

**ਮਾਨਯੋਗ ਸਪੀਕਰ:** ਕਿਸ ਗੱਲ ਦਾ ਪੁਆਇੰਟ ਆਫ ਆਰਡਰ ਜੀ?

**ਸ਼੍ਰੀ ਸੋਮ ਪ੍ਰਕਾਸ਼:** ਇਨ੍ਹਾਂ ਨੇ ਸੈਂਟਰ ਗੌਰਮਿੰਟ ਦੀ ਗੱਲ ਕੀਤੀ ਹੈ।

**ਸ਼੍ਰੀ ਵਿਜੈ ਇੰਦਰ ਸਿੰਗਲਾ:** ਮੈਂ ਕਿਹੜਾ ਕੋਈ ਗਲਤ ਗੱਲ ਕੀਤੀ ਹੈ?

**ਮਾਨਯੋਗ ਸਪੀਕਰ:** ਕੀ ਸੈਂਟਰ ਸਰਕਾਰ ਦੀ ਗੱਲ ਕੋਈ ਕਰ ਨਹੀਂ ਸਕਦਾ? ਗੱਲ ਕਰ ਸਕਦੇ ਹਨ। ਬੈਠੋ ਜੀ.... ਤੁਸੀਂ ਬੈਠੋ।

**ਸ਼੍ਰੀ ਵਿਜੈ ਇੰਦਰ ਸਿੰਗਲਾ:** ਮੈਂ ਪਿਛਲੇ ਹਫ਼ਤੇ ਨਾਗਪੁਰ ਵਿਖੇ ਇੱਕ ਪ੍ਰੈਸ ਕਾਨਫਰੰਸ ਲਈ ਗਿਆ ਸੀ। ਮਹਾਂਰਾਸ਼ਟਰ ਅਤੇ ਮੱਧ ਪ੍ਰਦੇਸ਼ ਵਿੱਚ ਕਿਸਾਨਾਂ

ਵੱਲੋਂ ਬਹੁਤ ਵੱਡੀ ਤਾਦਾਦ ਵਿੱਚ ਆਤਮਹੱਤਿਆ ਦੀ ਗਿਣਤੀ ਸਾਮ੍ਹਣੇ ਆਈ ਹੈ। ਉਦੋਂ ਮਹਾਂਰਾਸ਼ਟਰ ਦੀ ਕੈਬਨਿਟ ਦਾ ਫੈਸਲਾ ਆ ਰਿਹਾ ਸੀ, ਮੈਂ ਪੁੱਛਿਆ ਕਿ ਕਿੰਨਾ ਕਿਸਾਨੀ ਕਰਜ਼ ਮਾਫ਼ ਹੋਇਆ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਇਸ ਸਬੰਧੀ ਕੈਬਨਿਟ ਅਕਤੂਬਰ ਵਿੱਚ ਫੈਸਲਾ ਕਰੇਗੀ ਕਿ ਕਿਸ ਐਕਟ ਤਹਿਤ ਇਸ ਕਰਜ਼ੇ ਨੂੰ ਮਾਫ਼ ਕੀਤਾ ਜਾਣਾ ਹੈ। ਉਨ੍ਹਾਂ ਕਿਹਾ ਕਿ ਅਸੀਂ ਇਹ ਵੀ ਦੇਖਾਂਗੇ ਕਿ ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼ ਦੇ ਨਵੇਂ ਬਣੇ ਸੂਬੇ ਤੇਲੰਗਾਨਾ ਦਾ ਮਾਡਲ ਕੀ ਆਉਂਦਾ ਹੈ, ਉਸ ਤੋਂ ਬਾਅਦ ਹੀ ਇਹ ਫੈਸਲਾ ਕੀਤਾ ਜਾਵੇਗਾ। ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕੈਪਟਨ ਅਮਰਿੰਦਰ ਸਿੰਘ ਜੀ ਦੀ ਫਰਾਖ਼ਦਿਲੀ ਹੈ ਜਿਨ੍ਹਾਂ ਨੇ ਆਰਥਿਕ ਸੰਕਟ ਹੋਣ ਦੇ ਬਾਵਜੂਦ ਵੀ ਪੰਜਾਬ ਵਿੱਚ ਕਿਸਾਨੀ ਦੇ ਕਰਜ਼ ਨੂੰ ਮਾਫ਼ ਕਰਨ ਦੀ ਸ਼ੁਰੂਆਤ ਕੀਤੀ ਹੈ।(ਥੰਪਿੰਗ) ਕਾਂਗਰਸ ਪਾਰਟੀ ਦੀ ਸਰਕਾਰ ਦਾ ਇਹ ਵਾਅਦਾ ਹੈ ਕਿ ਆਉਣ ਵਾਲੇ ਪੰਜ ਸਾਲਾਂ ਵਿੱਚ ਜਿਵੇਂ ਕਿ ਮੈਂਬਰ ਸਾਹਿਬਾਨਾਂ ਨੇ ਇੱਥੇ ਜ਼ਿਕਰ ਕੀਤਾ ਹੈ, ਇਕੱਲਾ ਕਿਸਾਨੀ ਕਰਜ਼ ਹੀ ਨਹੀਂ, ਜੋ ਵੀ ਵਾਅਦਾ ਕਾਂਗਰਸ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਰੱਖਿਆ ਹੈ, ਉਸ ਹਰ ਇਕ ਵਾਅਦੇ ਨੂੰ ਪੂਰਾ ਕਰਕੇ ਪੰਜਾਬ ਦੇ ਲੋਕਾਂ ਲਈ ਕੰਮ ਕਰਾਂਗੇ। ਜਿੱਥੋਂ ਤੱਕ ਨੌਜਵਾਨ ਪੀੜ੍ਹੀ ਦੀ ਗੱਲ ਹੈ.....

**Sardar Harvinder Singh Phoolka :** Speaker Sahib, under the rule ਮੈਂ ਪੁਆਇੰਟ ਆਫ ਆਰਡਰ ਦੀ ਮੰਗ ਕਰਦਾ ਹਾਂ।

**ਮਾਨਯੋਗ ਸਪੀਕਰ:** ਫੂਲਕਾ ਸਾਹਿਬ, ਮੈਂਬਰ ਸਾਹਿਬ ਕੋਈ ਭਾਸ਼ਣ ਨਹੀਂ ਦੇ ਰਹੇ।

**Sardar Harvinder Singh Phoolka :** Speaker Sahib, under the rule ਮੈਂ ਪੁਆਇੰਟ ਕਰਦਾ ਹਾਂ ਕਿ ਬੁਲਾਰਿਆਂ ਵਲੋਂ ਜਦੋਂ ਇਹ ਭਾਸ਼ਣ ਦਿੱਤਾ ਜਾਂਦਾ ਹੈ ਤਾਂ ਇਹ ਬਜਟ ਨੂੰ ਰੈਫਰ ਕਰਕੇ ਦਿੱਤਾ ਜਾਵੇ। ਜੇ 21,000 ਕਰੋੜ ਦੀ ਲਾਇਬਿਲਿਟੀ ਸਰਕਾਰ ਨੇ ਲੈ ਲਈ ਹੈ ਤਾਂ ਉਹ ਇੱਥੇ ਸ਼ੋਅ ਹੋਣੀ ਚਾਹੀਦੀ ਹੈ। 21,000 ਕਰੋੜ ਦੀ debt ਲਾਇਬਿਲਿਟੀ ਲੈ ਲਈ ਫਿਰ ਫਿਸਕਲ ਡੈਫੀਸਿਟ 4.5496% ਨਹੀਂ ਰਹੇਗਾ, ਫਿਸਕਲ ਡੈਫੀਸਿਟ ਤਕਰੀਬਨ-ਤਕਰੀਬਨ 6% ਦੇ ਕਰੀਬ ਬਣੇਗਾ।

**ਮਾਨਯੋਗ ਸਪੀਕਰ:** ਫੂਲਕਾ ਸਾਹਿਬ, ਜਦੋਂ ਤੁਸੀਂ ਬੋਲ ਰਹੇ ਸੀ ਤਾਂ ਤੁਹਾਨੂੰ ਕਿਸੇ ਨੇ ਡਿਸਟਰਬ ਨਹੀਂ ਕੀਤਾ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਰ, ਇਨ੍ਹਾਂ ਨੂੰ ਬਜਟ ਨੂੰ ਰੈਫਰ ਕਰਨਾ

[ਸਰਦਾਰ ਹਰਵਿੰਦਰ ਸਿੰਘ ਫੂਲਕਾ ]

ਚਾਹੀਦਾ ਹੈ। ਰੂਲਜ਼ ਦੇ ਮੁਤਾਬਿਕ, ਇੱਥੇ 21,000 ਕਰੋੜ ਦੀ ਲਾਇਬਿਲਟੀ ਦਿਖਾਓ ਤਾਂ ਫਿਸਕਲ ਡੈਫਿਸਿਟ 5.5% ਤੋਂ 6% ਦੇ ਕਰੀਬ ਬਣ ਜਾਵੇਗਾ।

**ਮਾਨਯੋਗ ਸਪੀਕਰ:** ਫੂਲਕਾ ਜੀ, ਜਦੋਂ ਤੁਸੀਂ ਬੋਲ ਰਹੇ ਸੀ ਤਾਂ ਤੁਹਾਨੂੰ ਕਿਸੇ ਨੇ ਇੰਟਰਪਟ ਨਹੀਂ ਕੀਤਾ। ਤੁਸੀਂ ਬੈਠੋ। ਜਿਹੜੀ ਵੀ ਕਲੈਰੀਫਿਕੇਸ਼ਨ ਲੈਣੀ ਹੈ, ਫਾਈਨਾਂਸ ਮਨਿਸਟਰ ਸਾਹਿਬ ਕੱਲ੍ਹ ਦੇ ਦੇਣਗੇ। ਸਿੰਗਲਾ ਜੀ ਨੂੰ ਬੋਲਣ ਦਿਓ।

**ਸ਼੍ਰੀ ਵਿਜੈ ਇੰਦਰ ਸਿੰਗਲਾ:** ਫੂਲਕਾ ਸਾਹਿਬ, ਜਿੰਨਾ ਤੁਸੀਂ ਕਹੋਗੇ ਸਾਡੇ ਵਿੱਤ ਮੰਤਰੀ ਜੀ ਉਤਨਾ ਹੀ ਕਰ ਦੇਣਗੇ। ਚਿੰਤਾ ਨਾ ਕਰੋ। ਬੱਸ ਥੋੜ੍ਹਾ ਜਿਹਾ ਸੁਣ ਲਓ ਕਿਉਂਕਿ ਜਦੋਂ ਤੁਸੀਂ ਬੋਲਦੇ ਸੀ ਤਾਂ ਤੁਹਾਡੇ ਕਿਸੇ ਅੰਕੜਿਆਂ ਉੱਪਰ ਅਸੀਂ ਕੋਈ ਟਿੱਪਣੀ ਨਹੀਂ ਕੀਤੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਤੁਸੀਂ ਤਾਂ ਫਿਰ ਬਜਟ ਹੀ ਗਲਤ ਪੇਸ਼ ਕੀਤਾ ਹੈ।

**Mr. Speaker:** Address the Chair, please address the Chair. ਤੁਸੀਂ ਆਪਣੀ ਗੱਲ ਕਰ ਲਈ, ਤੁਹਾਨੂੰ ਕਿਸੇ ਨੇ ਇੰਟਰਪਟ ਨਹੀਂ ਕੀਤਾ। ਹੁਣ ਉਨ੍ਹਾਂ ਨੂੰ ਆਪਣੀ ਗੱਲ ਕਰਨ ਦਿਓ। ਬੈਠੋ ਤੁਸੀਂ, ਤੁਸੀਂ ਕਹਿ ਲਿਆ ਜੋ ਕਹਿਣਾ ਸੀ।

**ਸ਼੍ਰੀ ਵਿਜੈ ਇੰਦਰ ਸਿੰਗਲਾ:** ਫੂਲਕਾ ਸਾਹਿਬ, ਪੰਜਾਬ ਦੀ ਜਨਤਾ ਨੇ ਕਾਂਗਰਸ ਪਾਰਟੀ ਨੂੰ ਇਸ ਸਦਨ ਵਿੱਚ ਬਜਟ ਪੇਸ਼ ਕਰਨ ਵਾਸਤੇ ਭੇਜਿਆ ਹੈ(ਥੰਪਿੰਗ) ਇਸ ਕਰਕੇ ਅਸੀਂ ਬਜਟ ਪੇਸ਼ ਕੀਤਾ ਹੈ। ਅਸੀਂ ਬਜਟ ਗਲਤ ਪੇਸ਼ ਕੀਤਾ ਹੈ ਕਿ ਸਹੀ ਪੇਸ਼ ਕੀਤਾ ਹੈ, ਇਹ ਸਮਾਂ ਦੱਸੇਗਾ।(ਥੰਪਿੰਗ)

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) (ਬੈਠੇ-ਬੈਠੇ):** ਸ਼ਾਬਾਸ਼।

**ਸ਼੍ਰੀ ਵਿਜੈ ਇੰਦਰ ਸਿੰਗਲਾ:** ਜਿੱਥੋਂ ਤੱਕ ਨੌਜਵਾਨਾਂ ਦੀ ਗੱਲ ਹੈ, ਇੰਪਲਾਇਮੈਂਟ ਜਨਰੇਸ਼ਨ ਫੈਸਿਲਿਟੀ ਵਾਸਤੇ ਪੌਣੇ 14 ਕਰੋੜ ਤੋਂ ਵਧਾ ਕੇ 91 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਗਿਆ ਹੈ ਤਾਂ ਕਿ ਜ਼ਿਆਦਾ ਇੰਪਲਾਇਮੈਂਟ ਜਨਰੇਸ਼ਨ ਵਾਸਤੇ ਸੋਚਿਆ ਜਾ ਸਕੇ। ਮੈਂ ਇਸ ਗੱਲ ਵਾਸਤੇ ਵੀ ਫਾਈਨਾਂਸ ਮਨਿਸਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ। ਸਪੀਕਰ ਸਾਹਿਬ, ਸਪੋਰਟਸ ਯੂਨੀਵਰਸਿਟੀ ਬਣਾਉਣ ਦਾ ਇੱਕ ਹੋਰ ਬਹੁਤ ਵੱਡਾ ਫੈਸਲਾ ਕੀਤਾ ਗਿਆ ਹੈ ਔਰ ਤੁਹਾਨੂੰ ਇਹ ਵੀ ਪਤਾ

ਹੈ ਕਿ ਸਾਡੇ ਆਸ-ਪਾਸ ਦੇ ਸੂਬਿਆਂ ਵਿੱਚ ਮੇਰੇ ਕਈ ਨੌਜਵਾਨ ਵੀਰਾਂ ਨੇ ਵੱਖ-ਵੱਖ ਖੇਡਾਂ ਵਿੱਚ ਬੜੀਆਂ ਵੱਡੀਆਂ ਮੱਲਾਂ ਮਾਰੀਆਂ ਹਨ ਲੇਕਿਨ ਸਾਡੇ ਸੂਬੇ ਨੇ ਸਿਰਫ਼ ਇੰਟਰਨੈਸ਼ਨਲ ਕਬੱਡੀ ਦੇ ਟੂਰਨਾਮੈਂਟਾਂ ਤੋਂ ਇਲਾਵਾ ਕਿਸੇ ਹੋਰ ਸਪੋਰਟ ਦੀ ਗੱਲ ਨਹੀਂ ਕੀਤੀ। ਸਾਡੇ ਸੂਬੇ ਵਿੱਚ ਇਸ ਸਪੋਰਟ ਤੋਂ ਇਲਾਵਾ ਕਿਸੇ ਹੋਰ ਸਪੋਰਟ ਦੀ ਗੱਲ ਹੀ ਨਹੀਂ ਹੋਈ। ਅੱਜ ਜਿੱਥੇ ਸਪੋਰਟਸ ਯੂਨੀਵਰਸਿਟੀ ਦੀ ਗੱਲ ਹੋਈ ਹੈ, ਸਾਡੇ ਨੌਜਵਾਨ ਭਰਾਵਾਂ ਨੂੰ ਖੇਡਾਂ ਵਿੱਚ ਵੱਡੇ ਪੱਧਰ ਤੇ ਅਗਾਂਹ ਜਾਣ ਵਾਸਤੇ ਮੌਕਾ ਮਿਲੇਗਾ। ਇਹ ਸਾਡੇ ਵਿੱਤ ਮੰਤਰੀ ਸਾਹਿਬ ਦੀ ਅਗਾਂਹਵਧੂ ਸੋਚ ਹੈ, ਇਹ ਸਾਡੀ ਕਾਂਗਰਸ ਪਾਰਟੀ ਦੀ ਅਗਾਂਹਵਧੂ ਸੋਚ ਹੈ।

ਸਪੀਕਰ ਸਾਹਿਬ, ਇਹ ਵੀ ਕੈਪਟਨ ਅਮਰਿੰਦਰ ਸਿੰਘ ਜੀ ਦੀ ਅਗਾਂਹਵਧੂ ਸੋਚ ਹੈ ਜਿਨ੍ਹਾਂ ਨੇ ਪੰਜਾਬ ਦੇ ਸਾਰੇ ਕਾਲਜਾਂ ਵਿੱਚ ਵਾਈ-ਫਾਈ ਫੈਸਿਲਟੀ ਦੀ ਗੱਲ ਕੀਤੀ ਹੈ ਜਦਕਿ ਇਹ ਮੋਬਾਈਲ ਫੋਨਾਂ ਦੀ ਗੱਲ ਕਰਦੇ ਸੀ। ਅੱਜ ਇਸ ਵਾਸਤੇ ਬਜਟ ਵਿੱਚ 10 ਕਰੋੜ ਰੁਪਏ ਦੀ ਪ੍ਰੋਵੀਜ਼ਨ ਕੀਤੀ ਗਈ ਹੈ ਜਿਸ ਨਾਲ ਇੱਕ ਸ਼ੁਰੂਆਤ ਹੋਈ ਹੈ। ਲੋਕਾਂ ਵਾਸਤੇ ਅਰੰਭਿਆ ਕੋਈ ਵੀ ਕੰਮ ਇੱਕ ਦਿਨ ਵਿੱਚ ਮੁਕੰਮਲ ਨਹੀਂ ਹੁੰਦਾ। ਸਪੀਕਰ ਸਾਹਿਬ, ਅਸੀਂ ਸੰਗਰੂਰ ਵਿੱਚ ਪੀ.ਜੀ.ਆਈ. ਖੁਲ੍ਹਵਾਇਆ ਸੀ, ਜਿਸ ਵਾਸਤੇ ਪੈਸਾ ਕੇਂਦਰ ਸਰਕਾਰ ਤੋਂ ਆਇਆ ਸੀ। ਪਹਿਲਾਂ ਪੈਸੇ ਦੀ ਮਨਜ਼ੂਰੀ ਹੋਈ, ਉਸ ਤੋਂ ਬਾਅਦ ਕੰਮ ਚਾਲੂ ਹੋਇਆ। ਅੱਜ ਓ.ਪੀ.ਡੀ. ਸ਼ੁਰੂ ਹੋਈ ਹੈ ਤੇ ਅਗਲੇ 7-8 ਮਹੀਨਿਆਂ ਵਿੱਚ ਹਸਪਤਾਲ ਵੀ ਚੱਲ ਪਵੇਗਾ। ਸੋ, ਅੱਜ ਸਰਕਾਰ ਦਾ ਜਿਹੜਾ ਪਹਿਲਾ ਬਜਟ ਆਇਆ ਹੈ, ਉਸ ਵਿੱਚ ਆਰਥਿਕ ਸੰਕਟ ਨਾਲ ਨਿਪਟਣ ਦਾ ਪ੍ਰਾਵਧਾਨ ਕੀਤਾ ਗਿਆ ਹੈ। ਸਾਨੂੰ ਸਭ ਨੂੰ ਪਤਾ ਹੈ ਕਿ ਪੰਜਾਬ ਨੂੰ ਅਗਾਂਹ ਲਿਜਾਣ ਵਾਸਤੇ ਅਤੇ ਪੰਜਾਬ ਵਿੱਚ ਇੰਡਸਟਰੀ ਨੂੰ ਮੁੱਖ ਰੱਖਦੇ ਹੋਏ ਮੁੱਖ ਮੰਤਰੀ ਸਾਹਿਬ ਨੇ ਇੰਡਸਟਰੀ ਵਾਸਤੇ ਬਿਜਲੀ ਦਾ ਰੇਟ ਪੰਜ ਰੁਪਏ ਪ੍ਰਤੀ ਯੂਨਿਟ ਕੀਤਾ ਹੈ, ਇਸ ਵਾਸਤੇ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ।(ਥੰਪਿੰਗ) ਇਹ ਕੋਈ ਛੋਟੀ ਗੱਲ ਨਹੀਂ ਹੈ। ਇਹ ਕੋਈ ਨਵੀਂ ਇੰਡਸਟਰੀ ਦੀ ਗੱਲ ਨਹੀਂ ਹੈ। ਪੰਜਾਬ ਦੀ ਮੌਜੂਦਾ ਇੰਡਸਟਰੀ ਨੂੰ ਪੰਜ ਰੁਪਏ ਪ੍ਰਤੀ ਯੂਨਿਟ ਪਾਵਰ ਦੇਣ ਦਾ ਫੈਸਲਾ ਕੀਤਾ ਹੈ।

ਸਪੀਕਰ ਸਾਹਿਬ, ਸਰਕਾਰ ਵਲੋਂ ਪੰਜਾਬ ਵਿੱਚ ਨਵੀਂ ਇੰਡਸਟਰੀਅਲ ਪਾਲਿਸੀ ਲਿਆਂਦੀ ਜਾ ਰਹੀ ਹੈ। ਇਸ ਵਾਸਤੇ ਪੰਜਾਬ ਵਿੱਚ ਟ੍ਰੇਨਿੰਗ ਕੈਂਪਸ ਲਗਾਏ ਜਾਣਗੇ ਤਾਂ ਜੋ ਸਾਡੇ ਸੂਬੇ ਵਿੱਚ ਜਿਹੜੇ ਲੋਕ ਟਰੇਡ ਕਰਦੇ ਹਨ, ਉਨ੍ਹਾਂ ਨੂੰ ਸਹੂਲਤ ਮਿਲ ਸਕੇ। ਇਸੇ ਤਰ੍ਹਾਂ ਸਟੈਂਪ ਡਿਊਟੀ ਰਿਡਕਸ਼ਨ ਦੀ ਗੱਲ ਹੋਈ ਹੈ। ਇਹ ਵੀ ਆਪਣੇ ਆਪ ਵਿੱਚ ਅਗਾਂਹਵਧੂ ਸੋਚ ਵਾਲਾ ਫੈਸਲਾ ਹੈ। ਮੈਂ ਮੁੱਖ

[ਸ਼੍ਰੀ ਵਿਜੈ ਇੰਦਰ ਸਿੰਗਲਾ ]
ਮੰਤਰੀ ਸਾਹਿਬ ਦਾ, ਵਿੱਤ ਮੰਤਰੀ ਸਾਹਿਬ ਦਾ ਅਤੇ ਪੰਜਾਬ ਦੀ ਸਮੁੱਚੀ ਕੈਬਨਿਟ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸੰਗਰੂਰ ਨੂੰ, ਜੋ ਕਿ ਮਾਲਵੇ ਦੀ ਲਾਈਫ ਲਾਈਨ ਹੈ, ਉਸ ਨੂੰ ਇੰਡਸਟਰੀਅਲ ਹੱਬ ਡਿਕਲੇਅਰ ਕੀਤਾ ਹੈ।(ਥੰਪਿੰਗ) ਇਸ ਨਾਲ ਸਮੁੱਚੇ ਮਾਲਵੇ ਵਿੱਚ ਰੋਜ਼ਗਾਰ ਦੇ ਸਾਧਨ ਬਣਨਗੇ ਅਤੇ ਸਮੁੱਚੇ ਮਾਲਵੇ ਦੀ ਤਰੱਕੀ ਵੀ ਹੋਵੇਗੀ। ਮੈਂ ਜਿੱਥੇ ਉਨ੍ਹਾਂ ਦਾ ਇਸ ਵਾਸਤੇ ਧੰਨਵਾਦ ਕਰਦਾ ਹਾਂ, ਉਥੇ ਨਾਲ ਹੀ ਇੰਡਸਟਰੀ ਵਾਲੇ ਭਰਾਵਾਂ ਨੂੰ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਆਓ, ਸਾਰੇ ਰਲ, ਕੇ ਇੱਕ ਚੰਗਾ ਇਨਫ੍ਰਾਸਟ੍ਰਕਚਰ ਮਾਲਵੇ ਵਿੱਚ ਸਥਾਪਿਤ ਕਰੀਏ।

ਸਪੀਕਰ ਸਾਹਿਬ, ਰੋਡਜ਼ ਦੀ ਗੱਲ ਕਰੀਏ, ਨੈਸ਼ਨਲ ਹਾਈਵੇਜ਼, ਸਟੇਟ ਹਾਈਵੇਜ਼ ਜਾਂ ਮਾਲਵੇ ਇਲਾਕੇ ਵਿੱਚ ਚਾਰ-ਪੰਜ ਰੇਲਵੇ ਸਟੇਸ਼ਨਾਂ ਦੀ ਗੱਲ ਕਰੀਏ, ਕੁਨੈਕਟੀਵਿਟੀ ਦੀ ਗੱਲ ਕਰੀਏ, ਹਰ ਚੀਜ਼ ਦੀ ਸਹੂਲਤ ਉਸ ਇਲਾਕੇ ਵਿੱਚ ਹੈ। ਜੇ ਮੈਡੀਕਲ ਫੈਸਿਲਟੀਜ਼ ਦੀ ਗੱਲ ਕਰੀਏ ਤਾਂ ਅਗਲੇ ਅੱਠ ਮਹੀਨਿਆਂ ਵਿੱਚ 500 ਕਰੋੜ ਰੁਪਏ ਦਾ ਪੀ.ਜੀ.ਆਈ. ਵਰਗਾ ਹਸਪਤਾਲ ਸੰਗਰੂਰ ਵਿੱਚ ਖੁੱਲ੍ਹਣ ਜਾ ਰਿਹਾ ਹੈ। ਟਾਟਾ ਮੈਮੋਰੀਅਲ ਹਸਪਤਾਲ ਨੇ 50 ਕਰੋੜ ਦਾ ਪ੍ਰਾਜੈਕਟ ਚਾਲੂ ਕੀਤਾ ਹੈ। ਮੈਂ ਸਾਡੇ ਸਿਹਤ ਮੰਤਰੀ ਜੀ ਦਾ, ਸਾਡੇ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ 5 ਕਰੋੜ ਰੁਪਿਆ ਇਸ ਮੰਤਵ ਵਾਸਤੇ ਦਿੱਤਾ ਹੈ। ਇਹ ਬਹੁਤ ਜ਼ਰੂਰੀ ਹੈ। ਕੈਂਸਰ ਇੱਕ ਬਹੁਤ ਖਤਰਨਾਕ ਬਿਮਾਰੀ ਹੈ ਅਤੇ ਟਾਟਾ ਵਾਲੇ ਸਾਡੇ ਤੇ ਬੜਾ ਵੱਡਾ ਰਹਿਮ ਕਰ ਰਹੇ ਹਨ। ਉਹ ਅੱਜ ਪੰਜ ਕਰੋੜ ਰੁਪਏ ਦੀ ਦਵਾਈ ਦੋ ਕਰੋੜ ਰੁਪਏ ਵਿੱਚ ਪੇਸ਼ੈਂਟਸ ਨੂੰ ਸਬਸੇਡਾਈਜ਼ ਰੇਟ ਤੇ ਦੇ ਰਹੇ ਹਨ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਮੇਰੇ ਵੀਰ ਕਹਿ ਰਹੇ ਹਨ ਕਿ ਕੈਂਸਰ ਵਾਸਤੇ ਸਾਡੀ ਸਰਕਾਰ ਬਹੁਤ ਸੁਹਿਰਦ ਹੈ। 100 ਦਿਨ ਹੋ ਗਏ ਪਰ ਇਨ੍ਹਾਂ ਕੋਲ ਕੈਂਸਰ ਪੇਸ਼ੈਂਟਸ ਲਈ ਟਿਕਟਾਂ ਨਹੀਂ ਹਨ। ਜਿਹੜੀਆਂ ਟਿਕਟਾਂ ਸਰਕਾਰ ਵੱਲੋਂ ਜਾਰੀ ਹੁੰਦੀਆਂ ਹਨ ਕਿ ਪੇਸ਼ੈਂਟ ਇਹ ਪਰਚੀਆਂ ਸੀ.ਐਮ.ਓ. ਦਫਤਰ ਵਿੱਚੋਂ ਲੈ ਜਾਣ ਤੇ ਆਪਣਾ ਇਲਾਜ ਕਰਵਾ ਲੈਣ। ਇਹ ਟਿਕਟਾਂ ਨਹੀਂ ਹਨ।

**ਮਾਨਯੋਗ ਸਪੀਕਰ :** ਤੁਹਾਡੀ ਗੱਲ ਹੋ ਗਈ ਹੈ। ਤੁਸੀਂ ਬੈਠੋ ਪਲੀਜ਼।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀ ਨਵੀਂ ਪ੍ਰਥਾ ਚੱਲ ਪਈ ਹੈ

ਕਿ ਕੋਈ ਮੈਂਬਰ ਬੋਲ ਰਿਹਾ ਹੈ ਅਤੇ ਉਸ ਤੇ ਪੁਆਇੰਟ ਆਫ ਆਰਡਰ ਆ ਰਹੇ ਹਨ, ਇਸ ਵਾਸਤੇ ਤੁਸੀਂ ਪਰਾਪਰ ਡਾਇਰੈਕਸ਼ਨ ਦਿਓ। ਸਪੀਕਰ ਸਾਹਿਬ, ਫਾਇਨਾਂਸ ਮਨਿਸਟਰ ਸਾਹਿਬ ਨੇ ਕੱਲ੍ਹ ਬੋਲਣਾ ਹੈ, ਆਪਣੀ ਸਪੀਚ ਦੇਣੀ ਹੈ। ਉਸ ਵੇਲੇ ਜਿੰਨੀਆਂ ਕਲੈਰੀਫਿਕੇਸ਼ਨਜ਼ ਲੈਣੀਆਂ ਹਨ, ਇਹ ਲੈ ਲੈਣ। ਕਿਸੇ ਮੈਂਬਰ ਦੇ ਬੋਲਦੇ ਹੋਏ ਪੁਆਇੰਟ ਆਫ ਆਰਡਰ ਦੀ ਨਵੀਂ ਪ੍ਰਥਾ ਨਾ ਚਲਾਈ ਜਾਵੇ।

**ਮਾਨਯੋਗ ਸਪੀਕਰ :** ਠੀਕ ਹੈ।

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸਰ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ, ਗੱਲ ਬੁਰੀ ਲੱਗ ਜਾਂਦੀ ਹੈ। ਮੈਂ ਕੈਂਸਰ ਦੀ ਬਿਮਾਰੀ ਬਾਰੇ ਸਾਰੇ ਹਾਊਸ ਨੂੰ ਚੰਗੀ ਤਰ੍ਹਾਂ ਐਕਸਪਲੇਨ ਕਰਨਾ ਚਾਹੁੰਦਾ ਸੀ। ਸਾਡੇ ਕੋਈ ਦੋਸਤ- ਮਿੱਤਰ, ਰਿਸ਼ਤੇਦਾਰ ਇਸ ਬਿਮਾਰੀ ਵਿੱਚ ਉਲਝ ਜਾਂਦੇ ਹਨ। ਮੈਂ ਇਸ ਬਾਰੇ ਕਹਿਣਾ ਚਾਹੁੰਦਾ ਸੀ ਪਰ ਸਾਡੇ ਲੁਧਿਆਣੇ ਵਾਲੇ ਮੈਂਬਰ ਸਾਹਿਬ ਨੇ ਹੋਰ ਤਰੀਕੇ ਦੀ ਗੱਲ ਦੱਸ ਦਿੱਤੀ।

**ਸਰਦਾਰ ਬਲਵਿੰਦਰ ਸਿੰਘ ਬੈਂਸ (ਬੈਠੇ-ਬੈਠੇ) :** ਟਿਕਟਾਂ ਨਹੀਂ ਹਨ।

**ਮਾਨਯੋਗ ਸਪੀਕਰ :** ਰਨਿੰਗ ਕੁਮੈਂਟਰੀ ਨਾ ਕਰੋ।

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸਰ, ਮੈਂ ਤਾਂ ਚੇਅਰ ਨੂੰ ਹੀ ਐਡਰੈਸ ਕਰ ਰਿਹਾ ਹਾਂ। ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਸੀ ਕਿ ਪਿਛਲੇ ਪੰਜ-ਸੱਤ ਦਿਨਾਂ ਤੋਂ ਹਾਊਸ ਚੱਲ ਰਿਹਾ ਹੈ ਅਤੇ ਸਾਰੇ ਮੈਂਬਰ ਸਾਹਿਬਾਨਾਂ ਨੇ ਆਪਣੀ ਗੱਲ ਰੱਖੀ ਹੈ। ਕਿਸੇ ਜਗ੍ਹਾ ਤੇ ਸਟਾਫ਼ ਦੀ ਦਿੱਕਤ ਹੈ, ਕਿਸੇ ਜਗ੍ਹਾ ਤੇ ਹਸਪਤਾਲ ਦੀ ਬਿਲਡਿੰਗ ਦੀ ਦਿੱਕਤ ਹੈ ਅਤੇ ਕਿਸੇ ਜਗ੍ਹਾ ਤੇ ਇਕਵਿਪਮੈਂਟ ਦੀ ਦਿੱਕਤ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਟਾਟਾ ਮੈਮੋਰੀਅਲ ਕੈਂਸਰ ਹਸਪਤਾਲ, ਮੁੰਬਈ ਦਾ ਧੰਨਵਾਦ ਕਰਦੇ ਹਾਂ ਜਿਹੜਾ ਕਿ ਭਾਬਾ ਅਟਾਮਿਕ ਰਿਸਰਚ ਸੈਂਟਰ ਦੇ ਥੱਲੇ ਆਉਂਦਾ ਹੈ। ਇਹ ਭਾਰਤ ਸਰਕਾਰ ਦਾ ਅਦਾਰਾ ਹੈ। ਸਾਲ 2013 ਵਿੱਚ ਡਾ. ਮਨਮੋਹਨ ਸਿੰਘ ਜੀ ਨੇ 40 ਕਰੋੜ ਰੁਪਿਆ ਸੰਗਰੂਰ ਦੇ ਸਿਵਲ ਹਸਪਤਾਲ ਵਿੱਚ ਦੇ ਕੇ ਕੈਂਸਰ ਦੇ ਟ੍ਰੀਟਮੈਂਟ ਦਾ ਕੰਮ ਸ਼ੁਰੂ ਕੀਤਾ ਸੀ। ਅੱਜ ਪੂਰੇ ਪੰਜਾਬ ਵਿੱਚ ਕੈਂਸਰ ਦੇ 6-7 ਹੋਰ ਛੋਟੇ ਛੋਟੇ ਹਸਪਤਾਲ ਟੀ.ਐਮ.ਸੀ.ਐਚ. ਚਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਦਾ ਇੱਕ ਨੈਸ਼ਨਲ ਕੈਂਸਰ ਗ੍ਰਿਡ ਦਾ ਹਸਪਤਾਲ ਮੁੱਲਾਂਪੁਰ ਵਿੱਚ ਬਣ ਰਿਹਾ ਹੈ, ਜਿਸ ਨਾਲ ਸਾਰੇ ਹਸਪਤਾਲਾਂ ਨੂੰ ਸੈਟੇਲਾਈਟ ਰਾਹੀਂ ਜੋੜਨ ਦੀ ਕੋਸ਼ਿਸ਼ ਹੋ ਰਹੀ ਹੈ ਤਾਂ ਕਿ ਕੈਂਸਰ ਵਰਗੀ ਗੰਭੀਰ

[ਸ਼੍ਰੀ ਵਿਜੈ ਇੰਦਰ ਸਿੰਗਲਾ]

ਬਿਮਾਰੀ ਦਾ ਚੰਗੇ ਤਰੀਕੇ ਨਾਲ ਇਲਾਜ ਹੋ ਸਕੇ। ਸਪੀਕਰ ਸਾਹਿਬ, ਟਾਟਾ ਮੈਮੋਰੀਅਲ ਕੈਂਸਰ ਹਸਪਤਾਲ ਆਪਣੀ ਜੇਬ ਵਿਚੋਂ 75 ਪ੍ਰਤੀਸ਼ਤ ਸਬਸਿਡੀ ਸਾਡੇ ਪੰਜਾਬ ਦੇ ਲੋਕਾਂ ਨੂੰ ਦੇ ਰਿਹਾ ਹੈ। ਮੈਂ ਇਹ ਗੱਲ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਇਹ ਕੋਈ ਛੋਟੀ ਗੱਲ ਨਹੀਂ ਹੈ। ਅੱਜ 70 ਬੰਦਿਆਂ ਦਾ ਸਟਾਫ਼, ਜਿਸ ਵਿਚੋਂ ਮੁੰਬਈ ਦੇ ਟਾਟਾ ਹਸਪਤਾਲ ਦੇ 20 ਸਪੈਸ਼ੇਲਾਈਜ਼ਡ ਡਾਕਟਰ ਸੰਗਰੂਰ ਵਿੱਚ ਰਹਿ ਕੇ ਸਾਡੇ ਪੰਜਾਬ ਦੇ ਮਾਲਵੇ ਦੇ ਲੋਕਾਂ ਨੂੰ ਕੈਂਸਰ ਦਾ ਇਲਾਜ ਮੁਹੱਈਆ ਕਰਵਾ ਰਹੇ ਹਨ, ਇਹ ਕੋਈ ਛੋਟੀ ਗੱਲ ਨਹੀਂ ਹੈ।(ਥੰਪਿੰਗ)

ਮੈਂ ਸਦਨ ਦੇ ਵਿੱਚ ਇਹ ਗੱਲ ਰੱਖਣਾ ਚਾਹੁੰਦਾ ਹਾਂ ਕਿ ਜਦੋਂ ਸਾਡੇ ਕੋਲ ਵਧੀਆ ਮੈਨ ਪਾਵਰ ਦੀ ਫੈਸਿਲਟੀ ਹੋਵੇ, ਵੱਡੇ ਵੱਡੇ ਹਸਪਤਾਲ ਆ ਕੇ ਆਪਣੀ ਮੈਨਪਾਵਰ ਦੇਣ ਤਾਂ ਸਾਨੂੰ ਇਨਫ੍ਰਾਸਟ੍ਰਕਚਰ ਡਿਵੈਲਪਮੈਂਟ ਵਾਸਤੇ ਪੈਸਾ ਇੱਕ ਮਿੰਟ ਵਿੱਚ ਦੇਣਾ ਚਾਹੀਦਾ ਹੈ। ਇਸ ਕਰਕੇ ਮੈਂ ਹੈਲਥ ਮਨਿਸਟਰ ਸਾਹਿਬ ਦਾ ਧੰਨਵਾਦ ਕੀਤਾ ਹੈ ਕਿ ਉਨ੍ਹਾਂ ਨੇ ਪੰਜ ਕਰੋੜ ਰੁਪਏ ਦੀ ਮੰਗ ਰੱਖੀ, ਇੱਕ ਮਿੰਟ ਤੋਂ ਪਹਿਲਾਂ ਟਾਟਾ ਫੰਡ ਵਿਚੋਂ ਇਨ੍ਹਾਂ ਨੇ ਮਨਜ਼ੂਰੀ ਦਿੱਤੀ ਤਾਂ ਕਿ ਕੈਂਸਰ ਦਾ ਇਲਾਜ ਹੋਰ ਵਧੀਆ ਤਰੀਕੇ ਨਾਲ ਉਸ ਹਸਪਤਾਲ ਵਿੱਚ ਮੁਹੱਈਆ ਹੋ ਸਕੇ। ਸਪੀਕਰ ਸਾਹਿਬ, ਮੈਂ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ ਜਿਥੇ ਤੁਹਾਡਾ ਧੰਨਵਾਦ ਕਰਦਾ ਹਾਂ, ਉਥੇ ਮੈਂ ਇਸ ਹਾਊਸ ਦੇ ਸਾਰੇ ਮੈਂਬਰ ਸਾਹਿਬਾਨਾਂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੈਨੂੰ ਇਸ ਸਦਨ ਵਿੱਚ ਆਪਣੀ ਗੱਲ ਰੱਖਣ ਦਾ ਮੌਕਾ ਦਿੱਤਾ। ਬਹੁਤ ਬਹੁਤ ਧੰਨਵਾਦ। ਜੈ ਹਿੰਦ, ਜੈ ਭਾਰਤ।(ਥੰਪਿੰਗ)

**ਮਾਨਯੋਗ ਸਪੀਕਰ :** ਜਗਦੇਵ ਸਿੰਘ ਕਮਾਲੂ, ਤਿੰਨ ਮਿੰਟ ਜੀ।

**ਸਰਦਾਰ ਜਗਦੇਵ ਸਿੰਘ (ਮੌੜ) :** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਮੈਨੂੰ ਪਹਿਲੀ ਵਾਰ ਇਸ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਆਪ ਜੀ ਦੇ ਰਾਹੀਂ ਕਿਸਾਨਾਂ ਦੀਆਂ ਜੋ ਮੁਸ਼ਕਲਾਂ ਹਨ, ਉਨ੍ਹਾਂ ਵਿੱਚੋਂ ਇੱਕ ਵੱਡੀ ਸਮੱਸਿਆ ਵੱਲ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਜਿਵੇਂ ਸਾਡੇ ਵੱਖ ਵੱਖ ਮੈਂਬਰ ਸਾਹਿਬਾਨਾਂ ਨੇ ਦੱਸਿਆ ਹੈ ਕਿ ਜਿਹੜਾ ਕਰਜ਼ਾ ਮੁਆਫ ਹੋਇਆ ਹੈ, ਉਹ ਕਿੰਨਾ ਕੁ ਹੋਇਆ ਹੈ। ਸਪੀਕਰ ਸਾਹਿਬ, ਜੋ ਕਰਜ਼ਾ ਮੁਆਫ ਹੋਇਆ ਹੈ ਜੇਕਰ ਉਹ ਸਾਰਾ 10 ਲੱਖ 25 ਹਜ਼ਾਰ ਕਿਸਾਨਾਂ ਵਿੱਚ ਵੰਡ ਲਿਆ ਜਾਵੇ ਤਾਂ ਇੱਕ ਕਿਸਾਨ ਦਾ ਹਿੱਸਾ 14,285 ਰੁਪਏ ਬਣਦਾ ਹੈ। ਇਸ ਤੋਂ ਵੱਡੀ ਇੱਕ ਹੋਰ ਸਮੱਸਿਆ ਹੈ, ਜਿਸ ਦਾ ਮੈਂ ਧਿਆਨ ਦਿਵਾਉਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਝੋਨੇ ਦੀ, ਕਣਕ ਦੀ ਰਹਿੰਦ- ਖੂੰਹਦ

ਜਾਂ ਪਰਾਲੀ ਦਾ ਪ੍ਰਬੰਧ ਕਰਨਾ। ਅੱਜ ਇਹ ਪੰਜਾਬ ਵਿੱਚ ਇਕ ਬੜੀ ਵੱਡੀ ਸਮੱਸਿਆ ਹੈ। ਇਸ ਰਹਿੰਦ-ਖੂੰਹਦ ਨੂੰ ਖ਼ਤਮ ਕਰਨ ਲਈ ਕਿਸਾਨ ਬਹੁਤ ਔਖੀ ਘੜੀ ਵਿਚੋਂ ਲੰਘ ਰਿਹਾ ਹੈ ਕਿਉਂਕਿ ਉਸ ਪਰਾਲੀ ਨੂੰ ਖਤਮ ਕਰਨ ਵਾਸਤੇ ਕਿਸਾਨ ਨੂੰ ਤਿੰਨ-ਤਿੰਨ, ਚਾਰ-ਚਾਰ ਵਾਹਾਂ ਪਾਉਣੀਆਂ ਪੈਂਦੀਆਂ ਹਨ ਅਤੇ ਇੱਕ ਵਾਹ ਤੇ ਪੰਜ-ਛੇ ਸੌ ਰੁਪਏ ਦਾ ਖਰਚਾ ਆ ਜਾਂਦਾ ਹੈ। ਇਸ ਨਾਲ ਕਿਸਾਨ ਦਾ 1800/- ਤੋਂ 2000/- ਰੁਪਿਆ ਐਕਸਟ੍ਰਾ ਖਰਚਾ ਹੁੰਦਾ ਹੈ, ਜਿਸ ਨੂੰ ਕਰਨ ਦੇ ਉਹ ਸਮਰਥ ਨਹੀਂ ਕਿਉਂਕਿ ਕਿਸਾਨ ਦੀ ਹਾਲਤ ਪਹਿਲਾਂ ਹੀ ਬੜੀ ਮਾੜੀ ਹੈ। ਸਰਕਾਰ ਨੇ ਇਸ ਬਜਟ ਵਿੱਚ ਪੰਜ ਕਰੋੜ ਰੁਪਿਆ ਰੱਖਿਆ ਹੈ ਅਤੇ ਕਿਹਾ ਹੈ ਕਿ ਜਿਹੜਾ ਕੋਈ ਇਸ ਰਹਿੰਦ-ਖੂੰਹਦ ਵਾਸਤੇ ਟੈਕਨਾਲੋਜੀ ਦੱਸੇਗਾ, ਉਸ ਸੰਸਥਾ, ਉਸ ਵਿਅਕਤੀ ਨੂੰ ਪੰਜ ਕਰੋੜ ਰੁਪਿਆ ਦੇਵਾਂਗੇ। ਮੈਂ ਸਰਕਾਰ ਨੂੰ ਅਪੀਲ ਕਰਨੀ ਚਾਹੁੰਦਾ ਹਾਂ ਕਿ ਇਹ ਪੰਜ ਕਰੋੜ ਰੁਪਿਆ ਕਿਸੇ ਸੰਸਥਾ ਜਾਂ ਵਿਅਕਤੀ ਨੂੰ ਨਾ ਦੇ ਕੇ ਪੀ.ਏ.ਯੂ. ਨੂੰ ਦਿੱਤਾ ਜਾਵੇ ਜਿਹੜੀ ਕਿ ਇਸ ਤੇ ਪਹਿਲਾਂ ਹੀ ਰਿਸਰਚ ਕਰ ਰਹੀ ਹੈ।

ਦੂਸਰੀ ਗੱਲ, ਸ਼੍ਰੀਮਾਨ ਜੀ, ਬਜਟ ਵਿੱਚ ਲਿਖਿਆ ਹੈ ਕਿ 20 ਮਿਲੀਅਨ ਟਨ ਝੋਨੇ ਦੀ ਪਰਾਲੀ ਹੁੰਦੀ ਹੈ, ਜਿਸ ਵਿਚੋਂ 4 ਮਿਲੀਅਨ ਟਨ ਭੱਠਿਆਂ ਅਤੇ ਅਤੇ ਹੋਰ ਜਗ੍ਹਾ ਵਰਤੀ ਜਾਂਦੀ ਹੈ ਅਤੇ 16 ਮਿਲੀਅਨ ਟਨ ਸਮੱਸਿਆ ਬਣੀ ਹੋਈ ਹੈ। ਇਸ ਵਾਸਤੇ ਮੇਰਾ ਸੁਝਾਅ ਹੈ ਕਿ ਬਿਹਾਰ ਸਟੇਟ ਵਿਚ ਪਰਾਲੀ ਨੂੰ ਨਸ਼ਟ ਕਰਨ ਲਈ ਛੋਟੇ ਛੋਟੇ 60 ਪਾਵਰ ਪਲਾਂਟ ਲਗਾਏ ਗਏ ਹਨ ਅਤੇ ਇੱਕ ਪਲਾਂਟ ਚਾਰ ਪਿੰਡਾਂ ਨੂੰ ਰੋਜ਼ ਛੇ ਘੰਟੇ ਬਿਜਲੀ ਦੀ ਸਪਲਾਈ ਦਿੰਦਾ ਹੈ। ਇਸ ਤਰ੍ਹਾਂ ਨਾਲ ਇਹ ਪਾਵਰ ਪਲਾਂਟ ਘੱਟੋ ਘੱਟ ਤਿੰਨ ਲੱਖ ਘਰਾਂ ਨੂੰ ਰੋਸ਼ਨ ਕਰ ਰਹੇ ਹਨ। ਸੋ, ਮੈਂ ਇਸ ਸਰਕਾਰ ਨੂੰ ਸੁਝਾਅ ਦਿੰਦਾ ਹਾਂ ਕਿ ਬਿਹਾਰ ਦੀ ਤਰਜ਼ ਤੇ ਇਹੋ ਜਿਹੇ ਪਲਾਂਟ ਲਗਾਏ ਜਾਣ ਅਤੇ ਇਨ੍ਹਾਂ ਪਲਾਂਟਾਂ ਨੂੰ ਲਗਾਉਣ ਵਾਸਤੇ ਸਾਡੇ ਕਿਸਾਨ ਭਰਾਵਾਂ ਨੂੰ ਬਿਹਾਰ ਵਿੱਚ ਟਰੇਨਿੰਗ ਉਤੇ ਭੇਜ ਕੇ ਉਨ੍ਹਾਂ ਨੂੰ ਉਹ ਤਜ਼ਰਬਾ ਸਿਖਾਇਆ ਜਾਵੇ ਤਾਂ ਜੋ ਸਰਕਾਰ ਦੀ ਸਹਾਇਤਾ ਨਾਲ ਉਹ ਪਲਾਂਟ ਲਗਾ ਕੇ ਜਿਹੜੀ ਪਰਾਲੀ ਹੈ, ਉਸ ਨੂੰ ਨਸ਼ਟ ਕਰ ਸਕਣ। ਜਿਹੜੀ ਪ੍ਰਦੂਸ਼ਣ ਦੀ ਵੱਡੀ ਸਮੱਸਿਆ ਹੈ, ਉਸ ਤੋਂ ਵੀ ਬਚਿਆ ਜਾ ਸਕੇਗਾ। ਵਰਲਡ ਬੈਂਕ ਦੀ ਵੀ ਸਕੀਮ ਹੈ.....

**ਮਾਨਯੋਗ ਸਪੀਕਰ :** ਤੁਹਾਡਾ ਟਾਈਮ ਹੋ ਗਿਆ ਹੈ। ਵਾਈਂਡ ਅੱਪ ਕਰੋ। ਬੈਠੋ ਪਲੀਜ਼।

**ਸਰਦਾਰ ਜਗਦੇਵ ਸਿੰਘ:** ਇੱਕ ਮਿੰਟ ਜੀ। ਵਰਲਡ ਬੈਂਕ ਵੀ ਉਤਸ਼ਾਹਤ ਕਰ

[ਸਰਦਾਰ ਜਗਦੇਵ ਸਿੰਘ]

ਰਿਹਾ ਹੈ। ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਇਸ ਵਾਸਤੇ ਵਰਲਡ ਬੈਂਕ ਤੋਂ ਪੈਸਾ ਲੈ ਕੇ ਇਸ ਸਕੀਮ ਨੂੰ ਚਾਲੂ ਕੀਤਾ ਜਾ ਸਕਦਾ ਹੈ ਤਾਂ ਜੋ ਕਿਸਾਨਾਂ ਦਾ ਮਸਲਾ ਹੱਲ ਹੋ ਸਕੇ। ਬਹੁਤ ਬਹੁਤ ਧੰਨਵਾਦ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ (ਫਤਹਿਗੜ੍ਹ ਸਾਹਿਬ) :** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਅਜ਼ੀਮ ਸਦਨ ਵਿੱਚ ਸਾਡੇ ਬਹੁਤ ਹੀ ਕਾਬਲ ਖਜ਼ਾਨਾ ਮੰਤਰੀ ਜੀ ਵੱਲੋਂ ਪੇਸ਼ ਕੀਤੇ ਬਜਟ ਦੇ ਹੱਕ ਵਿਚ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ,ਸਭ ਤੋਂ ਪਹਿਲਾਂ ਮੈਂ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਇੱਕ ਬਹੁਤ ਉੱਚੀ ਤੇ ਸੁੱਚੀ ਸੋਚ ਦੇ ਤਹਿਤ ਪੰਜਾਬ ਦੇ ਲੋਕਾਂ ਦੇ ਨਾਲ ਜੋ ਵਾਅਦੇ ਕੀਤੇ ਸੀ, ਉਨ੍ਹਾਂ ਵਾਅਦਿਆਂ ਮੁਤਾਬਿਕ ਇਸ ਬਜਟ ਵਿੱਚ ਇੱਕ ਚੰਗੀ ਸ਼ੁਰੂਆਤ ਕੀਤੀ ਹੈ। ਕਿਸਾਨਾਂ ਦੇ ਕਰਜ਼ੇ ਦੀ ਮੁਆਫ਼ੀ ਦਾ ਵਾਅਦਾ ਕੀਤਾ ਸੀ, ਉਸ ਵਾਸਤੇ ਬਜਟ ਵਿਚ 1500 ਕਰੋੜ ਰੁਪਿਆ ਰੱਖਿਆ ਗਿਆ ਹੈ। ਸਪੀਕਰ ਸਾਹਿਬ, ਜਿਹੜਾ ਪੰਜਾਬ ਵਿਚ ਕਿਸਾਨ ਹੈ ਉਹ ਬਹੁਤ ਵੱਡੇ ਲੈਵਲ ਤੇ ਗੰਨਾ ਪੈਦਾ ਕਰਦਾ ਹੈ। ਪਿਛਲੇ ਸਮੇਂ ਦੌਰਾਨ ਆਪਾਂ ਦੇਖਿਆ ਹੈ ਕਿ ਧਰਨੇ ਲਗਦੇ ਰਹੇ ਹਨ ਕਿਉਂਕਿ ਸ਼ੂਗਰ ਮਿੱਲਾਂ ਕਿਸਾਨਾਂ ਦੀ ਪੇਮੈਂਟ ਨਹੀਂ ਕਰਦੀਆਂ। ਜਿਹੜੀਆਂ ਕੋਆਪਰੇਟਿਵ ਸ਼ੂਗਰ ਮਿੱਲਾਂ ਹਨ, ਉਨ੍ਹਾਂ ਦੀ ਹਾਲਤ ਮੰਦੀ ਸੀ। ਇਸ ਨੂੰ ਦੇਖਦੇ ਹੋਏ 180 ਕਰੋੜ ਰੁਪਿਆ ਕੋਆਪਰੇਟਿਵ ਸ਼ੂਗਰ ਮਿੱਲਾਂ ਨੂੰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਗੜੇ ਪੈਣ ਜਾਂ ਬਾਰਿਸ਼ ਨਾਲ ਫ਼ਸਲ ਖਰਾਬ ਹੋਣ ਦੀ ਸੂਰਤ ਵਿੱਚ ਮਿਲਣ ਵਾਲਾ ਉਜਾੜਾ ਭੱਤਾ ਜਾਂ ਕੰਪਨਸੇਸ਼ਨ ਨੂੰ 8,000/- ਰੁਪਏ ਤੋਂ ਵਧਾ ਕੇ 12,000/- ਰੁਪਏ ਪ੍ਰਤੀ ਏਕੜ ਕੀਤਾ ਗਿਆ ਹੈ। ਇਹ ਕਿਸਾਨ ਨੂੰ ਬਹੁਤ ਵੱਡੀ ਰਾਹਤ ਦਿੱਤੀ ਗਈ ਹੈ।

ਸਪੀਕਰ ਸਾਹਿਬ, ਐਜੂਕੇਸ਼ਨ ਦੇ ਖੇਤਰ ਦਾ ਖਾਸ ਧਿਆਨ ਰੱਖਦੇ ਹੋਏ ਇੱਕ ਚੰਗੀ ਸ਼ੁਰੂਆਤ ਕੀਤੀ ਗਈ ਹੈ। ਪ੍ਰਾਇਮਰੀ ਸਕੂਲਾਂ ਵਿੱਚ ਕੰਪਿਊਟਰ ਐਜੂਕੇਸ਼ਨ, ਫਰਨੀਚਰ ਆਦਿ ਅਤੇ ਬੈਸਟ ਸਕੂਲਾਂ ਨੂੰ ਐਵਾਰਡ ਦੇਣ ਦੀ ਗੱਲ ਕੀਤੀ ਗਈ ਹੈ। ਇਸ ਦੇ ਨਾਲ ਹੀ ਐਜੂਕੇਸ਼ਨਲੀ ਬੈਕਵਰਡ ਏਰੀਆਜ਼ ਵਿੱਚ ਪੰਜ ਡਿਗਰੀ ਕਾਲਜ ਖੋਲ੍ਹਣ ਅਤੇ ਜਿਹੜੇ ਸਾਡੇ ਹੈਰੀਟੇਜ ਕਾਲਜ ਮੰਦਹਾਲੀ ਵਿੱਚ ਹਨ, ਉਨ੍ਹਾਂ ਨੂੰ ਮਦਦ ਦੇਣ ਦੀ ਗੱਲ ਇਸ ਬਜਟ ਵਿੱਚ ਕੀਤੀ ਗਈ ਹੈ। ਸਪੀਕਰ ਸਾਹਿਬ, ਮੈਂ ਆਪਣੀ ਪੜ੍ਹਾਈ ਪੰਜਾਬ ਯੂਨੀਵਰਸਿਟੀ ਤੋਂ ਕੀਤੀ ਹੈ। ਅੱਜ ਇਸ ਬਜਟ ਵਿੱਚ ਇਕ ਬਹੁਤ ਵੱਡਾ ਫੈਸਲਾ ਇਸ ਯੂਨੀਵਰਸਿਟੀ ਵਾਸਤੇ ਕੀਤਾ ਗਿਆ ਹੈ। ਪੰਜਾਬ ਸਰਕਾਰ ਜਿਹੜਾ ਆਪਣਾ ਹਿੱਸਾ ਪਾਉਂਦੀ ਸੀ, ਉਸ

ਵਿੱਚ ਤਕਰੀਬਨ 27% ਦਾ ਵਾਧਾ ਕੀਤਾ ਗਿਆ ਹੈ, ਉਸ ਨੂੰ 26 ਕਰੋੜ ਤੋਂ ਵਧਾ ਕੇ 33 ਕਰੋੜ ਰੁਪਿਆ ਕੀਤਾ ਗਿਆ ਹੈ।(ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਮੈਂ ਖਾਸ ਤੌਰ ਤੇ ਮੁੱਖ ਮੰਤਰੀ ਸਾਹਿਬ ਦਾ ਅਤੇ ਵਿੱਤ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ। ਪੰਜਾਬ ਯੂਨੀਵਰਸਿਟੀ ਜਿਸ ਨੇ ਡਾ. ਮਨਮੋਹਨ ਸਿੰਘ ਵਰਗੇ ਮਹਾਨ ਵਿਅਕਤੀਆਂ ਨੂੰ ਪੈਦਾ ਕੀਤਾ ਹੋਵੇ ਅਤੇ ਇਸ ਸਦਨ ਵਿਚਲੇ ਸਾਡੇ ਬਹੁਤ ਸਾਰੇ ਸਾਥੀ ਵੀ ਉਸ ਯੂਨੀਵਰਸਿਟੀ ਤੋਂ ਪੜ੍ਹ ਕੇ ਆਏ ਹਨ। ਮੈਂ ਸਮਝਦਾ ਹਾਂ ਕਿ ਉਸ ਯੂਨੀਵਰਸਿਟੀ ਨਾਲ ਕੀਤਾ ਹੋਇਆ ਇਹ ਵਾਅਦਾ ਪੂਰਾ ਕਰਨਾ ਬਹੁਤ ਜ਼ਰੂਰੀ ਸੀ ਅਤੇ ਮੈਂ ਨਾਲ ਹੀ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਉਸ ਦਾ ਪਿਛਲਾ ਬੈਕਲਾਗ ਹੈ, ਉਹ ਵੀ ਦੇਣਾ ਬਣਦਾ ਹੈ।

ਸਪੀਕਰ ਸਾਹਿਬ, ਇਕ ਵੱਡੀ ਸ਼ੁਰੂਆਤ ਕਿਸਾਨਾਂ ਲਈ ਕੀਤੀ ਗਈ ਹੈ, ਸਰਕਾਰ ਵਲੋਂ 2000 ਸੋਲਰ ਐਗਰੀਕਲਚਰ ਪੰਪ ਲਾਉਣ ਦੀ ਗੱਲ ਕੀਤੀ ਗਈ ਹੈ। ਇਹ ਇਕ ਚੰਗੀ ਸ਼ੁਰੂਆਤ ਹੈ ਜਿਸ ਨਾਲ ਅਸੀਂ ਕਿਸਾਨਾਂ ਨੂੰ ਉਸ ਪਾਸੇ ਵੱਲ ਮੋੜਾਂਗੇ।

ਸਪੀਕਰ ਸਾਹਿਬ, ਮੈਂ ਸੋਸ਼ਲ ਸਕਿਉਰਟੀ ਪੈਨਸ਼ਨ ਬਾਰੇ ਯਾਦ ਕਰਵਾਉਣਾ ਚਾਹੁੰਦਾ ਹਾਂ ਅਤੇ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਸਾਲ 2012 ਦੀਆਂ ਚੋਣਾਂ ਵੇਲੇ ਪਿਛਲੀ ਸਰਕਾਰ ਦੇ ਸਾਡੇ ਭਰਾ ਜਿਹੜੇ ਹੁਣ ਵਿਰੋਧੀ ਧਿਰ ਦੇ ਰੂਪ ਵਿੱਚ ਬੈਠੇ ਹਨ, ਇਨ੍ਹਾਂ ਨੇ ਪੰਜਾਬ ਦੇ ਬਜ਼ੁਰਗਾਂ ਨਾਲ, ਮਾਵਾਂ ਨਾਲ, ਵਿਧਵਾਵਾਂ ਨਾਲ, ਅੰਗਹੀਣਾਂ ਨਾਲ, ਬੇਸਹਾਰਿਆਂ ਨਾਲ ਵਾਅਦਾ ਕੀਤਾ ਸੀ ਕਿ ਅਸੀਂ ਤੁਹਾਡੀ ਪੈਨਸ਼ਨ ਵਿੱਚ ਵਾਧਾ ਕਰਕੇ ਇਸ ਨੂੰ 250/- ਰੁਪਏ ਤੋਂ 500/- ਰੁਪਿਆ ਕਰਾਂਗੇ, ਪਰ ਕੀਤੀ ਕਦੋਂ? ਆਖਰੀ ਪੰਜ ਮਹੀਨੇ ਪਹਿਲਾਂ ਅਤੇ ਉਸ ਵਿਚੋਂ ਵੀ ਅਖੀਰਲੇ ਤਿੰਨ ਮਹੀਨਿਆਂ ਦੀ ਦੇ ਕੇ ਨਹੀਂ ਗਏ, ਸਾਡੇ ਲਈ ਛੱਡ ਗਏ। ਹੁਣ ਅਸੀਂ ਦੇਵਾਂਗੇ ਪਰ ਉਸ ਪੈਨਸ਼ਨ ਨੂੰ 500/- ਰੁਪਏ ਤੋਂ ਵਧਾ ਕੇ 750/- ਰੁਪਿਆ ਕੀਤਾ ਗਿਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵਿੱਤ ਮੰਤਰੀ ਸਾਹਿਬ ਜਿਹੜਾ ਅਗਲਾ ਬਜਟ ਲੈ ਕੇ ਆਉਣਗੇ, ਉਨ੍ਹਾਂ ਵਿੱਚ ਵਧਾਉਣਗੇ।

ਇਥੇ ਹੀ ਨਹੀਂ, ਅਸੀਂ ਜੋ ਸ਼ਗਨ ਸਕੀਮ ਵਧਾਉਣ ਦਾ ਵਾਅਦਾ ਕੀਤਾ ਸੀ, ਸਾਬਕਾ ਵਿੱਤ ਮੰਤਰੀ ਸਾਹਿਬ ਤਾਂ ਚਲੇ ਗਏ ਹਨ ਪਰ ਸਾਬਕਾ ਡਿਪਟੀ ਮੁੱਖ ਮੰਤਰੀ ਸਾਹਿਬ ਬੈਠੇ ਹਨ, ਇਨ੍ਹਾਂ ਨੇ ਕਿਹਾ ਸੀ ਕਿ ਸ਼ਗਨ 15,000/- ਰੁਪਏ ਤੋਂ ਵਧਾ ਕੇ 31,000/- ਰੁਪਿਆ ਕਰਾਂਗੇ ਤੇ ਗਰੀਬ ਲੜਕੀਆਂ ਦੇ ਵਿਆਹ ਤੇ ਸਾਡੇ ਜਥੇਦਾਰ ਮਾਮਾ ਬਣ ਕੇ ਦੇ ਕੇ ਆਇਆ ਕਰਨਗੇ। ਸਪੀਕਰ

[ਸਰਦਾਰ ਕੁਲਜੀਤ ਸਿੰਘ ਨਾਗਰਾ]

ਸਾਹਿਬ, ਸਾਡੀਆਂ ਬੱਚੀਆਂ, ਸਾਡੀਆਂ ਭੈਣਾਂ 31,000/- ਰੁਪਏ ਦਾ ਸ਼ਗਨ ਉਡੀਕਦੀਆਂ ਉਡੀਕਦੀਆਂ 2-3 ਬੱਚਿਆਂ ਦੀਆਂ ਮਾਵਾਂ ਬਣ ਗਈਆਂ ਪਰ ਮਾਮੇ ਨਹੀਂ ਗਏ....(ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਸਪੀਕਰ ਸਾਹਿਬ, ਮਾਮੇ ਨਹੀਂ ਪਹੁੰਚੇ। ਅੱਜ ਸਾਡੀ ਸਰਕਾਰ ਨੇ ਸ਼ੁਰੂਆਤ ਕੀਤੀ ਹੈ ਅਤੇ ਇਸ ਸ਼ਗਨ ਨੂੰ 15,000/- ਰੁਪਏ ਤੋਂ ਵਧਾ ਕੇ 20,000/- ਰੁਪਿਆ ਕੀਤਾ ਗਿਆ ਹੈ।(ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ)

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ (ਬੈਠੇ ਬੈਠੇ) :** ਨਵੇਂ ਮਾਮੇ ਦੇ ਕੇ ਆਉਣਗੇ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਇਹ ਸ਼ਗਨ ਮਾਮੇ ਦੇਣ ਨਹੀਂ ਜਾਣਗੇ, ਪੈਨਸ਼ਨ ਤੇ ਸ਼ਗਨ ਸਕੀਮ ਦੇ ਪੈਸੇ ਹੁਣ ਉਨ੍ਹਾਂ ਦੇ ਬੈਂਕਾਂ ਦੇ ਖਾਤਿਆਂ ਵਿੱਚ ਜਾਇਆ ਕਰਨਗੇ।

ਸਪੀਕਰ ਸਾਹਿਬ, ਸਾਬਕਾ ਡਿਪਟੀ ਮੁੱਖ ਮੰਤਰੀ ਸਾਹਿਬ ਬੈਠੇ ਹਨ, ਇਨ੍ਹਾਂ ਦੇ ਸਤਿਕਾਰਯੋਗ ਸਾਲਾ ਸਾਹਿਬ ਮੇਰੇ ਛੋਟੇ ਵੀਰ ਇਥੋਂ ਉਠ ਕੇ ਚਲੇ ਗਏ ਹਨ। ਮੈਨੂੰ ਯਾਦ ਹੈ, ਉਨ੍ਹਾਂ ਦੇ ਹਲਕੇ ਵਿੱਚ ਇਨ੍ਹਾਂ ਨੇ ਇੱਦਾਂ ਬਾਹਵਾਂ ਉਲਾਰੀਆਂ... (ਬਾਹਵਾਂ ਉਪਰ ਵੱਲ ਕਰਕੇ ਹੋਕਾ ਦਿੰਦੇ ਹੋਏ) 10 ਲੱਖ ਨੌਕਰੀਆਂ ਦੇਵਾਂਗੇ... ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਕਿ 10 ਲੱਖ ਨੌਕਰੀਆਂ ਦੇਵਾਂਗੇ। ਅੱਜ ਵੀ ਸਾਡੇ ਕੋਲ ਇਸ ਭਾਸ਼ਣ ਦੀਆਂ ਰਿਕਾਰਡਿੰਗਜ਼ ਹਨ। (ਦੂਜੀ ਬਾਂਹ ਖੜ੍ਹੀ ਉੱਚੀ ਕਰਦੇ ਹੋਏ) ਜੇ ਨੌਕਰੀ ਨਾ ਦਿੱਤੀ, ਜੇ ਨੌਕਰੀ ਨਾ ਦੇ ਸਕੇ ਤਾਂ 1000 ਰੁਪਿਆ ਬੇਰੁਜ਼ਗਾਰੀ ਭੱਤਾ ਦੇਵਾਂਗੇ। ਸਪੀਕਰ ਸਾਹਿਬ, ਅੱਜ ਉਹ ਦੋਵੇਂ ਬਾਹਵਾਂ ਟੁੱਟ ਗਈਆਂ। ਕਿਵੇਂ ਟੁੱਟੀਆਂ? ਜਿਵੇਂ ਸਰਕਾਰ ਤੋਂ ਨੌਜਵਾਨਾਂ ਦੀਆਂ ਆਸਾਂ ਟੁੱਟੀਆਂ। ਉਨ੍ਹਾਂ ਨੌਜਵਾਨਾਂ ਨੇ ਇਨ੍ਹਾਂ ਦੀਆਂ ਸਾਲ 2017 ਦੀਆਂ ਚੋਣਾਂ ਵਿਚ ਬਾਹਵਾਂ ਭੰਨ ਦਿੱਤੀਆਂ।(ਥੰਪਿੰਗ) ਇਥੇ ਹੀ ਬੱਸ ਨਹੀਂ। ਇਨ੍ਹਾਂ ਨੇ ਪੰਜਾਬ ਦੇ ਵਿਦਿਆਰਥੀਆਂ ਦੇ ਨਾਲ ਜੋ ਧੋਖਾ ਕੀਤਾ, ਮੈਂ ਵਿਦਿਆਰਥੀ ਆਗੂ ਰਿਹਾ ਹਾਂ। ਮੈਂ ਉਸ ਬੈਂਚ ਤੇ ਬੈਠਾ ਹੁੰਦਾ ਸੀ ਜਿਥੇ ਸਰਦਾਰ ਜਗਦੇਵ ਸਿੰਘ ਜੀ ਹੁਣ ਬੈਠੇ ਹਨ। ਮੈਨੂੰ ਯਾਦ ਹੈ, ਮੈਂ ਉਸ ਬੈਂਚ ਤੇ ਪੰਜ ਸਾਲ ਬੈਠਿਆ ਹਾਂ। ਮੈਂ ਸਤਿਕਾਰਯੋਗ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਹਰ ਵਿਧਾਨ ਸਭਾ ਸੈਸ਼ਨ ਵਿਚ ਕਹਿੰਦਾ ਰਿਹਾ ਕਿ ਪਟਿਆਲਾ ਦੇ ਪੋਲੋ ਗਰਾਊਂਡ ਵਿਚ ਵੀ ਤੁਸੀਂ ਇੱਦਾਂ ਹੀ ਬਾਹਵਾਂ ਉਲਾਰੀਆਂ ਸੀ। ਉਹ ਸਤਿਕਾਰਯੋਗ ਮੈਂਬਰ ਹਾਰ ਗਏ ਹਨ, ਮੈਂ ਉਸ ਦਾ ਨਾਂ ਨਹੀਂ ਲੈਣਾ। ਤੁਹਾਡੇ ਸਾਥੀ SOI ਦੇ ਪ੍ਰਧਾਨ ਨੇ ਪੋਲੋ ਗਰਾਊਂਡ ਵਿਚ ਫੰਕਸ਼ਨ ਕੀਤਾ। ਉਥੇ ਤਕਰੀਬਨ 20 ਤੋਂ 25 ਹਜ਼ਾਰ ਵਿਦਿਆਰਥੀਆਂ ਨੂੰ ਇਕੱਠਾ ਕੀਤਾ ਗਿਆ। (ਬਾਂਹ ਖੜ੍ਹੀ ਕਰਦੇ ਹੋਏ) ਉਨ੍ਹਾਂ ਨਾਲ ਇਹ ਬਾਂਹ

ਉਲਾਰ ਕੇ ਵਾਅਦਾ ਕੀਤਾ ਕਿ ਜਿਸ ਦਿਨ ਅਕਾਲੀ ਦਲ ਦੀ ਸਰਕਾਰ ਬਣੇਗੀ, ਉਸ ਦਿਨ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਵਿਦਿਆਰਥੀ ਚੋਣਾਂ ਕਰਵਾਈਆਂ ਜਾਣਗੀਆਂ। ਮੇਰੇ ਕੋਲ ਇਸ ਦੀ ਰਿਕਾਰਡਿੰਗ ਹੈ। ਮੈਂ ਇਹ ਦੇ ਸਕਦਾ ਹਾਂ।

**ਸਰਦਾਰ ਸੁਖਬੀਰ ਸਿੰਘ ਬਾਦਲ (ਬੈਠੇ ਬੈਠੇ):** ਹੁਣ ਕਰਵਾ ਲਇਓ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਇਸ ਬਾਰੇ ਤੁਹਾਨੂੰ ਅੱਗੇ ਦੱਸ ਦਿਆਂਗੇ। ਜ਼ਰਾ ਸੁਣ ਲਵੋ। ਇਨ੍ਹਾਂ ਨੇ ਪੋਲੋ ਗਰਾਊਂਡ ਵਿਚ 20-20 ਹਜ਼ਾਰ ਵਿਦਿਆਰਥੀਆਂ ਦੇ ਅੱਗੇ ਆਪਣੀਆਂ ਬਾਹਵਾਂ ਉਲਾਰ ਕੇ ਅਤੇ ਵਿਦਿਆਰਥੀਆਂ ਨੂੰ ਸੈਂਟੀਮੈਂਟ ਕਰਕੇ ਚੋਣਾਂ ਦੀ ਲੁੱਟ ਕਰ ਲਈ ਅਤੇ ਜਿਸ ਦਿਨ ਲੁੱਟ ਕਰ ਲਈ, ਉਸ ਦਿਨ ਤੋਂ ਬਾਅਦ ਇਹ ਉਨ੍ਹਾਂ ਨੂੰ ਭੁੱਲ ਗਏ। ਮੈਂ ਇਹ ਗੱਲ ਹਰ ਸੈਸ਼ਨ ਵਿਚ ਖੜ੍ਹਾ ਹੋ ਕੇ ਕਹਿੰਦਾ ਸੀ ਕਿ ਬਾਦਲ ਸਾਹਿਬ ਵਿਦਿਆਰਥੀਆਂ ਦੀਆਂ ਚੋਣਾਂ ਕਰਵਾਉ।

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਇਨ੍ਹਾਂ ਨੇ ਵਾਰ ਵਾਰ ਮੇਰਾ ਨਾਂ ਲਿਆ ਹੈ। ਮੈਂ ਵੀ ਟੋਕ ਸਕਦਾ ਸੀ, ਸਾਡੇ ਬੰਦੇ ਵੀ ਟੋਕ ਸਕਦੇ ਸੀ। ਓਵਰ ਐਗਜ਼ੈਜ਼ਰੇਟ ਕਰਨਾ, ਓਵਰ ਐਕਟਿੰਗ ਕਰਨਾ, ਇਹ ਸਾਡੀ ਫ਼ਿਤਰਤ ਵਿਚ ਨਹੀਂ ਹੈ। ਤੁਸੀਂ ਕਰਨਾ ਹੈ ਤਾਂ ਕਰੀ ਚੱਲੋ। ਜਿਹੜੀਆਂ ਤੁਸੀਂ ਗੱਲਾਂ ਕਹੀਆਂ ਹਨ....

**ਸ਼੍ਰੀ ਭਾਰਤ ਭੂਸ਼ਣ ਆਸ਼ੂ (ਬੈਠੇ ਬੈਠੇ):** ਬਿਕਰਮ ਜੀ ਨੂੰ ਵੀ ਇਹੀ ਗੱਲ ਸਮਝਾਇਓ। (ਹਾਸਾ)

(**ਰੂਲਿੰਗ ਬੈਂਚਿਜ਼ ਵੱਲੋਂ ਅਵਾਜ਼ਾਂ:** ਸਭ ਤੋਂ ਵੱਡਾ ਐਕਟਰ ਤਾਂ ਉਹੀ ਹੈ।)

**ਸਰਦਾਰ ਸੁਖਬੀਰ ਸਿੰਘ ਬਾਦਲ:** ਇਕ ਗੱਲ ਹੈ, ਜੇ ਅਸੀਂ 10 ਲੱਖ ਨੌਕਰੀਆਂ ਕਿਹਾ ਹੈ ਤਾਂ ਤੁਸੀਂ 25 ਲੱਖ ਬਾਰੇ ਕਿਹਾ ਹੈ। ਤੁਸੀਂ ਘਰ ਘਰ ਨੌਕਰੀ ਦੇਣ ਬਾਰੇ ਕਿਹਾ ਹੈ। ਇਹ ਬਜਟ ਤੇ ਡਿਸਕਸ਼ਨ ਹੈ। ਇਹ ਗਵਰਨਰ ਐਡਰੈਸ ਨਹੀਂ ਹੈ। ਅਸੀਂ ਵੀ ਜੇ ਬੋਲਣਾ ਚਾਹੀਏ ਤਾਂ ਕੁਝ ਚੀਜ਼ਾਂ ਤੁਹਾਡੇ ਬਾਰੇ ਬੋਲ ਸਕਦੇ ਹਾਂ। ਜੇ ਤੁਹਾਡੇ ਕੋਲ ਬਜਟ ਤੇ ਬੋਲਣ ਲਈ ਕੁਝ ਨਹੀਂ ਹੈ ਤਾਂ ਸਿੱਧਾ ਹੀ ਦੱਸ ਦਿਉ। ਮੈਂ ਗਵਰਨਰ ਐਡਰੈਸ ਤੇ ਬੋਲ ਲੈਂਦਾ ਹਾਂ ਪਰ ਗੁੰਮਰਾਹ ਕਰਨਾ ......

**ਮਾਨਯੋਗ ਸਪੀਕਰ:** ਨਹੀਂ। ਬੈਠੋ, ਪਲੀਜ਼।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਇਹ ਮੇਰੇ ਵੱਡੇ ਭਰਾ ਹਨ। ਮੈਂ ਇਨ੍ਹਾਂ ਦੀ ਬਹੁਤ ਇੱਜ਼ਤ ਕਰਦਾ ਹਾਂ। ਮੈਂ ਵੱਡੇ ਬਾਦਲ ਸਾਹਿਬ ਤੋਂ

[ਸਰਦਾਰ ਕੁਲਜੀਤ ਸਿੰਘ ਨਾਗਰਾ]

ਸਿੱਖਿਆ ਹੈ ਕਿ ਜੇ ਕੋਈ ਵੱਡਾ ਸਲਾਹ ਦੇਵੇ ਤਾਂ ਉਸ ਦੀ ਸੁਣ ਲੈਣੀ ਚਾਹੀਦੀ ਹੈ। ਥੋੜ੍ਹਾ ਜਿਹਾ ਆਪਣੇ ਸਾਲਾ ਸਾਹਿਬ ਨੂੰ ਵੀ ਸਮਝਾਇਓ।

**ਸਰਦਾਰ ਇੰਦਰਬੀਰ ਸਿੰਘ ਬੁਲਾਰੀਆ:** ਬੁਰਾ ਨਾ ਮੰਨਿਓ, ਬੇੜਾ ਗਰਕ ਉਸੇ ਕਰਕੇ ਹੀ ਹੋਇਆ ਹੈ।

**ਮਾਨਯੋਗ ਸਪੀਕਰ:** ਬੁਲਾਰੀਆ ਜੀ, ਨਹੀਂ ਜੀ। ਬੈਠੋ ਜੀ, ਪਲੀਜ਼।

**ਸਰਦਾਰ ਸੁਖਬੀਰ ਸਿੰਘ ਬਾਦਲ:** ਬੁਲਾਰੀਆ ਜੀ, ਤੁਸੀਂ ਛੋਟੇ ਭਰਾ ਵਾਂਗ ਹੋ, ਤੁਹਾਨੂੰ ਅਜਿਹਾ ਨਹੀਂ ਕਹਿਣਾ ਚਾਹੀਦਾ। ਤੁਹਾਨੂੰ ਯਾਦ ਹੋਣਾ ਹੈ ਕਿ ਸਭ ਤੋਂ ਜ਼ਿਆਦਾ ਤਾਰੀਫ਼ ਤਾਂ ਤੁਸੀਂ ਕਰਦੇ ਹੁੰਦੇ ਸੀ। ਮੈਂ ਤੁਹਾਨੂੰ ਇਹ ਯਾਦ ਕਰਵਾ ਦੇਵਾਂ।(ਵਿਘਨ,ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਮੈਂ ਪੰਜ ਸਾਲ ਉਥੇ ਬੈਠ ਕੇ ਇਨ੍ਹਾਂ ਤੋਂ ਬਹੁਤ ਕੁਝ ਸਿੱਖਿਆ ਹੈ। ਮੈਂ ਇਨ੍ਹਾਂ ਦੀ ਬਹੁਤ ਇੱਜ਼ਤ ਕਰਦਾ ਹਾਂ ** ** (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਨਾਗਰਾ ਜੀ, ਤੁਸੀਂ ਬਜਟ ਤੇ ਆਓ। ਤੁਸੀਂ ਆਪਣੀ ਗੱਲ ਤੇ ਆਓ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ** **

**ਮਾਨਯੋਗ ਸਪੀਕਰ:** ਇਹ ਸ਼ਬਦ ਰਿਕਾਰਡ ਨਾ ਕੀਤੇ ਜਾਣ। ਨਾਗਰਾ ਜੀ, ਤੁਸੀਂ ਬਜਟ ਤੇ ਆਓ। ਤੁਸੀਂ ਆਪਣੀ ਗੱਲ ਕਰੋ, ਇਨ੍ਹਾਂ ਗੱਲਾਂ ਨੂੰ ਛੱਡੋ। ਜੋ ਕੁਝ ਨਾਗਰਾ ਜੀ ਨੇ ਬੋਲਿਆ ਹੈ ਉਹ ਐਕਸਪੰਜ ਕਰ ਦਿੱਤਾ ਜਾਵੇ। ਤੁਸੀਂ ਬਜਟ ਦੀ ਗੱਲ ਕਰੋ।

**ਸਰਦਾਰ ਇੰਦਰਬੀਰ ਸਿੰਘ ਬੁਲਾਰੀਆ:** ਸਪੀਕਰ ਸਾਹਿਬ....

**ਮਾਨਯੋਗ ਸਪੀਕਰ :** ਬੁਲਾਰੀਆ ਜੀ, ਤੁਸੀਂ ਬੈਠੋ।

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਅਸੀਂ ਤੁਹਾਨੂੰ ਕਿਹਾ ਸੀ ਕਿ ਅਸੀਂ ਚੁੱਪ ਕਰਕੇ ਸੁਣਾਂਗੇ ਪਰ ਇਸ ਦਾ ਮਤਲਬ ਇਹ ਨਹੀਂ ਕਿ ਇਹ ਸਾਡੇ ਮੈਂਬਰਾਂ ਦੇ ਇਸ ਤਰ੍ਹਾਂ ਨਾਂ ਲਈ ਜਾਣ ਅਤੇ ਅਸੀਂ ਚੁੱਪ ਕਰਕੇ ਬੈਠੇ ਰਹੀਏ। ਤੁਸੀਂ ਸਾਨੂੰ ਬੇਨਤੀ ਕੀਤੀ ਸੀ ਅਤੇ ਅਸੀਂ ਵੀ ਕਿਹਾ ਸੀ ਕਿ ਅਸੀਂ ਸੁਣਾਂਗੇ ਪਰ ਜੇਕਰ ਇਨ੍ਹਾਂ ਨੇ ਹਰ ਇਸ਼ੂ ਤੇ ਇਸ ਤਰ੍ਹਾਂ ਇੰਸਟੀਗੇਟ ਕਰਨਾ ਹੈ ਤਾਂ ਅਸੀਂ

---

** Expunged as ordered by the Chair.

ਵੀ ਕਰ ਸਕਦੇ ਹਾਂ। ਸਾਡੇ ਕੋਲ ਵੀ ਇਨ੍ਹਾਂ ਦੀਆਂ ਹਜ਼ਾਰਾਂ ਗੱਲਾਂ ਹਨ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਮੈਂ ਕੋਈ ਮਾੜੀ ਗੱਲ ਤਾਂ ਨਹੀਂ ਕਹੀ।

**ਮਾਨਯੋਗ ਸਪੀਕਰ:** ਨਾਗਰਾ ਜੀ, ਪਲੀਜ਼ ਬਜਟ ਤੇ ਬੋਲੋ। ਜਿਹੜੀ ਗੱਲ ਕਰਨੀ ਹੈ, ਬਜਟ ਤੇ ਕਰੋ, ਇਹ ਸਲਾਹਾਂ ਵਾਲੀ ਗੱਲ ਛੱਡੋ..... ਤੁਸੀਂ ਸਲਾਹਾਂ ਦੀ ਗੱਲ ਛੱਡੋ, ਬਜਟ ਤੇ ਬੋਲੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਮੈਂ ਬਜਟ ਤੇ ਆ ਜਾਂਦਾ ਹਾਂ। ਸਪੀਕਰ ਸਾਹਿਬ, ਖਜ਼ਾਨਾ ਮੰਤਰੀ ਜੀ ਨੇ ਜਿਹੜਾ ਬਜਟ ਪੇਸ਼ ਕੀਤਾ ਹੈ, ਉਸ ਵਿੱਚ ਸਟੈਂਪ ਡਿਊਟੀ ਘਟਾਈ ਗਈ ਹੈ। ਇਹ ਕਿਸਾਨਾਂ ਅਤੇ ਆਮ ਲੋਕਾਂ ਲਈ ਇਕ ਬਹੁਤ ਵਧੀਆ ਕਦਮ ਹੈ। ਇਸ ਨਾਲ ਜਿਥੇ ਲੋਕਾਂ ਨੂੰ ਰਾਹਤ ਮਿਲੇਗੀ ਉਥੇ ਸਰਕਾਰ ਨੂੰ ਆਮਦਨ ਵੀ ਜ਼ਿਆਦਾ ਹੋਵੇਗੀ। ਇਹ ਆਉਣ ਵਾਲੇ ਸਮੇਂ ਵਿਚ ਦੱਸ ਦੇਵਾਂਗੇ। ਸਪੀਕਰ ਸਾਹਿਬ, ਇਕ ਚੀਜ਼ ਮੈਨੂੰ ਸਮਝ ਨਹੀਂ ਲੱਗੀ। ਕੱਲ੍ਹ ਮੈਂ ਵਿੱਤ ਮੰਤਰੀ ਜੀ ਕੋਲ ਬੈਠਾ ਸੀ। ਮੈਂ ਇਕਨਾਮਿਕਸ ਨਹੀਂ ਪੜ੍ਹਿਆ। ਇਸ ਲਈ ਮੈਂ ਇਨ੍ਹਾਂ ਨੂੰ ਪੁੱਛਿਆ ਕਿ 31 ਹਜ਼ਾਰ ਕਰੋੜ ਰੁਪਿਆ ਸੀ.ਸੀ.ਐਲ ਜਿਹੜੀ ਲਿਮਟ ਹੈ, ਇਹ ਕੀ ਚੀਜ਼ ਹੈ? ਸਪੀਕਰ ਸਾਹਿਬ, ਜੇ ਮੈਂ ਨਾਂ ਲਿਆ ਇਹ ਫੇਰ ਕਹਿਣਗੇ, ਇਸ ਲਈ ਮੈਂ ਨਾਂ ਨਹੀਂ ਲੈਣਾ। ਸਤਿਕਾਰਯੋਗ ਮੈਂਬਰ ਸਾਹਿਬ ਮੇਰੇ ਸਾਹਮਣੇ ਬੈਠੇ ਹਨ। ਇਹ ਇਕਨਾਮਿਕਸ ਦੇ ਵਿਦਿਆਰਥੀ ਹਨ, ਇਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਪੜ੍ਹਾਈ ਕੀਤੀ ਹੈ। ਮੈਨੂੰ ਪਤਾ ਹੈ, ਇਹ ਮੇਰੇ ਸੀਨੀਅਰ ਸੀ। ਇਸੇ ਕਰਕੇ ਮੈਂ ਇਨ੍ਹਾਂ ਦੀ ਇੱਜ਼ਤ ਕਰਦਾ ਹਾਂ। ਸਪੀਕਰ ਸਾਹਿਬ, (ਵਿਘਨ...ਸ਼ੋਰ) ਨਹੀਂ ਜੀ ਨਹੀਂ, ਬਾਦਲ ਸਾਹਿਬ। ਤੁਸੀਂ ਇਸ ਤਰ੍ਹਾਂ ਨਾ ਸਮਝੋ। ਸਪੀਕਰ ਸਾਹਿਬ, ਇਹ ਮੇਰੇ ਸਤਿਕਾਰਯੋਗ ਹਨ।

**ਸ਼੍ਰੀ ਐਨ.ਕੇ. ਸ਼ਰਮਾ:** ਤੁਸੀਂ ਪੰਜਾਬ ਯੂਨੀਵਰਸਿਟੀ ਵਿੱਚ ਕਿੰਨੇ ਸਾਲ ਲਗਾਏ ਹਨ?

**ਸਰਦਾਰ ਕੁਲਜੀਤ ਸਿੰਘ ਨਾਗਰਾ:** ਵੀਰ ਜੀ, ਮੈਂ ਦੱਸ ਦਿੰਦਾ ਹਾਂ ਕਿ ਮੈਂ 11 ਸਾਲ ਲਗਾਏ ਹਨ।

**ਮਾਨਯੋਗ ਸਪੀਕਰ:** ਨਾਗਰਾ ਜੀ, ਤੁਸੀਂ ਬਜਟ ਤੇ ਗੱਲ ਕਰੋ ਅਤੇ ਇੱਧਰ ਮੇਰੇ ਵੱਲ ਦੇਖ ਕੇ ਗੱਲ ਕਰੋ। ਤੁਸੀਂ ਚੇਅਰ ਨੂੰ ਐਡਰੈਸ ਕਰੋ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਮੈਂ ਤੁਹਾਡੇ ਨਾਲ ਹੀ ਗੱਲ ਕਰ ਰਿਹਾ ਹਾਂ। ਮੈਂ ਕੋਈ ਮਾੜੀ ਗੱਲ ਨਹੀਂ ਕਰ ਰਿਹਾ। ਸਪੀਕਰ

[ਸਰਦਾਰ ਕੁਲਜੀਤ ਸਿੰਘ ਨਾਗਰਾ]

ਸਾਹਿਬ, ਮੈਂ ਪੁੱਛਿਆ ਕਿ ਇਹ ਕੀ ਹੈ? 31,000 ਕਰੋੜ ਦਾ ਕੀ ਚੱਕਰ ਹੈ? ਮੈਂ ਕਲ੍ਹ CRRID ਚਲਾ ਗਿਆ ਕਿਉਂਕਿ ਇੱਥੇ ਬੋਲਣਾ ਸੀ, ਉਥੇ ਸਾਡੇ ਬਹੁਤ ਹੀ ਸੀਨੀਅਰ ਪ੍ਰੋਫੈਸਰ ਘੁੰਮਣ ਸਾਹਿਬ ਹਨ। ਮੈਂ ਕਿਹਾ ਜੀ ਕਿ ਮਾੜਾ-ਮੋਟਾ ਸਾਨੂੰ ਸਮਝਾਓ ਕਿਉਂਕਿ ਉਥੇ ਤਾਂ ਬਿਜ਼ਨਸ ਸਕੂਲ ਆਫ ਇਕਨਾਮਿਕਸ ਵਾਲੇ ਬੈਠੇ ਹੋਣੇ ਹਨ। ਅਸੀਂ ਵੀ ਕੁਝ ਬੋਲਣਾ ਹੈ। ਸਪੀਕਰ ਸਾਹਿਬ, 11 ਤਰੀਕ ਨੂੰ ਕਾਊਂਟਿੰਗ ਹੋਣੀ ਹੈ ਅਤੇ 10 ਤਰੀਕ ਨੂੰ ਬੈਂਕਾਂ ਵਾਲਿਆਂ ਨਾਲ ਇਨ੍ਹਾਂ ਦੀ ਸੈਟਲਮੈਂਟ ਹੋ ਜਾਂਦੀ ਹੈ। (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਸਪੀਕਰ ਸਾਹਿਬ, ਇੱਕ ਦਿਨ ਦੀ ਵੀ ਵੇਟ ਨਹੀਂ ਕੀਤੀ ਕਿ ਪੰਜਾਬ ਦੇ ਕਿਸਾਨਾਂ ਦੀ, ਮਜ਼ਦੂਰਾਂ ਦੀ, ਗਰੀਬਾਂ ਦੀ ਕੀ ਹਾਲਤ ਹੋਵੇਗੀ ਅਤੇ 10 ਤਰੀਕ ਨੂੰ ਸਮਝੌਤਾ ਸਾਈਨ ਕਰ ਦਿੱਤਾ। ਇਥੇ ਸਾਡੇ ਸਾਬਕਾ ਫਾਈਨਾਂਸ ਮਨਿਸਟਰ ਸਾਹਿਬ ਕਹਿ ਕੇ ਗਏ ਹਨ, 8.5% ਪਰ ਮੈਨੂੰ ਜੋ ਦੱਸਿਆ ਗਿਆ ਹੈ, ਉਹ 11% ਹੈ। ਹੁਣ ਤੁਸੀਂ ਇਸ ਦਾ ਅਸਰ ਸੁਣ ਲਓ। 31 ਹਜ਼ਾਰ ਕਰੋੜ ਰੁਪਏ ਦਾ ਪ੍ਰਤੀ ਮਹੀਨਾ 270 ਕਰੋੜ ਰੁਪਿਆ ਜਾਣਾ ਹੈ। ਸਪੀਕਰ ਸਾਹਿਬ, ਜੇ ਇਹ ਇੱਕ ਦਿਨ ਦੀ ਵੇਟ ਕਰ ਲੈਂਦੇ ਤਾਂ ਕੀ ਹੋਣ ਲੱਗਾ ਸੀ? ਫਰਕ ਕੀ ਪੈਣਾ ਸੀ ਕਿ ਜਿਹੜਾ 270 ਕਰੋੜ ਰੁਪਿਆ ਇੱਕ ਮਹੀਨੇ ਦਾ ਜਾਂਦਾ ਸੀ, ਉਹ ਨਾ ਜਾਂਦਾ। ਅਸੀਂ ਉਨ੍ਹਾਂ ਨਾਲ ਬੈਠ ਕੇ ਗੱਲਬਾਤ ਕਰਦੇ, ਵਿਆਜ ਘਟਾਉਂਦੇ, ਉਨ੍ਹਾਂ ਦੇ ਤਰਲੇ-ਮਿੰਨਤਾਂ ਕਰਦੇ ਪਰ ਮੈਂ ਬਿਜ਼ਨਸ ਸਕੂਲ ਆਫ ਇਕਨਾਮਿਕਸ ਦੇ ਮੇਰੇ ਸਾਥੀ ਨੂੰ ਸਤਿਕਾਰਯੋਗ ਸਾਬਕਾ ਡਿਪਟੀ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ....(ਵਿਘਨ)

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਜੇ ਇਸ ਤਰ੍ਹਾਂ ਕੁਐਸਚਨ ਆਂਸਰ ਕਰਨਾ ਹੈ ਤਾਂ ਮੈਂ ਹੁਣੇ ਜਵਾਬ ਦਿਆਂ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਤੁਸੀਂ ਆਪਣੀ ਸਪੀਚ ਵਿੱਚ ਐਕਸਪਲੇਨ ਕਰ ਦਿਓ।

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਮੇਰਾ ਨਾਂ ਲੈ ਕੇ ਕੁਐਸਚਨ ਕਰਦੇ ਹਨ। ਮੈਂ ਜਵਾਬ ਦੇਣ ਨੂੰ ਤਿਆਰ ਹਾਂ।

**ਮਾਨਯੋਗ ਸਪੀਕਰ:** ਜਵਾਬ ਤੁਸੀਂ ਬਾਅਦ ਵਿੱਚ ਦੇ ਦਿਓ, ਜਦੋਂ ਸਮਾਂ ਆਉਣਾ ਹੈ। ਪਲੀਜ਼ ਬੈਠੋ।

**ਸਰਦਾਰ ਸੁਖਬੀਰ ਸਿੰਘ ਬਾਦਲ:** ਜੇ ਤੁਸੀਂ ਇਸ ਤਰ੍ਹਾਂ ਦੀਆਂ ਗੱਲਾਂ ਐਨਕਰੇਜ਼ ਕਰਨੀਆਂ ਹਨ ਤਾਂ I will answer them. You are playing a different game today.*(interruptions)*

**ਮਾਨਯੋਗ ਸਪੀਕਰ:** ਨਾਗਰਾ ਜੀ, ਇਸ ਤਰ੍ਹਾਂ ਨਾ ਕਰੋ। ਇਹ ਕੋਈ ਕੁਐਸਚਨ ਆਵਰ ਨਹੀਂ ਹੈ। ਤੁਸੀਂ ਬੋਲਣਾ ਹੈ ਜਾਂ ਨਹੀਂ ਬੋਲਣਾ? ਜੇ ਬੋਲਣਾ ਹੈ ਤਾਂ ਬਜਟ ਤੇ ਬੋਲੋ, ਇਸ ਤਰ੍ਹਾਂ ਦੇ ਸਵਾਲ ਜਵਾਬ ਨਾ ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਠੀਕ ਹੈ। ਸਪੀਕਰ ਸਾਹਿਬ, ਹੁਣ ਨਹੀਂ ਕਹਿੰਦਾ। ਸਪੀਕਰ ਸਾਹਿਬ, ਮੈਂ ਹੁਣ ਇਨ੍ਹਾਂ ਦਾ ਨਾਂ ਨਹੀਂ ਲੈਂਦਾ। ਇਹ ਮੇਰੇ ਵੱਡੇ ਭਰਾ ਹਨ। ਇਹ ਯੂਨੀਵਰਸਿਟੀ ਦੇ ਮੇਰੇ ਸੀਨੀਅਰ ਹਨ। ਇਹ ਜਾਂਦੇ ਜਾਂਦੇ ਸਾਨੂੰ ਦਾਜ ਦੇ ਵਿੱਚ ਕੀ ਦੇ ਕੇ ਗਏ ਹਨ? ਅਸੀਂ ਜੋ ਇਨਹੈਰਿਟ ਕੀਤਾ ਹੈ, ਉਹ ਕੀ ਕੀਤਾ ਹੈ? ਆਟਾ ਦਾਲ ਸਕੀਮ ਦਾ 13 ਹਜ਼ਾਰ 39 ਕਰੋੜ ਰੁਪਿਆ ਸਾਨੂੰ ਦੇ ਗਏ ਹਨ। ਆਟਾ ਦਾਲ ਸਕੀਮ ਦੇ ਬਿਲਾਂ ਤੋਂ ਇਲਾਵਾ ਪਾਵਰ ਸਬਸਿਡੀ ਅਤੇ ਜਿਹੜਾ ਇੰਪਲਾਈ ਨੂੰ ਡੀ.ਏ ਦੇਣਾ ਸੀ, ਇਨ੍ਹਾਂ ਦੇ ਟਰੈਜ਼ਰੀ ਵਿੱਚ ਜਿਹੜੇ ਬਿਲ ਪੈਂਡਿੰਗ ਸਨ, ਇਹ ਸਾਡੇ ਖਜ਼ਾਨਾ ਮੰਤਰੀ ਜੀ ਨੂੰ ਕਹਿੰਦੇ ਕਿ ਅਸੀਂ ਜਾਂਦੇ ਜਾਂਦੇ ਤੁਹਾਨੂੰ ਦਾਜ ਵਿੱਚ ਦੇ ਕੇ ਜਾ ਰਹੇ ਹਾਂ।

ਹੁਣ ਮੈਂ ਨਾਂ ਨਹੀਂ ਲੈਣਾ ਕਿ ਇਹ ਕਿਹੜੇ ਸਕੂਲ ਤੋਂ ਪੜ੍ਹੇ ਹਨ। The Associated Chamber of Commerce and Industry of India ਦੀ ਇੱਕ ਰਿਪੋਰਟ ਹੈ ਜਿਸ ਵਿੱਚ ਉਹ ਦੱਸਦੇ ਹਨ ਕਿ among the States in India, Punjab's under implementation of investment rate is highest. ਇਨ੍ਹਾਂ ਨੇ ਦੋ ਸਮਿੱਟ ਕੀਤੇ ਜਿਨ੍ਹਾਂ ਬਾਰੇ ਪੰਜਾਬ ਵਿੱਚ ਬੜਾ ਵੱਡਾ ਰੌਲਾ ਪਿਆ ਕਿ ਆਪਾਂ ਇੱਥੇ ਇੰਡਸਟਰੀ ਨੂੰ ਲਿਆਉਣਾ ਹੈ, ਇਨਵੈਸਟਮੈਂਟ ਇੱਥੇ ਲਿਆਉਣੀ ਹੈ ਅਤੇ ਉਸ ਇਨਵੈਸਟਮੈਂਟ ਨਾਲ ਪੰਜਾਬ ਕੈਲੀਫੋਰਨੀਆ ਬਣ ਜਾਵੇਗਾ। ਇਹ ਰਿਪੋਰਟ ਮੇਰੀ ਜਾਂ ਕਾਂਗਰਸ ਪਾਰਟੀ ਦੀ ਨਹੀਂ ਹੈ। ਉਨ੍ਹਾਂ ਨੇ ਕਿਹਾ ਹੈ ਕਿ 74% ਰੇਟ ਦਿੱਤਾ ਗਿਆ, ਇਹ ਕੋਈ ਥੋੜ੍ਹਾ ਨਹੀਂ ਹੈ, ਬਾਕੀ ਤਾਂ 55% ਤੇ ਜਾ ਕੇ ਹੀ ਖ਼ਤਮ ਹੋ ਗਏ। ਇਨ੍ਹਾਂ ਵੇਲੇ ਇੰਡਸਟਰੀ ਲਿਆਉਣ ਦੀਆਂ ਅਨਾਊਂਸਮੈਂਟਾਂ ਹੀ ਹੋਈਆਂ ਹਨ ਪਰ ਇੰਪਲੀਮੈਂਟੇਸ਼ਨ ਕੋਈ ਨਹੀਂ ਹੋਈ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ)

ਦੂਜੀ ਜਿਹੜੀ ਮੈਂ ਰਿਪੋਰਟ ਲਿਆਇਆ ਹਾਂ ਇਹ ਵੀ ਕਾਂਗਰਸ ਪਾਰਟੀ ਦੀ ਨਹੀਂ ਹੈ। ਸਾਡੇ ਸਤਿਕਾਰਯੋਗ ਸਾਬਕਾ ਮੁੱਖ ਮੰਤਰੀ ਸਾਹਿਬ, ਜਿਨ੍ਹਾਂ ਦਾ ਮੈਂ ਨਾਂ ਨਹੀਂ ਲੈਣਾ, ਉਹ ਇੱਥੇ ਬੜੀ ਵਾਰੀ ਜਾਂਦੇ ਰਹੇ ਹਨ। ਇਹ Centre for Research in Rural and Industrial Development, Sector-19, Madhya Marg, Chandigarh, ਉਨ੍ਹਾਂ ਦੀ ਇਹ ਇੱਕ ਰਿਪੋਰਟ ਹੈ। ਇਹ ਹੈ

[ਸਰਦਾਰ ਕੁਲਜੀਤ ਸਿੰਘ ਨਾਗਰਾ]

status of Industrial sector in Punjab, ਤੇ ਉਹ ਲਿਖਦੇ ਹਨ : pattern of industry in Punjab. ਸਪੀਕਰ ਸਾਹਿਬ, ਸਾਲ 2006-07 ਵਿੱਚ ਸਾਡੇ ਕੋਲ ਇੰਡਸਟਰੀ ਦੇ no. of ਯੂਨਿਟ 1 ਲੱਖ 91 ਹਜ਼ਾਰ 979 ਸਨ। ਮੈਂ ਮਾਫ਼ੀ ਮੰਗਦਾ ਹਾਂ ਕਿ ਮੈਨੂੰ ਅੱਗੇ ਦਾ ਡਾਟਾ ਨਹੀਂ ਮਿਲਿਆ। ਸਾਲ 2014-15 ਵਿੱਚ ਇਹ ਯੂਨਿਟ 1 ਲੱਖ 56 ਹਜ਼ਾਰ 964 ਰਹਿ ਗਏ। ਜਿਹੜੇ ਇੰਡਸਟਰੀ ਦੇ 35,000 ਯੂਨਿਟ ਸਨ, ਇਹ ਸਤਿਕਾਰਯੋਗ ਸਾਬਕਾ ਇੰਡਸਟਰੀ ਮਨਿਸਟਰ ਤੇ ਮੁੱਖ ਮੰਤਰੀ ਤੇ ਡਿਪਟੀ ਮੁੱਖ ਮੰਤਰੀ, ਜਿਨ੍ਹਾਂ ਨੇ ਸਰਕਾਰ ਚਲਾਈ ਹੈ, ਉਨ੍ਹਾਂ ਦੇ ਸਮੇਂ ਬੰਦ ਹੋ ਗਏ ਹਨ। ਅਜੇ ਤਾਂ ਇਹ ਸਿਰਫ਼ ਸਾਲ 2014-15 ਤੱਕ ਦਾ ਡਾਟਾ ਹੈ, ਸਾਲ 2015-16 ਅਤੇ 2016-17 ਦਾ ਅਜੇ ਆਉਣਾ ਹੈ। 35,000 ਯੂਨਿਟ ਬੰਦ ਹੋ ਗਏ। ਕਾਂਗਰਸ ਪਾਰਟੀ ਨੇ ਇੱਕ ਆਰ.ਟੀ.ਆਈ. ਮੰਗੀ ਸੀ। ਉਸ ਵਿੱਚ ਤਾਂ 18,000 ਕੁਝ ਯੂਨਿਟ ਦੱਸੇ ਗਏ ਸਨ ਪਰ (ਕਿਤਾਬ ਦਿਖਾਉਂਦੇ ਹੋਏ) ਇਸ ਕਿਤਾਬ ਵਿੱਚ ਕੁਝ ਹੋਰ ਦਿੱਤਾ ਗਿਆ ਹੈ ਜੋ ਮੈਨੂੰ ਕੱਲ੍ਹ ਦਿੱਤੀ ਗਈ ਹੈ। ਸਾਡੇ ਮਾਨਯੋਗ ਮੈਂਬਰ ਸਾਹਿਬ ਇੱਥੇ ਨਹੀਂ ਹਨ, ਸਾਡੇ ਛੋਟੇ ਭਰਾ ਹਨ, ਉਹ ਇਨ੍ਹਾਂ ਦੇ ਪਿਛਲੇ ਪਾਸੇ ਬੈਠੇ ਸੀ, ਮੈਂ ਉਨ੍ਹਾਂ ਦਾ ਨਾਂ ਨਹੀਂ ਲੈਣਾ। ਉਨ੍ਹਾਂ ਨੇ ਸਾਲ 2011-12 ਵਿੱਚ ਬਜਟ ਤੇ ਇੱਕ ਸਪੀਚ ਦਿੱਤੀ ਸੀ। ਸਪੀਕਰ ਸਾਹਿਬ, ਇਹ ਕਾਪੀ ਮੈਂ ਲਾਇਬ੍ਰੇਰੀ ਤੋਂ ਕਢਵਾ ਕੇ ਲਿਆਇਆ ਹਾਂ। (ਬਜਟ ਦੀ ਕਾਪੀ ਦਿਖਾਉਂਦੇ ਹੋਏ) ਉਸ ਵਿੱਚ ਉਨ੍ਹਾਂ ਨੇ ਇੱਕ ਸ਼ੇਅਰ ਬੋਲਿਆ ਸੀ:

"ਐਸੀ ਰੱਖੋ ਸੋਚ ਜੋ ਹਰ ਦਿਲ ਤੇ ਅਸਰ ਕਰੇ,

ਐਸਾ ਪਾਈਏ ਵੈਰ ਕਿ ਹਰ ਕੋਈ ਫਖ਼ਰ ਕਰੇ।"

ਖਜ਼ਾਨਾ ਮੰਤਰੀ ਸਾਹਿਬ, ਕਿਰਪਾ ਕਰਕੇ ਇਹੋ ਜਿਹੀਆਂ ਪੈੜਾਂ ਤੇ ਨਾ ਚੱਲ ਪੈਣਾ। ਪੰਜਾਬ ਦਾ ਜੋ ਹਾਲ ਇਨ੍ਹਾਂ ਪੈੜਾਂ ਤੇ ਚੱਲ ਕੇ 10 ਸਾਲਾਂ ਵਿੱਚ ਹੋਇਆ ਹੈ, ਉਹ ਦੁਬਾਰਾ ਨਾ ਹੋ ਜਾਵੇ। ਫਿਰ ਉਨ੍ਹਾਂ ਨੇ ਭਗਤ ਰਵਿਦਾਸ ਜੀ ਦੀ ਇੱਕ ਤੁਕ ਬੋਲੀ।

**ਡਾਕਟਰ ਸੁਖਵਿੰਦਰ ਕੁਮਾਰ:** ਭਗਤ ਗੁਰੂ ਰਵਿਦਾਸ ਜੀ ਕਹੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਭਗਤ ਗੁਰੂ ਰਵਿਦਾਸ ਜੀ, ਜਿਨ੍ਹਾਂ ਦੀ ਮੈਂ ਬਹੁਤ ਪੂਜਾ ਕਰਦਾ ਹਾਂ, ਉਨ੍ਹਾਂ ਨੇ ਕਿਹਾ ਹੈ :

"ਐਸਾ ਤੇਜ ਕਾਲ ਜਿੱਥੇ ਕੋਈ ਗਮ, ਚਿੰਤਾ ਨਾ ਹੋਵੇ,

ਜਿੱਥੇ ਦੁੱਖ ਤਕਲੀਫ ਤੇ ਸ਼ੰਕਾ ਦੀ ਕੋਈ ਥਾਂ ਨਾ ਹੋਵੇ.....

ਭਾਵ ਜਿੱਥੇ ਕਿਸੇ ਨੂੰ ਕੋਈ ਸ਼ਰਮਿੰਦਗੀ ਕਰਕੇ ਕਰ ਮਾਲੀਆ ਨਾ ਦੇਣਾ ਪਵੇ, ਜਿੱਥੇ ਕੋਈ ਗੁਨਾਹ ਨਾ ਹੋਵੇ ਅਤੇ ਜਿੱਥੇ ਦਰਦ ਤੇ ਪੀੜਾ ਦਾ ਕੋਈ ਪਾਤਰ ਨਾ ਹੋਵੇ। ਸਪੀਕਰ ਸਾਹਿਬ, ਹਾਥੀ ਦੇ ਦਾਂਤ ਦਿਖਾਨੇ ਕੋ ਔਰ, ਚਬਾਨੇ ਕੋ ਔਰ, ਖੁਦ ਹੀ ਜਵਾਬ ਦੇ ਰਹੇ ਹਨ। ਉਸੇ ਹੀ ਭਾਸ਼ਣ ਵਿੱਚ ਉਨ੍ਹਾਂ ਨੇ ਬੋਲਿਆ :

ਹੁਣ ਅਮਲਾਂ ਦੇ ਹੋਣਗੇ ਨਿਬੇੜੇ, ਕਿਸੇ ਨਾ ਤੇਰੀ ਜ਼ਾਤ ਪੁੱਛਣੀ ।

ਕੈਪਟਨ ਸਾਹਿਬ ਨਹੀਂ ਬੈਠੇ।

ਹੁਣ ਅਮਲਾਂ ਦੇ ਹੋਣਗੇ ਨਿਬੇੜੇ, ਕਿਸੇ ਨਾ ਤੇਰੀ ਜ਼ਾਤ ਪੁੱਛਣੀ ।

ਤੇ ਅਖ਼ੀਰ ਵਿੱਚ ਕੀ ਬੋਲਿਆ :

इश्क ने गालिब निकम्मा कर दिया वरना हम भी आदमी थे किसी काम के

ਇਹ ਸਮਝ ਨਹੀਂ ਲੱਗੀ, ਇਸ਼ਕ ਕਿਹੜੀ ਚੀਜ਼ ਨਾਲ ਹੋਇਆ ਹੈ। ਸਪੀਕਰ ਸਾਹਿਬ, ਇਸ਼ਕ ਹੋਇਆ ਹੈ, ਮਾਇਆ ਨਾਲ।(ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇੱਥੇ ਇੱਕ ਵੱਡਾ ਸ਼ਬਦ ਜਿਸ ਦੀ ਸਾਰੀ ਦੁਨੀਆ ਵਿੱਚ ਬੜੀ ਵੱਡੀ ਇੱਜ਼ਤ ਸੀ, ਲੋਕਾਂ ਦੀ ਨਿਗ੍ਹਾ ਵਿੱਚ ਚਿੱਟਾ ਸ਼ਬਦ ਕੋਈ ਮਾੜਾ ਨਹੀਂ ਸੀ। ਲੋਕ ਕਹਿੰਦੇ ਸਨ, ਚਿੱਟੇ ਕੱਪੜੇ ਵਾਲਾ, ਚਿੱਟੀ ਪੱਗ ਵਾਲੀ, ਚਿੱਟੀ ਚਾਦਰ ਵਾਲਾ। ਇਹ ਬਜ਼ੁਰਗ ਕਹਿੰਦੇ ਸੀ ਪਰ ਅੱਜ ਕਹਿੰਦੇ ਹਨ, ਫਲਾਣਾ ਚਿੱਟੇ ਦਾ ਤਸਕਰ। ਇਸ਼ਕ ਉਸ ਨਾਲ ਹੋਇਆ ਹੈ। ਮੈਂ ਨਾਂ ਨਹੀਂ ਲੈਣਾ।(ਵਿਘਨ, ਸ਼ੋਰ) ਮੈਂ ਨਾਂ ਨਹੀਂ ਲੈਣਾ।

**ਸਰਦਾਰ ਸੁਖਪਾਲ ਸਿੰਘ ਭੁੱਲਰ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

**ਮਾਨਯੋਗ ਸਪੀਕਰ :** ਸੁਖਪਾਲ ਜੀ, ਬੈਠੋ ।

**ਸਰਦਾਰ ਸੁਖਬੀਰ ਸਿੰਘ ਬਾਦਲ :** ਸਪੀਕਰ ਸਾਹਿਬ, ਸੰਸਦੀ ਮਾਮਲੇ ਮੰਤਰੀ ਸਾਹਿਬ ਬੈਠੇ ਹਨ, ਤੁਸੀਂ ਸਾਨੂੰ ਹਾਊਸ ਤੋਂ ਬੁਲਾ ਕੇ ਕੀ ਕਿਹਾ ਸੀ। ਅਸੀਂ ਕੁਮਿਟਮੈਂਟ ਕੀਤੀ ਸੀ ਕਿ ਅਸੀਂ ਡਿਸਿਪਲਨ ਰੱਖਾਂਗੇ ਪਰ ਜੇ ਤੁਸੀਂ ਵੈਰ ਵਿਰੋਧ ਨਹੀਂ ਕਰੋਗੇ। ਅਸੀਂ ਫਿਰ ਵੀ ਸਬਰ ਕਰ ਰਹੇ ਹਾਂ। ਤੁਹਾਡੇ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਬੈਠੇ ਹਨ। You want to start the procedure, we can also start that way. ਜੇ ਤੁਸੀਂ ਇਸੀ ਤਰ੍ਹਾਂ ਕਰਨਾ ਹੈ then you see what we can do.*(interruptions)*

-----

## EXTENSION OF TIME OF THE SITTING OF THE HOUSE

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਂ ਆਪਣੇ ਸਤਿਕਾਰਯੋਗ ਸਾਥੀਆਂ ਨੂੰ ਬੇਨਤੀ ਕਰਦਾ ਹਾਂ ਕਿ ਬਰਾਜੇ ਮਿਹਰਬਾਨੀ ਆਪਣੀ ਸਪੀਚ ਨੂੰ, ਆਪਣੀ ਬਜਟ ਦੀ ਸਪੀਚ ਤੇ ਰਿਸਟ੍ਰਿਕਟ ਰੱਖੋ। ਸਪੀਕਰ ਸਾਹਿਬ, 2.27 ਹੋ ਗਏ ਹਨ। ਜੋ ਐਡਜਰਨਮੈਂਟ ਤੇ ਟਾਈਮ ਖਰਾਬ ਹੋਇਆ ਹੈ, ਉਨਾ ਸਮਾਂ ਹਾਊਸ ਐਕਸਟੈਂਡ ਕਰ ਲਿਆ ਜਾਵੇ।

**ਮਾਨਯੋਗ ਸਪੀਕਰ :** ਅੱਜ ਹਾਊਸ ਦਾ ਟਾਈਮ ਅੱਧੇ ਘੰਟੇ ਲਈ ਐਕਸਟੈਂਡ ਕਰਾਂਗੇ ਅਤੇ ਅੱਧੇ ਘੰਟੇ ਲਈ ਕੱਲ੍ਹ ਹਾਊਸ ਦਾ ਟਾਈਮ ਐਕਸਟੈਂਡ ਕਰਾਂਗੇ। ਜੇ ਸਦਨ ਦੀ ਸਹਿਮਤੀ ਹੋਵੇ ਤਾਂ ਸਦਨ 3.00 ਵਜੇ ਬਾਅਦ ਦੁਪਹਿਰ ਤੱਕ ਐਕਸਟੈਂਡ ਕਰ ਲਿਆ ਜਾਵੇ।

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਸਦਨ ਦਾ ਸਮਾਂ ਅੱਧੇ ਘੰਟੇ ਲਈ ਵਧਾਇਆ ਜਾਂਦਾ ਹੈ।(ਵਿਘਨ, ਸ਼ੋਰ)

-----

## GENERAL DISCUSSION ON THE BUDGET ESTIMATES FOR THE YEAR 2017-18 *(Resumption)*

**ਮਾਨਯੋਗ ਸਪੀਕਰ :** ਬੈਠੋ.... ਪਲੀਜ਼ ਬੈਠੋ। ਮੈਂ ਰਿਕੁਐਸਟ ਕਰਾਂਗਾ ਕਿ ਤੁਸੀਂ ਸਾਰੇ ਡਿਬੇਟ ਦੀ ਮਰਿਆਦਾ ਨੂੰ ਬਣਾਓ। ਮੈਂ ਸਭ ਨੂੰ ਰਿਕੁਐਸਟ ਕਰਾਂਗਾ। ਨਾਗਰਾ ਜੀ, ਤੁਸੀਂ ਕਹੋ, ਜੋ ਕਹਿਣਾ ਚਾਹੁੰਦੇ ਹੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਤੁਹਾਡੀ ਗੱਲ ਮੰਨੀ। ਆਪਣੇ ਵੱਡੇ ਭਰਾ ਦੀ ਗੱਲ ਮੰਨੀ। ਮੈਂ ਕਿਸੇ ਦਾ ਨਾਂ ਨਹੀਂ ਲੈ ਰਿਹਾ। ਜਿਹੜਾ ਪੰਜਾਬ ਨੂੰ ਘਾਟਾ ਪਿਆ ਹੈ, 1 ਲੱਖ 95 ਹਜ਼ਾਰ ਕਰੋੜ ਰੁਪਏ ਦਾ, ਕੀ ਇਸ ਘਾਟੇ ਦੀ ਗੱਲ ਨਾ ਕਰੀਏ? ਕੀ ਹੁਣ ਮੈਂ ਨਾ ਕਹਾਂ ਕਿ ਸੈਂਡ ਮਾਫੀਆ ਸੀ? ਕੀ ਹੁਣ ਮੈਂ ਨਾ ਕਹਾਂ ਕਿ ਕੇਬਲ ਮਾਫੀਆ ਸੀ? ਕੀ ਹੁਣ ਮੈਂ ਨਾ ਕਹਾਂ ਕਿ ਟਰਾਂਸਪੋਰਟ ਮਾਫੀਆ ਸੀ? ਕੀ ਹੁਣ ਮੈਂ ਨਾ ਕਹਾਂ ਕਿ ਕਲੋਨੀਆਂ ਦਾ ਮਾਫੀਆ ਸੀ? ਕੀ ਹੁਣ ਮੈਂ ਨਾ ਕਹਾਂ ਕਿ ਇੱਥੇ ਡੀਲਰ ਮਾਫੀਆ ਸੀ? ਸਪੀਕਰ ਸਾਹਿਬ,

ਕੀ ਮੈਂ ਇਹ ਨਾ ਕਹਿ ਕੇ ਪੰਜਾਬ ਦੇ ਲੋਕਾਂ ਨਾਲ ਧੋਖਾ ਨਹੀਂ ਕਰਾਂਗਾ?(ਵਿਘਨ, ਸ਼ੋਰ)

**ਸਰਦਾਰ ਸੁਖਬੀਰ ਸਿੰਘ ਬਾਦਲ :** ਸਪੀਕਰ ਸਾਹਿਬ, ਸਰਕਾਰ ਇਨ੍ਹਾਂ ਦੀ ਹੈ, ਪੁਲਿਸ ਤੁਹਾਡੀ ਹੈ, ਜੇ ਹਿੰਮਤ ਹੈ ਤਾਂ ਇਨਵੈਸਟੀਗੇਸ਼ਨ ਕਰਕੇ ਦੇਖੋ।(ਥੰਪਿੰਗ) ਤੁਹਾਡੀ ਸਰਕਾਰ ਹੈ, ਫਿਰ ਦੇਖੋ ਕਿਸ ਕਿਸ ਨੇ ਚਿੱਟਾ ਸਮਗਲ ਕੀਤਾ ਹੈ।(ਵਿਘਨ, ਸ਼ੋਰ) You have to respect the Opposition.

**ਸਰਦਾਰ ਸੁਖਪਾਲ ਸਿੰਘ ਭੁੱਲਰ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ :** ਬੈਠੋ, ਬੈਠੋ, ਪਲੀਜ਼ ਬੈਠੋ।(ਵਿਘਨ, ਸ਼ੋਰ) ਨਾਗਰਾ ਜੀ, ਗੱਲ ਕਰੋ। ਸੁਖਪਾਲ ਜੀ, ਬੈਠੋ। (ਵਿਘਨ)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸੁਖਪਾਲ ਜੀ, ਬੈਠ ਜਾਓ। ਮੈਂ ਤੁਹਾਨੂੰ ਕਹਿ ਰਿਹਾ ਹਾਂ ਕਿ ਬੈਠ ਜਾਓ।

**ਸਰਦਾਰ ਸੁਖਪਾਲ ਸਿੰਘ ਭੁੱਲਰ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ :** ਹਾਂ ਜੀ, ਤੁਸੀਂ ਕੀ ਕਹਿਣਾ ਚਾਹੁੰਦੇ ਹੋ ?

**ਸਰਦਾਰ ਸੁਖਪਾਲ ਸਿੰਘ ਭੁੱਲਰ :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ। ਇਥੇ ਜਿਹੜਾ ਮਸਲਾ ਚੱਲ ਰਿਹਾ ਹੈ ਉਸ ਵਿੱਚ ਚਿੱਟੇ ਦਾ ਜ਼ਿਕਰ ਹੋਇਆ ਹੈ। ਕੁਝ ਦਿਨ ਪਹਿਲਾਂ ਸੈਂਟਰ ਦੇ ਸਾਡੇ ਵਜ਼ੀਰ ਸਾਹਿਬ ਅੰਮ੍ਰਿਤਸਰ ਗਏ। ਜਦੋਂ ਉਹ ਨਸ਼ਾ ਛੁਡਾਊ ਕੇਂਦਰ ਵਿੱਚ ਗਏ ਤਾਂ ਉਨ੍ਹਾਂ ਨੇ ਉਥੇ ਪੁੱਛਿਆ ਕਿ ਤੁਹਾਨੂੰ ਨਸ਼ਾ ਕੌਣ ਦਿੰਦਾ ਸੀ? ਜਿਹੜਾ ਉਥੇ ਕੋਈ ਅਡਿਕਟ ਸੀ, ਉਸ ਨੇ ਕਿਹਾ ਕਿ ਮੈਨੂੰ ਉਥੋਂ ਦਾ ਜਿਹੜਾ ਸਾਬਕਾ ਐਮ.ਐਲ.ਏ. ਹੈ, ਉਹ ਨਸ਼ਾ ਪ੍ਰੋਵਾਈਡ ਕਰਾਉਂਦਾ ਸੀ। (ਅਖ਼ਬਾਰ ਲਹਿਰਾ ਕੇ ਦਿਖਾਉਂਦੇ ਹੋਏ) ਇਹ ਅਖ਼ਬਾਰ ਦੀਆਂ ਖ਼ਬਰਾਂ ਹਨ, ਇੰਗਲਿਸ਼ ਟ੍ਰਿਬਿਊਨ ਦੀ ਖ਼ਬਰ ਹੈ।(ਕਾਂਗਰਸ ਪਾਰਟੀ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਮੈਂ ਮੰਗ ਕਰਦਾ ਹਾਂ, ਉਹ ਕੋਈ ਹੋਰ ਬੰਦਾ ਨਹੀਂ ਹੈ, ਉਹ ਸਾਬਕਾ ਐਮ.ਐਲ.ਏ. ਅਤੇ ਸਾਬਕਾ......(ਵਿਘਨ)..

**ਮਾਨਯੋਗ ਸਪੀਕਰ :** ਬੈਠੋ... ਬੈਠੋ.... ਬੈਠੋ।

**ਸਰਦਾਰ ਸੁਖਪਾਲ ਸਿੰਘ ਭੁੱਲਰ :** ਸਪੀਕਰ ਸਾਹਿਬ, ਅਸੀਂ ਇਨਕੁਆਇਰੀ

ਦੀ ਮੰਗ ਕਰਦੇ ਹਾਂ ...(ਵਿਘਨ)

**ਮਾਨਯੋਗ ਸਪੀਕਰ :** ਬੈਠੋ... ਬੈਠੋ.... ਬੈਠੋ.... ਬੈਠ ਜਾਓ।(ਵਿਘਨ)

**ਸਰਦਾਰ ਸੁਖਪਾਲ ਸਿੰਘ ਭੁੱਲਰ :** ਮੈਂ ਇਹ ਮੰਗ ਕਰਦਾ ਹਾਂ ਕਿ ਨਸ਼ਾ ਵੇਚਣ ਲਈ ਸਾਡੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਨਸ਼ੇ ....(ਵਿਘਨ)

**ਮਾਨਯੋਗ ਸਪੀਕਰ :** ਬੈਠੋ... ਬੈਠੋ.... ਬੈਠੋ।

**ਸਰਦਾਰ ਸੁਖਪਾਲ ਸਿੰਘ ਭੁੱਲਰ :** ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ।

**ਮਾਨਯੋਗ ਸਪੀਕਰ :** ਨਾਗਰਾ ਜੀ, ਨਾਗਰਾ ਜੀ। ਨਾਗਰਾ ਜੀ, ਹੁਣ ਕਨਕਲੂਡ ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਅਜੇ ਮੇਰਾ ਟਾਈਮ ਹੈ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ ...

**ਮਾਨਯੋਗ ਸਪੀਕਰ :** ਫੂਲਕਾ ਸਾਹਿਬ .....(ਵਿਘਨ)....ਫੂਲਕਾ ਜੀ ...(ਵਿਘਨ)... ਫੂਲਕਾ ਜੀ ਖੜ੍ਹੇ ਹਨ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਪਹਿਲੀ ਗੱਲ ਗੌਰਮਿੰਟ ਜਾਂ ਸੱਤਾਧਾਰੀ ਪਾਰਟੀ ਦੇ ਮੈਂਬਰ ਵਿਧਾਨ ਸਭਾ ਵਿੱਚ ਆ ਕੇ ਜੇਕਰ ਮੰਗਾਂ ਕਰਦੇ ਹਨ, ਇਸ ਦਾ ਮਤਲਬ ਇਨ੍ਹਾਂ ਨੂੰ ਆਪਣੀ ਸਰਕਾਰ ਤੇ ਵਿਸ਼ਵਾਸ ਨਹੀਂ ਹੈ? ਇਨ੍ਹਾਂ ਦੀ ਸਰਕਾਰ ਇਨ੍ਹਾਂ ਦੀ ਮੰਨਦੀ ਨਹੀਂ ਹੈ, ਜਿਹੜਾ ਇਹ ਇਥੇ ਆ ਕੇ ਮੰਗਾਂ ਕਰਦੇ ਹਨ?(ਆਮ ਆਦਮੀ ਪਾਰਟੀ ਵੱਲੋਂ ਥੰਪਿੰਗ)

ਦੂਜੀ ਗੱਲ, ਸੁਖਬੀਰ ਸਿੰਘ ਬਾਦਲ ਜੀ ਨੇ ਵੀ ਕਿਹਾ ਹੈ ਕਿ ਇਨਵੈਸਟੀਗੇਸ਼ਨ ਕਰੋ। ਮੇਰਾ ਖਿਆਲ ਹੈ ਸਾਰੇ ਸਹਿਮਤ ਹਨ। ਅਸੀਂ ਵੀ ਕਹਿੰਦੇ ਹਾਂ ਕਿ ਇਥੇ ਮਤਾ ਪਾਸ ਕਰੋ, ਇਨਵੈਸਟੀਗੇਸ਼ਨ ਕਰੋ। ਇਕੱਲੀਆਂ ਗੱਲਾਂ ਨਾ ਕਰੋ। ਵਿਧਾਨ ਸਭਾ ਵਿੱਚ ਆ ਕੇ ਰੌਲਾ ਨਾ ਪਾਓ, ਇਨਵੈਸਟੀਗੇਸ਼ਨ ਕਰੋ। ਸੈਂਡ ਮਾਫੀਆ ਅਤੇ ਟਰਾਂਸਪੋਰਟ ਆਦਿ, ਸਾਰਿਆਂ ਦੀ ਇਨਵੈਸਟੀਗੇਸ਼ਨ ਖੋਲ੍ਹੋ। ਅੱਜ ਹੀ ਹਾਊਸ ਵਿੱਚ ਮਤਾ ਪਾਸ ਕਰੋ। ਇਕੱਲੀਆਂ ਗੱਲਾਂ ਨਾ ਕਰੋ ....(ਵਿਘਨ).... ਇਕੱਲੀਆਂ ਗੱਲਾਂ ਨਾ ਕਰੋ।

**ਸਰਦਾਰ ਸੁਖਪਾਲ ਸਿੰਘ ਭੁੱਲਰ :** ਸਪੀਕਰ ਸਾਹਿਬ ....(ਵਿਘਨ)....

**ਮਾਨਯੋਗ ਸਪੀਕਰ :** ਬੈਠੋ ....(ਵਿਘਨ)... ਸੁਖਪਾਲ ਜੀ, ਬੈਠ ਜਾਓ। ਨਾਗਰਾ ਜੀ, ਕਨਕਲੂਡ ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਹਾਲੇ ਮੇਰਾ ਟਾਈਮ ਪਿਆ ਹੈ। (ਵਿਘਨ, ਸ਼ੋਰ) ਸਪੀਕਰ ਸਾਹਿਬ, ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਮੇਰਾ ਟਾਈਮ ਹਾਲੇ ਪਿਆ ਹੈ। ਸਪੀਕਰ ਸਾਹਿਬ, ਮੈਂ ਬਜਟ ਤੇ ਹੀ ਬੋਲ ਰਿਹਾ ਹਾਂ। ਮੈਂ ਕੋਈ ਇੱਧਰ ਉੱਧਰ ਨਹੀਂ ਜਾ ਰਿਹਾ। ਇਹ ਕਹਿੰਦੇ ਹਨ ਕਿ ਪਿਛਲੀ ਸਰਕਾਰ ਨੇ ਕੋਈ ਗਲਤੀਆਂ ਨਹੀਂ ਕੀਤੀਆਂ ਜਦਕਿ ਇਨ੍ਹਾਂ ਕਰਕੇ ਸਾਨੂੰ ਨੁਕਸਾਨ ਭੁਗਤਣਾ ਪੈ ਰਿਹਾ ਹੈ। ਮੈਂ ਅਰਬਨ ਡਿਵੈਲਪਮੈਂਟ ਅਥਾਰਟੀ ਬਾਰੇ ਕਹਿਣਾ ਹੈ, ਸਾਡੇ ਮੰਤਰੀ ਸਾਹਿਬ ਵੀ ਬੈਠੇ ਹਨ, (ਵਿਘਨ...)ਤੁਸੀਂ ਨਾ ਬੋਲਿਓ ਮੈਂ ਆਪੇ ਹੀ ਗੱਲ ਕਰ ਦੇਣੀ ਹੈ। ਸਪੀਕਰ ਸਾਹਿਬ, previous Government forced the agencies like the Punjab Urban Development Authority, Punjab Infrastructure Development Board, Rural Development Board to take loan in violation of Rules. ਖਜ਼ਾਨਾ ਮੰਤਰੀ ਸਾਹਿਬ, ਜੇ ਮੈਂ ਗਲਤ ਬੋਲ ਰਿਹਾ ਹੋਵਾਂ ਤਾਂ ਦਰੁਸਤ ਕਰ ਦਿਓ. The total loan of Rs. 4435 crores has been raised by these agencies. ਸਪੀਕਰ ਸਾਹਿਬ, ਪੁਰਾਣੀ ਸਰਕਾਰ ਨੂੰ ਜਿਹੜੇ ਚਲਾਉਣ ਵਾਲੇ ਸੀ, ਉਨ੍ਹਾਂ ਨੇ ਰੂਲਾਂ ਦੀ ਉਲੰਘਣਾ ਕਰਕੇ ਇਨ੍ਹਾਂ ਏਜੰਸੀਆਂ ਦੀ ਧੌਣ ਤੇ ਗੋਡਾ ਰੱਖ ਕੇ ਉਨ੍ਹਾਂ ਨੂੰ 4435 ਕਰੋੜ ਦਾ ਲੋਨ ਲੈਣ ਨੂੰ ਮਜਬੂਰ ਕੀਤਾ, ਜਿਹੜਾ ਅੱਜ ਸਾਨੂੰ ਦਹੇਜ ਦੇ ਵਿੱਚ ਪਿਛਲੀ ਸਰਕਾਰ ਵਾਲੇ ਦੇ ਕੇ ਗਏ ਹਨ, ਪੰਜਾਬ ਦੇ ਲੋਕਾਂ ਤੇ ਭਾਰ ਪਾ ਕੇ ਗਏ ਹਨ। ਸਪੀਕਰ ਸਾਹਿਬ, ਇਹ ਸਾਰਾ ਕੁਝ ਐਵੇਂ ਨਹੀਂ ਹੋ ਗਿਆ। ਮੇਰੇ ਤੋਂ ਪਹਿਲਾਂ ਮਾਨਯੋਗ ਸਾਬਕਾ ਖਜ਼ਾਨਾ ਮੰਤਰੀ ਸਾਹਿਬ ਬੋਲ ਕੇ ਗਏ ਹਨ। ਉਨ੍ਹਾਂ ਨੇ ਬੜੀਆਂ ਦਲੀਲਾਂ ਰੱਖੀਆਂ। ਮੈਂ ਸੁਣ ਰਿਹਾ ਸੀ, ਇਹ ਜੋ ਕਹਿ ਰਹੇ ਸੀ। ਉਨ੍ਹਾਂ ਨੇ ਬਹੁਤ ਕੁਝ ਇਥੇ ਅੰਕੜਿਆਂ ਨਾਲ ਕਿਹਾ ਕਿ 51,000 ਕਰੋੜ ਰੁਪਏ ਦੇ ਕਰਜ਼ੇ ਤੋਂ ਅਸੀਂ ਚੱਲੇ ਹਾਂ ਅਤੇ 1,82,000 ਜਾਂ 1,95,000 ਕਰੋੜ ਤੇ ਪਹੁੰਚੇ ਹਾਂ। ਪੰਜ ਸਾਲ ਵਿੱਚ ਇਸ ਨੇ ਪਹੁੰਚਣਾ ਹੀ ਸੀ। ਪਿਛਲੀ ਸਰਕਾਰ ਦੇ ਖਜ਼ਾਨਾ ਮੰਤਰੀ ਨੇ ਆਪਣੀਆਂ ਦਲੀਲਾਂ ਦਿੱਤੀਆਂ। ਮੈਂ ਪੁੱਛਣਾ ਚਾਹੁੰਦਾ ਹਾਂ, ਇਥੇ ਹੁਣ ਉਹ ਹੈ ਨਹੀਂ, ਜੇ ਪਿਓ ਦਾ ਕਰਜ਼ਾ, ਪੁਰਾਣਾ ਕਰਜ਼ਾ ਮਿਲਦਾ ਹੈ ਤਾਂ ਕੀ ਇਨ੍ਹਾਂ ਦਾ ਫਰਜ਼ ਨਹੀਂ ਬਣਦਾ ਸੀ ਕਿ ਇਹ ਸਰਕਾਰ ਚੰਗੀ ਤਰ੍ਹਾਂ ਚਲਾਉਂਦੇ ਅਤੇ ਉਸ ਕਰਜ਼ੇ ਨੂੰ 51,000 ਕਰੋੜ ਰੁਪਏ ਤੋਂ

[ਸਰਦਾਰ ਕੁਲਜੀਤ ਸਿੰਘ ਨਾਗਰਾ]

ਘਟਾ ਕੇ 5,000 ਕਰੋੜ ਰੁਪਏ ਤੇ ਲੈ ਕੇ ਆਉਂਦੇ।(ਵਿਘਨ)

**ਡਾਕਟਰ ਸੁਖਵਿੰਦਰ ਕੁਮਾਰ:** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ** **

**ਮਾਨਯੋਗ ਸਪੀਕਰ:** ਡਾਕਟਰ ਸਾਹਿਬ, ਤੁਸੀਂ ਬੈਠੋ। ਡਾਕਟਰ ਸਾਹਿਬ, ਬੈਠੋ । ਤੁਹਾਨੂੰ ਤੁਹਾਡੀ ਪਾਰਟੀ ਵੱਲੋਂ ਟਾਈਮ ਮਿਲੇਗਾ ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਵਾਰੀ ਇੱਕ ਸ਼ਬਦ ਨਹੀਂ ਬੋਲਿਆ ਔਰ ਇਨ੍ਹਾਂ ਨੂੰ ਪਤਾ ਹੈ ਕਿ ਇਨ੍ਹਾਂ ਦੀ ਅਜੇ ਵਾਰੀ ਆਉਣੀ ਹੈ, ਇੱਕ ਸ਼ਬਦ ਬੋਲਣ ਨਹੀਂ ਦਿਆਂਗਾ।(ਵਿਘਨ)

**ਡਾਕਟਰ ਸੁਖਵਿੰਦਰ ਕੁਮਾਰ:** ਸਪੀਕਰ ਸਾਹਿਬ, ** **

**ਮਾਨਯੋਗ ਸਪੀਕਰ:** ਤੁਹਾਡੀ ਵਾਰੀ ਆਉਣੀ ਹੈ, ਉਦੋਂ ਤੁਸੀਂ ਕਹਿ ਲੈਣਾ। ਜੋ ਕਹਿਣਾ ਹੈ ਉਦੋਂ ਕਹਿ ਲੈਣਾ। ਡਾਕਟਰ ਸਾਹਿਬ, ਤੁਸੀਂ ਬੈਠੋ। ਤੁਹਾਨੂੰ ਤੁਹਾਡੀ ਪਾਰਟੀ ਟਾਈਮ ਦੇਵੇਗੀ, ਉਦੋਂ ਕਹਿ ਲੈਣਾ। ਤੁਸੀਂ ਪਾਰਟੀ ਤੋਂ ਟਾਈਮ ਲੈ ਲੈਣਾ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਅੱਜ ਮੈਂ ਸਾਬਕਾ ਡਿਪਟੀ ਮੁੱਖ ਮੰਤਰੀ ਸਾਹਿਬ, ਸਾਬਕਾ ਖਜ਼ਾਨਾ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ..

**ਮਾਨਯੋਗ ਸਪੀਕਰ:** ਤੁਸੀਂ ਇੱਧਰ ਚੇਅਰ ਨਾਲ ਗੱਲ ਕਰੋ.... ਚੇਅਰ ਨਾਲ ਗੱਲ ਕਰੋ।

**ਸਰਦਾਰ ਅਜੀਤ ਸਿੰਘ ਕੋਹਾੜ:** ਸਪੀਕਰ ਸਾਹਿਬ, ** **

**ਮਾਨਯੋਗ ਸਪੀਕਰ:** ਤੁਸੀਂ ਬੈਠੋ ਜੀ। ਜੋ ਬਿਨਾਂ ਆਗਿਆ ਤੋਂ ਬੋਲਿਆ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ -

---

** Expunged as ordered by the Chair.

इधार उधार की बात मत कर, ये बता कि कारवां लुटा कैसे ? (ਵਿਘਨ, ਸ਼ੋਰ)

ਜੋ ਵੀ ਪੰਜਾਬ ਦੀ ਲੁੱਟ ਹੋਈ ਹੈ ਜੇ ਉਸ ਦੀ ਅਸਲੀਅਤ ਦੱਸਾਂ ? ਸਪੀਕਰ ਸਾਹਿਬ, ਕਿਹੜੀਆਂ ਕਿਹੜੀਆਂ ਦੱਸਾਂ? 40 ਤੋਂ 400 ਬੱਸ ਕਿਸ ਦੀ ਬਣੀ?(ਵਿਘਨ) 40 ਤੋਂ 400 ਬੱਸ ਕਿਸ ਦੀ ਬਣੀ? ਇਹ ਪੰਜਾਬ ਦੇ ਲੋਕਾਂ ਨੂੰ ਦੱਸਣ। ਇਹੀ ਨਹੀਂ, ਇਨ੍ਹਾਂ ਨੇ ਕਿਹਾ ਹੈ ਕਿ ਇਨਵੈਸਟੀਗੇਸ਼ਨ ਕਰਵਾਉ, ਉਹ ਤਾਂ ਅਸੀਂ ਮੰਗ ਲਈ ਹੈ। (ਵਿਘਨ, ਸ਼ੋਰ) ਇਨਵੈਸਟੀਗੇਸ਼ਨਜ਼ ਹੋਣਗੀਆਂ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਤੁਸੀਂ ਬਜਟ ਤੇ ਕਨਕਲੂਡ ਕਰੋ। (ਵਿਘਨ, ਸ਼ੋਰ) ਬਜਟ ਤੇ ਕਨਕਲੂਡ ਕਰੋ।(ਵਿਘਨ, ਸ਼ੋਰ) ਬਜਟ ਤੇ ਕਨਕਲੂਡ ਕਰੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ** **

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਇਨਵੈਸਟੀਗੇਸ਼ਨਜ਼ ਹੋਣਗੀਆਂ। ਇੱਕ ਇੱਕ ਵਿਅਕਤੀ, ਜਿਸ ਨੇ ਪੰਜਾਬ ਨਾਲ ਧ੍ਰੋਹ ਕਮਾਇਆ ਹੈ, ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਹੈ (ਵਿਘਨ, ਸ਼ੋਰ) ਸਾਡੀ ਜਵਾਨੀ ਨੂੰ ਰੋਲਿਆ ਹੈ, ਜਿਨ੍ਹਾਂ ਨੇ ਸਾਡੀਆਂ ਮਾਵਾਂ ਦੀਆਂ ਕੁੱਖਾਂ ਖਾਲੀ ਕੀਤੀਆਂ ਹਨ (ਵਿਘਨ...) ਜਿਨ੍ਹਾਂ ਭੈਣਾਂ ਦੇ ਵੀਰ ਖਾਧੇ ਹਨ ....(ਵਿਘਨ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਤੁਸੀਂ ਬਜਟ ਤੇ ਗੱਲ ਕਰੋ। ਪਲੀਜ਼, ਬਜਟ ਤੇ ਗੱਲ ਕਰੋ।(ਵਿਘਨ, ਸ਼ੋਰ) ਨਾਗਰਾ ਜੀ, ਕਨਕਲੂਡ ਕਰੋ।(ਵਿਘਨ, ਸ਼ੋਰ) ਨਾਗਰਾ ਜੀ, ਕਨਕਲੂਡ ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਕਨਕਲੂਡ ਕਰ ਰਿਹਾ ਹਾਂ ਜੀ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਜੋ ਕੁਝ ਵੀ ਬਗੈਰ ਇਜਾਜ਼ਤ ਦੇ ਕਿਹਾ ਗਿਆ ਹੈ, ਉਹ

** Expunged as ordered by the Chair.

ਐਕਸਪੰਜ ਕੀਤਾ ਜਾਵੇ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਅਸੀਂ ਮੰਗ ਕਰ ਚੁੱਕੇ ਹਾਂ ਕਿ ਉਨ੍ਹਾਂ ਸਾਰੇ ਕਾਲੇ ਧੰਦਿਆਂ ਦੀ ਇਨਕੁਆਇਰੀ ਕਰਵਾਵਾਂਗੇ। ਮੈਂ ਮੁੱਖ ਮੰਤਰੀ ਸਾਹਿਬ ਕੋਲੋਂ ਇਹ ਮੰਗ ਕਰ ਚੁੱਕਿਆ ਹਾਂ ਅਤੇ ਉਨ੍ਹਾਂ ਨੇ ਕਹਿ ਵੀ ਦਿੱਤਾ ਹੈ। ਉਦੋਂ ਸਾਡੇ ਸਤਿਕਾਰਯੋਗ ਸਾਬਕਾ ਡਿਪਟੀ ਮੁੱਖ ਮੰਤਰੀ ਸਾਹਿਬ ਇਥੇ ਹਾਊਸ ਵਿੱਚ ਨਹੀਂ ਸੀ। ਸੀ.ਐਮ. ਸਾਹਿਬ ਨੇ ਕਹਿ ਦਿੱਤਾ ਹੈ ਕਿ ਇਨਕੁਆਇਰੀਆਂ ਕਰਵਾ ਕੇ ਸਾਰਿਆਂ ਨੂੰ ਸਾਹਮਣੇ ਲਿਆਵਾਂਗੇ। ਸਪੀਕਰ ਸਾਹਿਬ, ਜਿਥੇ ਮੈਂ ਬਜਟ ਦੀ ਸ਼ਲਾਘਾ ਕਰਦਾ ਹਾਂ ਉਥੇ ਮੈਂ ਖਜ਼ਾਨਾ ਮੰਤਰੀ ਸਾਹਿਬ ਨੂੰ ਤੇ ਮੁੱਖ ਮੰਤਰੀ ਸਾਹਿਬ ਨੂੰ ਇਹ ਗੱਲ ਜ਼ਰੂਰ ਕਹਾਂਗਾ ਕਿ ਖਜ਼ਾਨਾ ਮੰਤਰੀ ਸਾਹਿਬ ਜੇ ਅੱਧੀ ਰੋਟੀ ਖਾਣੀ ਪੈ ਜਾਵੇ ਤਾਂ ਖਾਣ ਨੂੰ ਤਿਆਰ ਹਾਂ, ਪੰਜਾਬ ਦੇ ਲੋਕ ਤਿਆਰ ਹਨ, ਪੰਜਾਬ ਉਤੇ ਕਰਜ਼ੇ ਦਾ ਲੱਗਿਆ ਹੋਇਆ ਧੱਬਾ ਹਟਾਵਾਂਗੇ ਔਰ ਆਪਣੇ ਕੀਤੇ ਵਾਅਦੇ ਪੂਰੇ ਕਰਾਂਗੇ। ਸਾਡੇ ਮੁੱਖ ਮੰਤਰੀ ਸਾਹਿਬ ਨੇ ਇੱਕ ਬੜਾ ਖੁੱਲ੍ਹਦਿਲੀ ਵਾਲਾ ਐਲਾਨ ਕੀਤਾ ਹੈ ਕਿ ਜਿੰਨੇ ਵੱਡੇ ਕਿਸਾਨ ਹਨ ਉਹ ਆਪਣੀਆਂ ਸਬਸਿਡੀਆਂ ਛੱਡਣ ਅਤੇ ਨਾਲ ਹੀ ਸਭ ਤੋਂ ਪਹਿਲਾਂ ਉਨ੍ਹਾਂ ਨੇ ਇਹ ਕਿਹਾ ਕਿ ਮੈਂ ਆਪਣੀ ਸਬਸਿਡੀ ਛੱਡਦਾ ਹਾਂ। ਮੈਂ ਉਦੋਂ ਵੇਖਿਆ ਹੈ ਕਿ ਸਾਡੇ ਮਾਨਯੋਗ ਮਨਪ੍ਰੀਤ ਬਾਦਲ ਜੀ, ਸਿੱਧੂ ਸਾਹਿਬ, ਰਾਣਾ ਜੀ ਸਾਰਿਆਂ ਨੇ ਬਾਹਵਾਂ ਖੜ੍ਹੀਆਂ ਕੀਤੀਆਂ ਕਿ ਅਸੀਂ ਵੀ ਸਾਰੀਆਂ ਸਬਸਿਡੀਆਂ ਛੱਡਦੇ ਹਾਂ।

**ਸਰਦਾਰ ਅਜੀਤ ਸਿੰਘ ਕੋਹਾੜ:** ** **

**ਸਰਦਾਰ ਕੁਲਜੀਤ ਸਿੰਘ ਨਾਗਰਾ:** ਤੁਸੀਂ ਤਾਂ ਸਿਆਣੇ ਹੋ। ਹੁਣ ਬੈਠ ਜਾਵੋ। ਮੈਂ ਕੋਈ ਗਲਤ ਬੋਲ ਰਿਹਾ ਹਾਂ। ਪੰਜਾਬ ਦੇ ਹੱਕ ਵਿਚ ਬੋਲ ਰਿਹਾ ਹਾਂ....(ਵਿਘਨ)

**ਮਾਨਯੋਗ ਸਪੀਕਰ :** ਕੋਹਾੜ ਸਾਹਿਬ, ਬੈਠ ਜਾਓ।(ਵਿਘਨ, ਸ਼ੋਰ) ਨਾਗਰਾ ਜੀ, ਕਨਕਲੂਡ ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਮੈਂ ਇੱਥੇ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਮੁੱਖ ਮੰਤਰੀ ਸਾਹਿਬ ਨੇ ਬੜੀ ਵੱਡੀ ਦਰਿਆਦਿਲੀ ਦਿਖਾਈ ਹੈ। ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਪਦਚਿੰਨ੍ਹਾਂ ਤੇ ਚਲਦੇ ਹੋਏ ਆਪਣੀਆਂ ਸਬਸਿਡੀਆਂ ਛੱਡਣੀਆਂ ਚਾਹੀਦੀਆਂ ਹਨ। ਮੈਂ ਹੱਥ ਜੋੜ ਕੇ ਆਪਣੇ ਵੱਡੇ ਵੀਰ, ਜਿਸ ਦੀ ਸਲਤਨਤ ਇਸ ਵੇਲੇ 120 ਕਰੋੜ ਤੋਂ ਵੱਧ ਹੈ...(ਵਿਘਨ, ਸ਼ੋਰ) ਕੋਹਾੜ

** Expunged as ordered by the Chair.

ਸਾਹਿਬ, ਬੈਠ ਜਾਓ।

**ਮਾਨਯੋਗ ਸਪੀਕਰ :** ਇਕ ਦੂਜੇ ਨਾਲ ਗੱਲ ਨਾ ਕਰੋ, ਤੁਸੀਂ ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਕੀ ਮੈਂ ਕੋਈ ਗਲਤ ਗੱਲ ਕਹਿ ਰਿਹਾ ਹਾਂ ?

**ਮਾਨਯੋਗ ਸਪੀਕਰ :** ਉਨ੍ਹਾਂ ਨੂੰ ਕਹਿਣ ਦਿਓ, ਤੁਸੀਂ ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਕ ਅਵਾਜ਼ ਇਨ੍ਹਾਂ ਵਲੋਂ ਆਵੇ ਕਿਉਂਕਿ ਇਨ੍ਹਾਂ ਦੀ ਤਾਂ ਕਈ ਸੌ ਏਕੜ ਜ਼ਮੀਨ ਹੈ। ਹਾਲੇ ਤੱਕ ਇਕ ਅਵਾਜ਼ ਵੀ ਨਹੀਂ ਆਈ।

**ਸਰਦਾਰ ਸੁਖਬੀਰ ਸਿੰਘ ਬਾਦਲ :** ਸਪੀਕਰ ਸਾਹਿਬ, ਮੈਂ ਇਨਸਿਸਟ ਕਰਦਾ ਹਾਂ ਕਿ ਇਕ ਰੈਜ਼ੋਲਿਊਸ਼ਨ ਲਿਆਓ ਤੇ ਆਪਾਂ ਸਾਰੇ ਐਮ.ਐਲ.ਏ. ਆਪਣੀ ਸਬਸਿਡੀ ਛੱਡੀਏ। ਇਹ ਰੈਜ਼ੋਲਿਊਸ਼ਨ ਲੈ ਕੇ ਆਓ।(ਆਪੋਜ਼ੀਸ਼ਨ ਪਾਰਟੀ ਵਲੋਂ ਥੰਪਿੰਗ)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਅਗਲੀ ਗੱਲ ਮੈਂ ਇੱਥੇ ਇਹ ਕਹਿਣੀ ਚਾਹੁੰਦਾ ਹਾਂ...(ਵਿਘਨ, ਸ਼ੋਰ) ਬਰਾੜ ਸਾਹਿਬ, ਇਕ ਮਿੰਟ। ਸਾਰੇ ਚੁੱਪ ਕਰੋ।

**ਮਾਨਯੋਗ ਸਪੀਕਰ :** ਪਲੀਜ਼ ਵਾਈਂਡ ਅੱਪ ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੈਂ ਕੋਈ ਗਲਤ ਗੱਲ ਨਹੀਂ ਕਹੀ। ਮੈਂ ਪੰਜਾਬ ਦੇ ਹਿਤ ਦੀ ਗੱਲ ਕੀਤੀ ਹੈ ਅਤੇ ਮੈਂ ਪ੍ਰਣ ਕਰਦਾ ਹਾਂ ਕਿ ਮੈਂ ਇਕ 10 ਕਿੱਲੇ ਵਾਲੇ ਸਧਾਰਨ ਕਿਸਾਨ ਦਾ ਬੇਟਾ ਹਾਂ। ਸਪੀਕਰ ਸਾਹਿਬ, ਮੈਂ ਬਿਨਾਂ ਰੈਜ਼ੋਲਿਊਸ਼ਨ ਤੋਂ ਸਾਰਾ ਕੁਝ ਛੱਡ ਦੇਵਾਂਗਾ। ਦੂਜਾ, ਮੈਂ ਪੰਜਾਬ ਦੇ ਕਿਸਾਨਾਂ ਵਾਸਤੇ, ਮਜ਼ਦੂਰਾਂ ਵਾਸਤੇ, ਸ਼ਡਿਊਲਡ ਕਾਸਟਾਂ ਵਾਸਤੇ....(ਵਿਘਨ, ਸ਼ੋਰ)

**ਸਰਦਾਰ ਸੁਖਬੀਰ ਸਿੰਘ ਬਾਦਲ :** ਇਹ ਰੈਜ਼ੋਲਿਊਸ਼ਨ ਸਦਨ ਵਿੱਚ ਲੈ ਕੇ ਆਉਣ, ਅਸੀਂ ਯੂਨਾਨੀਮਸਲੀ ਸਬਸਿਡੀ ਛੱਡਣ ਨੂੰ ਤਿਆਰ ਹਾਂ।(ਆਪੋਜ਼ੀਸ਼ਨ ਪਾਰਟੀ ਵਲੋਂ ਥੰਪਿੰਗ)

**ਮਾਨਯੋਗ ਸਪੀਕਰ :** ਤੁਸੀਂ ਬੈਠ ਜਾਓ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੈਂ ਪੰਜਾਬ ਦੇ ਕਿਸਾਨਾਂ ਲਈ, ਪੰਜਾਬ ਦੇ ਮਜ਼ਦੂਰਾਂ ਲਈ, ਪੰਜਾਬ ਦੇ ਸ਼ਡਿਊਲਡ ਕਾਸਟਾਂ ਲਈ ਆਪਣੀ ਐਮ.ਐਲ.ਏ. ਵਜੋਂ ਇਕ ਮਹੀਨੇ ਦੀ ਤਨਖਾਹ ਪੰਜਾਬ ਦੇ ਖਜ਼ਾਨੇ ਵਿੱਚ ਦਿਆ ਕਰਾਂਗਾ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ)

**ਸਰਦਾਰ ਸੁਖਬੀਰ ਸਿੰਘ ਬਾਦਲ :** ਅਸੀਂ ਸਾਰੇ ਛੱਡਾਂਗੇ, ਤੁਸੀਂ ਰੈਜ਼ੋਲਿਊਸ਼ਨ ਤਾਂ ਲੈ ਕੇ ਆਓ।

**ਮਾਨਯੋਗ ਸਪੀਕਰ :** ਨਾਗਰਾ ਜੀ, ਤੁਸੀਂ ਬੈਠ ਜਾਓ। ਤੁਹਾਡੀ ਗੱਲ ਆ ਗਈ ਹੈ। (ਵਿਘਨ, ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਅਖੀਰ ਵਿੱਚ ਮੈਂ ਆਪਣੇ ਹਲਕੇ ਵਾਸਤੇ ਖਜ਼ਾਨਾ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ...

**ਮਾਨਯੋਗ ਸਪੀਕਰ :** ਹੋ ਗਿਆ, ਹੁਣ ਤੁਸੀਂ ਬੈਠ ਜਾਓ। ਪ੍ਰੋਫੈਸਰ ਬਲਜਿੰਦਰ ਕੌਰ। (ਵਿਘਨ, ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਸਿਰਫ਼ ਦੋ ਲਾਈਨਾਂ ਮੈਂ ਖਜ਼ਾਨਾ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਬੈਠੋ ਜੀ। ਸੁਖਬੀਰ ਬਾਦਲ ਜੀ, ਪਲੀਜ਼ ਬੈਠੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਤੁਹਾਡੀ ਗੱਲ ਹੋ ਗਈ ਹੈ। ਬੈਠ ਜਾਓ। ਨਾਗਰਾ ਜੀ, ਬੈਠ ਜਾਓ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਸਿਰਫ਼ ਦੋ ਲਾਈਨਾਂ ਕਹਿਣੀਆਂ ਹਨ, ਪਲੀਜ਼।

**ਮਾਨਯੋਗ ਸਪੀਕਰ:** ਸੁਖਬੀਰ ਸਿੰਘ ਜੀ, ਤੁਸੀਂ ਬਾਅਦ ਵਿਚ ਬੋਲ ਲੈਣਾ। ਪ੍ਰੋਫੈਸਰ ਬਲਜਿੰਦਰ ਕੌਰ ਜੀ, ਤੁਸੀਂ ਵੀ ਬੈਠੋ, ਪਲੀਜ਼। ਨਾਗਰਾ ਜੀ, ਦੱਸੋ ਤੁਹਾਡੀ ਹੁਣ ਕੀ ਗੱਲ ਰਹਿੰਦੀ ਹੈ ?

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਮੈਂ ਖਜ਼ਾਨਾ ਮੰਤਰੀ

ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਬੜਾ ਵਧੀਆ ਬਜਟ ਪੇਸ਼ ਕੀਤਾ ਹੈ। ਖਜ਼ਾਨਾ ਮੰਤਰੀ ਸਾਹਿਬ, ਫਤਹਿਗੜ੍ਹ ਸਾਹਿਬ ਇਕ ਪਵਿੱਤਰ ਧਰਤੀ ਹੈ। ਮੈਂ ਮੁੱਖ ਮੰਤਰੀ ਸਾਹਿਬ ਨਾਲ ਵੀ ਗੱਲ ਕੀਤੀ ਸੀ, ਉਹ ਮੰਨੇ ਹਨ ਅਤੇ ਤੁਸੀਂ ਵੀ ਮੰਨੇ ਸੀ। ਉਥੇ ਪਿਛਲੇ 10 ਸਾਲਾਂ ਦੌਰਾਨ ਡਿਸਟ੍ਰਿਕਟ ਹੈਡਕੁਆਰਟਰ ਤੇ ਬੱਸ ਸਟੈਂਡ ਨਹੀਂ ਬਣ ਸਕਿਆ। ਕਿਰਪਾ ਕਰਕੇ ਇਹ ਬਣਾ ਦਿਉ। ਇਥੇ ਹੁਣ ਟੂਰਿਜ਼ਮ ਮਨਿਸਟਰ ਸਿੱਧੂ ਸਾਹਿਬ ਬੈਠੇ ਨਹੀਂ ਹਨ। ਸਪੀਕਰ ਸਾਹਿਬ, ਮੈਂ ਇਕ ਹਿਸਟੌਰੀਕਲ ਰਿਲੀਜੀਅਸ ਟੂਰਿਸਟ ਸਰਕਟ ਵਾਸਤੇ ਅਪਲਾਈ ਕੀਤਾ ਹੈ। ਇਕ ਡਿਗਰੀ ਕਾਲਜ ਅਤੇ ਸਰਹੰਦ-ਲਾਂਡਰਾਂ ਰੋਡ ਨੂੰ ਚਾਰ-ਮਾਰਗੀ ਕਰਨਾ ਹੈ ਅਤੇ ਇੰਡਸਟਰੀਅਲ ਹੱਬ ਵੀ ਬਣਾਉਣਾ ਹੈ....

**ਮਾਨਯੋਗ ਸਪੀਕਰ:** ਇਹ ਬਜਟ ਤੇ ਬਹਿਸ ਹੈ। ਬੈਠ ਜਾਓ, ਪਲੀਜ਼। ਤੁਸੀਂ ਆਪਣੀ ਗੱਲ ਕਹਿ ਦਿੱਤੀ ਹੈ। ਸਰਦਾਰ ਸੁਖਬੀਰ ਬਾਦਲ ਜੀ ਖੜ੍ਹੇ ਹਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਆਮ ਆਦਮੀ ਪਾਰਟੀ ਦੇ ਪ੍ਰੋਫੈਸਰ ਬਲਜਿੰਦਰ ਕੌਰ ਆਪਣੀਆਂ ਸੀਟਾਂ ਤੇ ਬੋਲਣ ਲਈ ਖੜ੍ਹੇ ਸਨ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਰਦਾਰ ਕੁਲਜੀਤ ਸਿੰਘ ਨਾਗਰਾ ਬਿਨਾਂ ਆਗਿਆ ਤੋਂ ਬੋਲ ਰਹੇ ਸਨ, ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਰਦਾਰ ਕੁਲਜੀਤ ਸਿੰਘ ਨਾਗਰਾ:** ਮੈਂ ਇਸ ਗੱਲ ਦੇ ਨਾਲ ਤੁਹਾਡਾ ਧੰਨਵਾਦ ਕਰਦਾ ਹੋਇਆ ਫਤਹਿ ਬੁਲਾਉਂਦਾ ਹਾਂ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।

**ਮਾਨਯੋਗ ਸਪੀਕਰ:** ਨਾਗਰਾ ਜੀ, ਇਹ ਕੋਈ ਤਰੀਕਾ ਨਹੀਂ ਹੈ। ਬੈਠ ਜਾਓ। ਬਾਕੀ ਵੀ ਸਾਰੇ ਬੈਠੋ। ਪ੍ਰੋਫੈਸਰ ਸਾਹਿਬ, ਤੁਸੀਂ ਵੀ ਇਕ ਮਿੰਟ ਲਈ ਬੈਠੋ। (ਸਰਦਾਰ ਕੁਲਜੀਤ ਸਿੰਘ ਨਾਗਰਾ ਵਲੋਂ ਵਿਘਨ) Nagra Ji, please behave properly. ਸਰਦਾਰ ਸੁਖਬੀਰ ਸਿੰਘ ਬਾਦਲ ਜੀ।

**Sardar Sukhbir Singh Badal:** Speaker Sahib, I want to make a point. ਬਹੁਤ ਕਾਬਲ ਮੈਂਬਰ ਸਾਹਿਬ ਨੇ ਬੜੇ ਵਧੀਆ ਸੁਜੈਸ਼ਨਜ਼ ਦਿੱਤੇ ਹਨ। ਇਕ ਤਾਂ ਹਾਊਸ ਵਿਚ ਜੋ ਸਾਰੇ ਐਮ.ਐਲ.ਏਜ਼ ਹਨ, ਉਹ ਆਪਣੀਆਂ ਸਬਸਿਡੀਆਂ ਛੱਡਣ। From Akali Dal side, I assure you, ਇਹ ਬਿਲ ਲੈ ਕੇ ਆਉਣ, we will support it. (ਸ਼੍ਰੋਮਣੀ ਅਕਾਲੀ ਦਲ ਵਲੋਂ ਥੰਪਿੰਗ) ਜੋ ਇਨ੍ਹਾਂ ਨੇ ਕਿਹਾ ਹੈ, ਮੈਂ ਸ਼੍ਰੋਮਣੀ ਅਕਾਲੀ ਦਲ ਵਲੋਂ ਕਹਿ ਰਿਹਾ ਹਾਂ ਕਿ ਜਿੰਨੇ

[ ਸਰਦਾਰ ਸੁਖਬੀਰ ਸਿੰਘ ਬਾਦਲ ]

ਵੀ ਅਸੀਂ ਹਾਂ, ਸਾਡੀ ਸਾਰੀ ਸੈਲਰੀ, ਜਿੰਨੀ ਵੀ ਸੈਲਰੀ ਹੈ, ਗਰੀਬਾਂ ਵਿੱਚ ਵੰਡਣ ਵਾਸਤੇ ਬਿਲ ਲੈ ਕੇ ਆਉਣ। ਸਾਡੇ ਸਾਰੇ ਹੀ ਐਮ.ਐਲ.ਏਜ਼ ਆਪਣੀ ਸੈਲਰੀ ਅਤੇ ਪੈਨਸ਼ਨ ਦੇਣ ਨੂੰ ਤਿਆਰ ਹਨ, ਇਹ ਬਿਲ ਲੈ ਕੇ ਆਉਣ। ਤੁਸੀਂ ਬਿਲ ਲੈ ਕੇ ਆਓ, ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ, ਇਹ ਬੜਾ ਕਮਾਲ ਦਾ ਬੰਦਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਹ ਕਰਵਾ ਦਿੱਤਾ ਜਾਵੇ।(ਵਿਘਨ, ਸ਼ੋਰ)

**ਸਰਦਾਰ ਕੁਸ਼ਲਦੀਪ ਸਿੰਘ ਢਿੱਲੋਂ:** ** **

**Mr. Speaker :** No point of order. ਪ੍ਰੋਫੈਸਰ ਬਲਜਿੰਦਰ ਕੌਰ, ਤੁਸੀਂ ਬੋਲੋ।

**Professor Baljinder Kaur (Talwandi Sabo) :** Thank you, ਸਪੀਕਰ ਸਾਹਿਬ। ਦੋ-ਤਿੰਨ ਇੰਪਾਰਟੈਂਟ ਪੁਆਇੰਟਸ ਹਨ, ਜਿਹੜੇ ਬਜਟ ਵਿਚ ਡਿਸਕਸ ਕੀਤੇ ਗਏ ਹਨ। ਮੇਰਾ ਖਿਆਲ ਹੈ ਕਿ ਉਨ੍ਹਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਸੀ ਪਰ ਉਨ੍ਹਾਂ ਨੂੰ ਟੋਟਲੀ ਇਗਨੋਰ ਕੀਤਾ ਗਿਆ ਹੈ। ਮੈਂ ਇਨ੍ਹਾਂ ਦਾ ਜ਼ਰੂਰ ਜ਼ਿਕਰ ਕਰਨਾ ਚਾਹਾਂਗੀ। ਸਭ ਤੋਂ ਪਹਿਲਾਂ ਜੇ ਅਸੀਂ ਗੱਲ ਕਰੀਏ ਕਿ ਅਸੀਂ ਉਸ ਪੰਜਾਬ ਦਾ ਹਿੱਸਾ ਹਾਂ, ਜਿਹੜਾ ਪੰਜਾਬ ਕਦੇ ਪੰਜ ਦਰਿਆਵਾਂ ਦੀ ਧਰਤੀ ਕਹਾਉਂਦਾ ਸੀ ਪਰ ਅਫ਼ਸੋਸ ਕਿ ਅੱਜ ਉਸ ਪੰਜਾਬ ਦੀ ਧਰਤੀ ਤੇ ਛੇਵਾਂ ਹੜ੍ਹ ਜਿਹੜਾ ਹੈ, ਉਹ ਨਸ਼ਿਆਂ ਦਾ ਵਗਿਆ ਹੋਇਆ ਹੈ। ਜੇ ਮੈਂ ਗੱਲ ਕਰਾਂ ਤਾਂ ਅਸੀਂ ਉਸ ਪੰਜਾਬ ਦਾ ਹਿੱਸਾ ਹਾਂ, ਜਿਹੜੇ ਪੰਜਾਬ ਦੀ ਸਵੇਰ ਕਦੇ ਗੁਰੂ ਘਰਾਂ ਦੇ ਸਪੀਕਰਾਂ ਦੇ ਵਿਚੋਂ ਗੁਰਬਾਣੀ ਦੀ ਗੂੰਜ ਨਾਲ ਸ਼ੁਰੂ ਹੋਇਆ ਕਰਦੀ ਸੀ। ਅਸੀਂ ਉਸ ਪੰਜਾਬ ਦਾ ਹਿੱਸਾ ਹਾਂ ਜਿਹੜੇ ਪੰਜਾਬ ਦਾ ਕਿਸਾਨ ਦੁਨੀਆ ਦਾ ਅੰਨਦਾਤਾ ਕਹਾਉਂਦਾ ਸੀ ਅਤੇ ਦੇਸ਼ ਦੇ ਲੋਕਾਂ ਦਾ ਢਿੱਡ ਭਰਦਾ ਸੀ। ਜੇ ਮੈਂ ਗਲਤ ਨਹੀਂ ਹਾਂ ਤਾਂ ਜਿੰਨੇ ਵੀ ਅਸੀਂ ਅੱਜ ਇਸ ਪਵਿੱਤਰ ਸਦਨ ਵਿਚ ਬੈਠੇ ਹਾਂ, ਅਸੀਂ ਵੀ ਉਸ ਅੰਨਦਾਤੇ ਦੀ ਬਦੌਲਤ ਬੈਠੇ ਹਾਂ ਪਰ ਅਫ਼ਸੋਸ ਕੱਲ੍ਹ ਜਦੋਂ ਬਜਟ ਪੇਸ਼ ਕੀਤਾ ਗਿਆ ਤਾਂ ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ ਸਾਹਿਬ ਦੀਆਂ ਆਪਣੀਆਂ ਸਟੇਟਮੈਂਟਸ ਸਨ ਕਿ ਕਿਸਾਨਾਂ ਦੇ ਸਿਰ 80,000 ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਹੈ। ਸਪੀਕਰ ਸਾਹਿਬ, ਜਿਹੜੀ ਅਮਾਊਂਟ ਇਸ ਵਾਸਤੇ ਦਿੱਤੀ ਗਈ, ਉਹ ਸਿਰਫ 1500 ਕਰੋੜ ਰੁਪਏ ਹੈ। ਜੇਕਰ ਇਹ ਮਜ਼ਾਕ ਨਹੀਂ ਹੈ ਤਾਂ ਹੋਰ ਕੀ ਹੈ? ਇਕ ਪਾਸੇ ਤਾਂ ਕਹਿ ਰਹੇ ਹਨ ਕਿ ਅਸੀਂ 21,000 ਕਰੋੜ ਰੁਪਿਆ ਕਿਸਾਨਾਂ ਨੂੰ ਦੇਵਾਂਗੇ ਪਰ ਦੂਸਰੀ ਸਾਈਡ ਇਸ

** Expunged as ordered by the Chair.

ਪਵਿੱਤਰ ਸਦਨ ਦੇ ਵਿਚ ਹੀ ਉਨ੍ਹਾਂ ਕਿਸਾਨਾਂ ਦੇ ਨਾਲ ਮਜ਼ਾਕ ਕੀਤਾ ਗਿਆ। ਮੈਂ ਸਮਝਦੀ ਹਾਂ ਕਿ ਇਹ ਇਸ ਸਰਕਾਰ ਦੇ ਸਿਰ ਤੇ ਬਹੁਤ ਵੱਡਾ ਇਕ ਕਲੰਕ ਹੈ ਕਿਉਂਕਿ ਜੋ ਕਿਹਾ ਸੀ, ਉਸ ਤੋਂ ਸਰਕਾਰ ਇਸ ਪਵਿੱਤਰ ਸਦਨ ਦੇ ਵਿੱਚ ਮੁਨਕਰ ਹੋਈ ਹੈ। ਜੇਕਰ ਸਹੀ ਮਾਅਨਿਆਂ ਵਿਚ ਉਨ੍ਹਾਂ ਕਿਸਾਨਾਂ ਦੀ ਕਰਜ਼ਾ ਮੁਆਫੀ ਦੀ ਗੱਲ ਕਰਨੀ ਸੀ ਤਾਂ ਕਿਉਂ ਨਹੀਂ ਪਰਮਾਨੈਂਟ ਬੇਸਿਜ਼ ਤੇ ਸਵਾਮੀਨਾਥਨ ਰਿਪੋਰਟ ਦੇ ਮੁਤਾਬਿਕ ਬਜਟ ਐਲੋਕੇਸ਼ਨ ਕੀਤੀ ਗਈ?

ਪੰਜਾਬ ਦੀ ਧਰਤੀ ਉਹ ਧਰਤੀ ਹੈ ਜਿਥੇ ਸਾਡੀ ਮਾਂ, ਔਰਤ ਦਾ ਦਰਜਾ ਬਹੁਤ ਉੱਪਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ –

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਜਦੋਂ ਮਾਨਯੋਗ ਮੁੱਖ ਮੰਤਰੀ ਜੀ ਜ਼ਿਕਰ ਕਰ ਰਹੇ ਸੀ ਕਿ ਲੜਕੀਆਂ ਦੀ ਨਰਸਰੀ ਤੋਂ ਪੀ.ਐਚ.ਡੀ. ਤੱਕ ਦੀ ਐਜੂਕੇਸ਼ਨ ਮੁਫ਼ਤ ਕਰ ਦਿੱਤੀ, ਮੇਰਾ ਦਿਲ ਕੀਤਾ ਕਿ ਮੈਂ ਉਸੇ ਵੇਲੇ ਇਨ੍ਹਾਂ ਨੂੰ ਵਧਾਈ ਦੇਵਾਂ ਪਰ ਜਦੋਂ ਮੈਂ ਬਜਟ ਦੇਖਿਆ ਤਾਂ ਮੈਨੂੰ ਕਿਤੇ ਵੀ ਇਸ ਫ਼ਰੀ ਐਜੂਕੇਸ਼ਨ ਬਾਰੇ ਕੋਈ ਐਲੋਕੇਸ਼ਨ ਦਿਖਾਈ ਨਹੀਂ ਦਿੱਤੀ। ਦੁੱਖ ਇਸ ਗੱਲ ਦਾ ਹੈ ਕਿ ਜੋ ਪਹਿਲਾਂ ਅਕਾਲੀ ਦਲ ਵੇਲੇ ਰੀਤ ਸੀ, ਉਹੀ ਰੀਤ ਹੁਣ ਕਾਂਗਰਸ ਨੇ ਤੋਰ ਦਿੱਤੀ ਹੈ। ਜਿਹੜੀਆਂ ਗੱਲਾਂ ਕਹੀਆਂ ਗਈਆਂ ਹਨ ਕਿਤੇ ਉਹ ਇਸ ਸਦਨ ਦੇ ਰੋਜ਼ ਦੇ ਕੰਮਾਂ-ਕਾਜ਼ਾਂ ਦਾ ਹਿੱਸਾ ਹੀ ਨਾ ਬਣ ਕੇ ਰਹਿ ਜਾਣ।

ਸਪੀਕਰ ਸਾਹਿਬ, ਜਿੰਨੀਆਂ ਵੀ ਐਸਿਡ ਵਿਕਟਮਜ਼ ਹਨ, ਉਨ੍ਹਾਂ ਬਾਰੇ ਕਿਹਾ ਗਿਆ ਹੈ ਕਿ ਇਸ ਬਜਟ ਵਿਚ 8,000/- ਰੁਪਏ ਪ੍ਰਤੀ ਮਹੀਨੇ ਦੀ ਐਲੋਕੇਸ਼ਨ ਹੈ। ਐਸਿਡ ਵਿਕਟਮਜ਼ ਉਹ ਹੁੰਦੇ ਹਨ ਜਿਨ੍ਹਾਂ ਦੀ ਪੂਰੀ ਜ਼ਿੰਦਗੀ ਉਸ ਵੇਲੇ ਚਲੀ ਜਾਂਦੀ ਹੈ ਜਦੋਂ ਉਨ੍ਹਾਂ ਤੇ ਤੇਜ਼ਾਬ ਸੁੱਟ ਦਿੱਤਾ ਜਾਂਦਾ ਹੈ ਪਰ ਦੁੱਖ ਉਸ ਵੇਲੇ ਹੁੰਦਾ ਹੈ ਜਦੋਂ ਇਸ ਮੌਜੂਦਾ ਸਰਕਾਰ ਨੇ ਉਨ੍ਹਾਂ ਬਾਰੇ ਕੋਈ ਗੌਰ ਨਹੀਂ ਕੀਤੀ। ਆਈ.ਪੀ.ਸੀ. ਦੇ ਅਧੀਨ ਆਲਰੇਡੀ 3 ਲੱਖ ਰੁਪਏ ਦੀ ਅਮਾਊਂਟ ਮੈਂਸ਼ਨ ਹੈ।

**ਮਾਨਯੋਗ ਸਪੀਕਰ:** ਪ੍ਰੋਫੈਸਰ ਸਾਹਿਬ, ਤੁਹਾਡਾ ਟਾਈਮ ਹੋ ਗਿਆ।

**Professor Baljinder Kaur :** I am just winding up. ਤਲਵੰਡੀ ਸਾਬੋ ਉਹ ਮਹਾਨ ਧਰਤੀ ਹੈ, ਜਿਥੇ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਪਵਿੱਤਰ ਸਰੋਵਰ ਵਿਚ ਕਲਮਾਂ ਭੇਂਟ ਕਰਕੇ ਉਸ ਧਰਤੀ ਨੂੰ ਗੁਰੂ ਦੀ ਕਾਸ਼ੀ ਕਹਿ ਕੇ ਵਿੱਦਿਆ

[ ਪ੍ਰੋਫੈਸਰ ਬਲਜਿੰਦਰ ਕੌਰ ]

ਦਾ ਵਰਦਾਨ ਦਿੱਤਾ। ਉਥੇ ਇਕ ਨੈਸ਼ਨਲ ਆਰਗੇਨਾਈਜੇਸ਼ਨ ਦੀ ਇਨਐਗੋਰੇਸ਼ਨ ਕੀਤੀ ਜਾ ਰਹੀ ਹੈ ਪਰ ਸਾਨੂੰ ਇਸ ਵੇਲੇ ਲੈਂਗੁਏਜ ਡਿਪਾਰਟਮੈਂਟ ਜਿਹੜਾ ਕਿ ਭਾਸ਼ਾ ਵਿਭਾਗ ਦੇ ਅਧੀਨ ਪਟਿਆਲਾ ਵਿਖੇ ਚੱਲ ਰਿਹਾ ਹੈ, ਉਸ ਤੇ ਧਿਆਨ ਦੇਣ ਦੀ ਲੋੜ ਹੈ। ਸਾਨੂੰ ਨਵੀਆਂ ਬਿਲਡਿੰਗਾਂ ਉਸਾਰਨ ਦੀ ਥਾਂ ਭਾਸ਼ਾ ਵਿਭਾਗ ਤੇ ਧਿਆਨ ਦੇਣ ਦੀ ਲੋੜ ਹੈ। ਅਫ਼ਸੋਸ ਦੀ ਗੱਲ ਹੈ ਕਿ ਮੁੱਖ ਮੰਤਰੀ ਸਾਹਿਬ ਇਥੇ ਬੈਠੇ ਨਹੀਂ ਹਨ, ਮੈਂ ਉਨ੍ਹਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦੀ ਹਾਂ ਕਿ ਸਾਲ 2007 ਵਿੱਚ ਉਹ ਉਸੇ ਧਰਤੀ ਤੇ ਆਪਣੇ ਬਜ਼ੁਰਗਾਂ ਦੇ ਨਾਂ ਤੇ ਯਾਦਵਿੰਦਰਾ ਕਾਲਜ ਖੋਲ੍ਹਣ ਦਾ ਵਾਅਦਾ ਕਰਕੇ ਆਏ ਸੀ ਪਰ ਮੇਰਾ ਖਿਆਲ ਹੈ ਕਿ ਉਹ ਬਿਲਡਿੰਗ ਹਾਲੇ ਵੀ ਅਧੂਰੀ ਪਈ ਹੈ।

**ਮਾਨਯੋਗ ਸਪੀਕਰ:** ਧੰਨਵਾਦ ਡਾਕਟਰ ਸਾਹਿਬ, ਸ਼੍ਰੀ ਪਵਨ ਕੁਮਾਰ ਟੀਨੂ ਜੀ।

**ਪ੍ਰੋਫੈਸਰ ਬਲਜਿੰਦਰ ਕੌਰ:** ਸਪੀਕਰ ਸਾਹਿਬ, ਇਕ ਮਿੰਟ ਜੀ। ਮੁੱਖ ਮੰਤਰੀ ਸਾਹਿਬ ਨੇ ਆਪਣੀ ਸਪੀਚ ਵਿਚ ਰਾਬਰਟ ਫਰੋਸਟ ਦੀਆਂ ਕੁਝ ਲਾਈਨਾਂ ਕੋਟ ਕੀਤੀਆਂ ਸਨ ਕਿ –

The woods are lovely, dark and deep.

But I have promises to keep and miles to go before I sleep.

**ਮਾਨਯੋਗ ਸਪੀਕਰ:** ਬੈਠੋ... ਬੈਠੋ, ਡਾਕਟਰ ਸਾਹਿਬ। ਸ਼੍ਰੀ ਪਵਨ ਕੁਮਾਰ ਟੀਨੂ ਜੀ।

**ਪ੍ਰੋਫੈਸਰ ਬਲਜਿੰਦਰ ਕੌਰ :** ਮੇਰਾ ਖਿਆਲ ਹੈ ਕਿ ਜੇਕਰ ਅਸੀਂ ਇਹ ਲਾਈਨਾਂ ਕੋਟ ਕਰਦੇ ਹਾਂ ਤਾਂ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਪੰਜਾਬ ਲਈ ਕੁਝ ਚੰਗਾ ਕਰੀਏ। ਧੰਨਵਾਦ, ਸਪੀਕਰ ਸਾਹਿਬ।

**ਸ਼੍ਰੀ ਪਵਨ ਕੁਮਾਰ ਟੀਨੂ (ਆਦਮਪੁਰ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਾਡੇ ਮਾਨਯੋਗ ਢੀਂਡਸਾ ਸਾਹਿਬ ਦੱਸ ਕੇ ਗਏ ਹਨ ਕਿ ਕਿਸਾਨਾਂ ਨਾਲ ਜੋ ਧੋਖਾ ਹੋਇਆ ਹੈ, ਮੈਂ ਉਸ ਨੂੰ ਦੁਹਰਾਉਣਾ ਨਹੀਂ ਚਾਹੁੰਦਾ। ਇਸ ਨਾਲ ਕਿਸਾਨ ਦਾ ਨੁਕਸਾਨ ਹੋ ਰਿਹਾ ਹੈ, ਉਹ ਖੁਦਕੁਸ਼ੀਆਂ ਕਰ ਰਿਹਾ ਹੈ ਪਰ ਇਸ ਦੇ ਨਾਲ ਨਾਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਖੇਤ ਮਜ਼ਦੂਰ ਹੈ, ਦਲਿਤ ਹੈ, ਉਸ

ਬਾਰੇ ਪੰਜਾਬ ਯੂਨੀਵਰਸਿਟੀ ਦੀ ਇਕ ਸਟੱਡੀ ਹੈ ਕਿ 40 ਫੀਸਦੀ ਦਲਿਤਾਂ ਨੇ ਆਰਥਿਕ ਹਾਲਾਤਾਂ ਦੀ ਤੰਗੀ ਕਰਕੇ ਖੁਦਕੁਸ਼ੀ ਕੀਤੀ ਹੈ। ਉਨ੍ਹਾਂ ਵਾਸਤੇ ਸਰਕਾਰ ਨੇ ਕੋਈ ਫੰਡ ਨਹੀਂ ਰੱਖਿਆ ਜਦੋਂ ਕਿ ਇਹ ਜਿਹੜੀ ਸਰਕਾਰ ਮੇਰੇ ਸਾਹਮਣੇ ਬੈਠੀ ਹੈ, ਇਨ੍ਹਾਂ ਦੇ ਇੰਨੇ ਵੱਡੇ ਮੈਂਡੇਟ ਪਿੱਛੇ ਦਲਿਤਾਂ ਦਾ ਬਹੁਤ ਵੱਡਾ ਰੋਲ ਹੈ। ਮਾਨਯੋਗ ਸਪੀਕਰ ਸਾਹਿਬ, ਹੁਣੇ ਹੀ ਨਾਗਰਾ ਜੀ ਬੋਲ ਰਹੇ ਸੀ। ਮੈਨੂੰ ਕਾਂਗਰਸ ਦੀ ਸੋਚ ਦਾ ਪਤਾ ਲੱਗ ਰਿਹਾ ਸੀ। ਪੰਜਾਬ ਅਤੇ ਦੇਸ਼ ਤੇ ਜ਼ਿਆਦਾਤਰ ਕਾਂਗਰਸ ਦਾ ਹੀ ਰਾਜ ਰਿਹਾ ਹੈ। ਇਹ ਕਹਿ ਰਹੇ ਸੀ ਕਿ ਮੈਂ ਆਪਣੀ ਤਨਖਾਹ ਦਲਿਤਾਂ ਦੀ ਭਲਾਈ ਲਈ ਦੇ ਰਿਹਾ ਹਾਂ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ:** ਤੁਸੀਂ ਬਾਅਦ ਵਿੱਚ ਬੋਲ ਲੈਣਾ ਜੀ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਦਲਿਤਾਂ ਨੂੰ, ਪੰਜਾਬ ਦੇ ਸ਼ਡਿਊਲਡ ਕਾਸਟਾਂ ਨੂੰ ਕਿਸੇ ਦੀ ਤਨਖਾਹ ਵਿੱਚੋਂ ਹਿੱਸਾ ਲੈਣ ਦੀ ਲੋੜ ਨਹੀਂ। ਪੰਜਾਬ ਦੇ ਬਜਟ ਤੇ ਸਾਡਾ ਹੱਕ ਹੈ। ਸਾਡੀ 32% ਆਬਾਦੀ ਹੈ। 32% ਦੇ ਹਿਸਾਬ ਨਾਲ.... (ਵਿਘਨ, ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਇੱਕ ਮਿੰਟ ਜੀ।

**ਮਾਨਯੋਗ ਸਪੀਕਰ:** ਨਾਗਰਾ ਜੀ, ਦੱਸੋ, ਕੀ ਕਹਿਣਾ ਹੈ?

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਮੇਰਾ ਨਾਂ ਲੈ ਕੇ ਕਿਹਾ ਹੈ ਕਿ ਨਾਗਰਾ ਜੀ ਨੇ ਕਿਹਾ ਮੈਂ ਆਪਣੀ ਇੱਕ ਦਿਨ ਦੀ ਤਨਖਾਹ ਦਿਆਂਗਾ । ਮੇਰੀ ਤੁਹਾਡੇ ਕੋਲ ਰਿਕਾਰਡਿੰਗ ਪਈ ਹੈ ਅਤੇ ਇਥੇ ਲਿਖਿਆ ਵੀ ਗਿਆ ਹੈ। ਮੈਂ ਕਿਹਾ ਹੈ ਕਿ ਪੰਜਾਬ ਦੇ ਕਿਸਾਨਾਂ ਲਈ, ਮਜ਼ਦੂਰਾਂ ਲਈ, ਸ਼ਡਿਊਲਡ ਕਾਸਟਾਂ ਲਈ, ਗਰੀਬਾਂ ਲਈ, ਆਪਣੀ ਸ਼ਬਦਾਵਲੀ ਦੇ ਵਿੱਚ ਸਾਰੇ ਪੰਜਾਬ ਨੂੰ ਸਮੋਵੋ। ਕਿਰਪਾ ਕਰਕੇ ਬੇਨਤੀ ਹੈ ਕਿ ਤੁਸੀਂ ਇਸ ਨੂੰ ਇਸ ਤਰੀਕੇ ਨਾਲ ਨਾ ਲਓ।

**ਮਾਨਯੋਗ ਸਪੀਕਰ:** ਤੁਸੀਂ ਸਲਾਹ ਨਾ ਦਿਓ, ਬੈਠੋ ਨਾਗਰਾ ਜੀ। ਹਾਂ ਜੀ, ਟੀਨੂ ਜੀ ਇੱਧਰ ਦੇਖੋ, ਤੁਸੀਂ ਬੋਲੋ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਇਸ ਦੇਸ਼ ਤੇ ਸਭ ਤੋਂ ਜ਼ਿਆਦਾ ਕਾਂਗਰਸ ਪਾਰਟੀ ਨੇ ਰਾਜ ਕੀਤਾ ਹੈ। ਅੱਜ ਕਿਸਾਨਾਂ

[ਸ਼੍ਰੀ ਪਵਨ ਕੁਮਾਰ ਟੀਨੂ]

ਤੇ ਦਲਿਤਾਂ ਵੱਲ ਤਰਸ ਦੀ ਨਜ਼ਰ ਨਾਲ ਦੇਖਣ ਦੀ ਲੋੜ ਨਹੀਂ ਹੈ। ਉਨ੍ਹਾਂ ਨੂੰ ਉਨ੍ਹਾਂ ਦਾ ਹੱਕ ਤਾਂ ਦਿਓ। ਪੰਜਾਬ ਦੇ ਬਜਟ ਵਿੱਚ ਸਾਡਾ ਹਿੱਸਾ ਹੈ। ਜੇ 32% ਜਾਂ 34% ਆਬਾਦੀ ਹੈ ਤਾਂ ਉਸ ਦੇ ਹਿਸਾਬ ਨਾਲ ਸਾਡੀਆਂ ਵੈਲਫੇਅਰ ਸਕੀਮਾਂ ਤੇ, ਸਾਡੀ ਐਜੂਕੇਸ਼ਨ ਤੇ, ਸਾਡੇ ਰੁਜ਼ਗਾਰ ਤੇ ਖਰਚਿਆ ਜਾਵੇ। ਡਾਇਲਾਗਬਾਜ਼ੀ ਵਿੱਚ ਕੀ ਰੱਖਿਆ ਹੈ? ਆਪਸੀ ਲੜਾਈ ਵਿੱਚ ਕੀ ਰੱਖਿਆ ਹੈ? ਮੈਂ ਇਹ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ। ਹੁਣੇ ਇਹ ਭਗਤ ਰਵਿਦਾਸ ਜੀ ਦਾ ਇੱਕ ਸਲੋਕ ਪੜ੍ਹਨਾ ਚਾਹੁੰਦੇ ਸਨ, ਇਨ੍ਹਾਂ ਨੂੰ ਕਹਿਣਾ ਨਹੀਂ ਆਇਆ।(ਸਰਦਾਰ ਕੁਲਜੀਤ ਸਿੰਘ ਨਾਗਰਾ ਵਲੋਂ ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਬੈਠ ਜਾਓ, ਪਲੀਜ਼। Tinu ji, address the Chair.

**ਸ਼੍ਰੀ ਪਵਨ ਕੁਮਾਰ ਟੀਨੂ :** ਉਹ ਸਲੋਕ ਹੈ –

"ਐਸਾ ਚਾਹੂੰ ਰਾਜ ਮੈਂ ਜਹਾ ਮਿਲੇ ਸਭਨ ਕੋ ਅੰਨ,

ਛੋਟ ਬੜੇ ਸਬ ਸਮ ਬਸੇ, ਰਵਿਦਾਸ ਰਹੇ ਪ੍ਰਸੰਨ।" (ਵਿਘਨ, ਸ਼ੋਰ)

ਐਸਾ ਤੰਤਰ ਚਾਹੀਦਾ ਹੈ, ਜਿਥੇ ਕੋਈ ਛੋਟਾ-ਵੱਡਾ ਨਾ ਹੋਵੇ, ਇਕੁਐਲਿਟੀ ਹੋਵੇ, ਕੋਈ ਭੁੱਖਾ-ਨੰਗਾ ਨਾ ਹੋਵੇ । ਤੁਹਾਡੀ ਕਾਂਗਰਸ ਪਾਰਟੀ ਦੇ ਇੰਨਾ ਸਮਾਂ ਰਾਜ ਕਰਨ ਦੇ ਬਾਵਜੂਦ ਇਸ ਦੇਸ਼ ਦੇ ਵਿੱਚ ਲੱਖਾਂ-ਕਰੋੜਾਂ ਲੋਕ ਅੱਜ ਵੀ ਬੇਰੁਜ਼ਗਾਰ ਹਨ, ਅੱਜ ਦੇਸ਼ ਦੇ ਵਿੱਚ ਬਹੁਤ ਲੋਕ ਅਨਪੜ੍ਹ ਹਨ। ਉਨ੍ਹਾਂ ਦੀ ਬਹੁਤ ਬੁਰੀ ਹਾਲਤ ਹੈ।

ਮੈਂ ਬਜਟ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬਜਟ ਦੇ ਪੈਰ੍ਹਾ ਨੰ: 104 ਵਿੱਚ ਕਿਹਾ ਹੈ, ਗਰੀਬਾਂ ਲਈ 2000 ਘਰ ਬਣਾਏ ਜਾਣਗੇ। ਸਪੀਕਰ ਸਾਹਿਬ, ਪੰਜਾਬੀ ਯੂਨੀਵਰਸਿਟੀ ਤੇ ਪੀ.ਏ.ਯੂ ਦੀ ਇੱਕ ਸਟੱਡੀ ਹੈ, ਡਾਕਟਰ ਸੁਖਪਾਲ ਸਿੰਘ ਜੀ ਦੀ ਅਤੇ ਇਕ ਗਮਾਡਾ ਦਾ ਵੀ ਸਰਵੇ ਹੈ ਕਿ ਪਿੰਡਾਂ ਵਿੱਚ 2 ਲੱਖ ਅਤੇ ਸ਼ਹਿਰਾਂ ਵਿੱਚ 10 ਲੱਖ ਟੋਟਲ 12 ਲੱਖ ਲੋਕ ਬੇਘਰੇ ਹਨ ਅਤੇ ਇਹ ਸਾਲ ਵਿੱਚ ਸਿਰਫ 2000 ਘਰ ਬਣਾਉਣਗੇ। ਇਸ ਹਿਸਾਬ ਨਾਲ ਤੁਸੀਂ ਦੇਖ ਲਓ ਕਿ ਇਨ੍ਹਾਂ ਦੇ ਪੰਜ ਸਾਲਾਂ ਵਿੱਚ ਕੇਵਲ 10,000 ਘਰ ਹੀ ਬਨਣਗੇ। ਸਪੀਕਰ ਸਾਹਿਬ, ਪੰਜਾਬ ਦੇ ਤਕਰੀਬਨ 13,000 ਪਿੰਡ ਹਨ, ਜੇਕਰ ਇਹ ਸਾਲ ਦੇ ਸਿਰਫ਼ 2000 ਘਰ ਬਣਾਉਣਗੇ ਤਾਂ ਛੇ ਪਿੰਡਾਂ ਨੂੰ ਛੱਡ ਕੇ ਸੱਤਵੇਂ ਪਿੰਡ ਵਿੱਚ ਇੱਕ ਘਰ ਬਣ ਜਾਇਆ ਕਰੇਗਾ ਅਤੇ ਇਸ ਲਈ ਕੇਵਲ 50 ਕਰੋੜ ਰੁਪਿਆ ਰੱਖਿਆ ਗਿਆ ਹੈ। ਸਪੀਕਰ ਸਾਹਿਬ, 50 ਕਰੋੜ ਰੁਪਏ ਨਾਲ

2000 ਘਰ ਬਣਾਉਣੇ ਹੋਣ ਤਾਂ ਤੁਹਾਨੂੰ ਪਤਾ ਹੈ ਕਿ ਜੇਕਰ ਗਰੀਬ ਨੇ 2 ਮਰਲੇ ਵੀ ਛੱਤਣੇ ਹੋਣ ਤਾਂ ਸਵਾ ਲੱਖ ਰੁਪਏ ਨਾਲ ਕਿਸੇ ਗਰੀਬ ਦਾ ਘਰ ਬਣੇਗਾ। ਫਿਰ ਜ਼ਮੀਨ ਵੀ ਉਸ ਨੂੰ ਲੈ ਕੇ ਦੇਣੀ ਹੈ, ਤੁਸੀਂ ਪਲਾਟਾਂ ਦਾ ਵੀ ਵਾਅਦਾ ਮੈਨੀਫੈਸਟੋ ਵਿੱਚ ਕੀਤਾ ਹੈ। ਮੈਨੀਫੈਸਟੋ ਵਿੱਚ ਬੀ.ਸੀਜ਼ ਨੂੰ ਵੀ ਕਿਹਾ ਹੈ ਕਿ ਅਸੀਂ 100 ਕਰੋੜ ਰੁਪਏ ਦਿਆਂਗੇ। ਮੈਨੀਫੈਸਟੋ ਵਿੱਚ ਐਸ.ਸੀਜ਼ ਨੂੰ ਵੀ ਕਿਹਾ ਹੈ ਕਿ ਅਸੀਂ 100 ਕਰੋੜ ਰੁਪਏ ਦਿਆਂਗੇ। ਮੈਨੀਫੈਸਟੋ ਵਿੱਚ 25 ਲੱਖ ਨੌਕਰੀਆਂ ਦੇਣ ਬਾਰੇ ਵੀ ਕਿਹਾ ਗਿਆ ਹੈ। ਉਹ ਬਜਟ ਵਿੱਚ ਕਿਤੇ ਵੀ ਨਜ਼ਰ ਨਹੀਂ ਆਉਂਦਾ।

ਮਾਨਯੋਗ ਸਪੀਕਰ ਸਾਹਿਬ, ਐਜੂਕੇਸ਼ਨ ਦੀ ਗੱਲ ਕਰਨੀ ਵੀ ਬੜੀ ਜ਼ਰੂਰੀ ਹੈ। ਪੈਰ੍ਹਾ ਨੰ. 46 ਵਿੱਚ ਲਿਖਿਆ ਹੈ ਕਿ Government is fully committed to improve quality of education in every direction. ਇਨ੍ਹਾਂ ਨੇ ਕਿਹਾ ਹੈ ਕਿ ਇਸ ਵਿੱਚ ਅਸੀਂ ਐਨ.ਆਰ.ਆਈਜ਼ ਦੀ ਮਦਦ ਲਵਾਂਗੇ, ਚੰਗੀ ਗੱਲ ਹੈ। ਸਾਡੇ ਐਨ.ਆਰ.ਆਈ. ਭਰਾਵਾਂ ਨੇ ਵਿਦੇਸ਼ਾਂ ਵਿੱਚ ਜਾ ਕੇ ਬੜੀ ਮਿਹਨਤ ਤੇ ਤਰੱਕੀ ਕੀਤੀ ਹੈ। ਕੈਨੇਡਾ, ਅਮਰੀਕਾ ਵਿੱਚ ਜਾ ਕੇ ਤਰੱਕੀ ਕੀਤੀ ਹੈ। ਰਾਜਨੀਤੀ ਵਿੱਚ ਵੀ, ਐਗਰੀਕਲਚਰ ਵਿੱਚ ਵੀ, ਬਿਜ਼ਨੈਸ ਵਿੱਚ ਵੀ ਬੜੀ ਤਰੱਕੀ ਕੀਤੀ ਹੈ, ਸਾਡੇ ਪੰਜਾਬ ਦਾ ਨਾਂ ਬਣਾਇਆ ਹੈ। ਸਾਡੇ ਪੰਜਾਬੀਆਂ ਦੀ ਇੱਕ ਰਵਾਇਤ ਹੈ ਕਿ ਅਸੀਂ ਬਾਹਰੋਂ ਆਏ ਬੰਦੇ ਦਾ, ਆਪਣੇ ਭਰਾ ਦਾ ਜਾਂ ਕੋਈ ਵੀ ਦੂਰੋਂ ਰਿਸ਼ਤੇਦਾਰ ਆਉਂਦਾ ਹੈ, ਉਸ ਨੂੰ ਬੜੀ ਇੱਜ਼ਤ ਦਿੰਦੇ ਹਾਂ। ਆਪਾਂ ਉਸ ਦਾ ਮਾਣ ਸਨਮਾਣ ਕਰਦੇ ਹਾਂ, ਚਾਹ ਪਿਲਾਉਂਦੇ ਹਾਂ।

**ਮਾਨਯੋਗ ਸਪੀਕਰ:** ਹੁਣ, ਸਦਨ ਵੀਰਵਾਰ, ਮਿਤੀ 22 ਜੂਨ, 2017 ਦੇ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ।

| | |
|---|---|
| *3.00 ਵਜੇ ਬਾਅਦ ਦੁਪਹਿਰ) | (*ਇਸ ਉਪਰੰਤ ਸਦਨ ਵੀਰਵਾਰ, ਮਿਤੀ 22 ਜੂਨ, 2017 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।) |

-----

© 2017

ਪ ਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਿ ਤ ਅਤੇ ਕ ਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪ ਜਾਬ, ਚ ਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ (ਮੁਹਾਲੀ) ਵਿਖੇ ਟਾਈਪਸੈਟ ਕਰਵਾ ਕੇ ਛਾਪੀ ਗਈ।

9484/06-2017/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ